
read more on:
www.parwazparkashan.com

ISSN 2321- 4449

41

# ਕਹਾਣੀ ਧਾਰਾ

ਅਪ੍ਰੈਲ-ਜੂਨ,2016 ਮੁੱਲ : 40/-



Year:11 Issue No.41
'KAHANI DHARA'(PUNJABI QUARTERLY) Aril-Jun,2016 R.N.I. Regd No. PUN PUN 2006/19971

ਪਰਵਾਜ਼ ਪ੍ਰਕਾਸ਼ਨ
Parwaz Parkashan



*ਅਪ੍ਰੈਲ-ਜੂਨ,2016 ਅੰਕ :41*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

**e-mail:**
kahanidhara@gmail.com
bhagwantrasulpuri@gmail.com

## ਸੰਪਾਦਕ
## ਭਗਵੰਤ ਰਸੂਲਪੁਰੀ

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,
10 ਅੰਕ: ਡਾਲਰ:40, ਤੇ ਪੌਂਡ: 35
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਅਪ੍ਰੈਲ, 2016)

Titel :Tribal Painting By Subhash Singh Vyam,Bhopal

# ਤਰਤੀਬ

**ਸੰਪਾਦਕੀ**
ਸਾਹਿਤਕ ਸੰਸਥਾਵਾਂ ਦੇ ਨਿਘਾਰ ਨੂੰ ਨਿਹਾਰਦਿਆਂ-2
**ਕਹਾਣੀਆਂ**
1.ਸੁਰਾਪ੍ਰਭਾ/-ਮਨਮੋਹਨ ਬਾਵਾ-5
2.ਲਵ ਸਟੋਰੀ 'ਚ ਗ਼ਰੀਬੀ ਦਾ ਮਸਲਾ/ -ਪਰਗਟ ਸਿੰਘ ਸਤੌਜ-10
3. ਘੀਚਰ/-ਗੁਰਿੰਦਰ ਸਿੰਘ ਕਲਸੀ-20
4.ਰੂਹ ਦੇ ਹਾਣੀ /- ਲਖਵੀਰ ਸਿੰਘ -29
5.ਲੋਅ ਤੋਂ ਸੱਖਣਾ ਦੀਵਾ/ -ਰਘਬੀਰ ਸਿੰਘ ਮਾਨਾਂਵਾਲੀ-34
6.ਮੁੜ ਗਵਾਚੀ ਕਥਾ/-ਵਿਪਨ ਕੁਮਾਰ-46
**ਆਲੋਚਨਾ**
1.ਮਰਦਾਨੇ ਦੇ ਅੰਤਰਮਨ ਦੀ ਗਾਥਾ: ਬੋਲ ਮਰਦਾਨਿਆ/ -ਡਾ. ਗੁਰਮੇਲ ਸਿੰਘ-49
2.ਸਮਾਜਿਕ ਸਰੋਕਾਰਾਂ ਦਾ ਬਿਰਤਾਂਤ : ਅੰਤਹੀਣ/-ਲਕਸ਼ਮੀ ਨਰਾਇਣ ਭੀਖੀ -56
3. ਮਹਿੰਦਰ ਸਿੰਘ ਤਤਲਾ ਦਾ ਕਥਾ ਸੰਸਾਰ-ਹੁਣ ਤੂੰ ਗੱਲ ਨਾ ਕਰੀਂ /- ਡਾ. ਮਿਨਾਕਸ਼ੀ -61
4. ਵਿਲੱਖਣ ਬਿਰਤਾਂਤ ਦੀ ਬਾਤ ਪਾਉਂਦਾ 'ਸਮੁੰਦਰ ਦਾ ਆਦਮੀ'/ -ਡਾ. ਗੁਲਜ਼ਾਰ ਸਿੰਘ ਪੰਧੇਰ-66
5. 'ਲਾਹੇ ਹੋਏ' ਸੰਸਾਰਕ ਪੱਧਰ ਦੇ ਮਾਨਵੀ ਸਰੋਕਾਰਾਂ ਨਾਲ ਜੂਝਦੀਆਂ ਕਹਾਣੀਆਂ / - ਰਵਿੰਦਰ ਸਿੰਘ ਸੰਧੂ-69
6. ਹਾਸ਼ੀਏ ਤੋਂ ਪਾਰ ਵਿਚਰਦੀਆਂ ਧਿਰਾਂ ਦਾ ਪ੍ਰਵਚਨ'ਬਿੱਲੀਆਂ ਅੱਖਾਂ ਦਾ ਜਾਦੂ'/ -ਡਾ.ਪਰਗਟ ਸਿੰਘ-72
7. ਜਾਤੀ ਪੀੜਾ ਦਾ ਰੁਦਨ ਕੁਵੇਲੇ ਤੁਰਿਆ ਪਾਂਧੀ/ -ਡਾ. ਅੰਮ੍ਰਿਤਪਾਲ ਕੌਰ-78
**ਜਨ ਬੋਧ**
ਅਸਹਿਣਸ਼ੀਲਾ ਅਤੇ ਪੰਜਾਬੀ ਲੇਖਕ-81

**ਪੁਸਤਕ ਰੀਵਿਊ**-90

**ਹੁੰਗਾਰਾ**-94



**ਸੰਪਾਦਕੀ**

# ਸਾਹਿਤਕ ਸੰਸਥਾਵਾਂ ਦੇ ਨਿਘਾਰ ਨੂੰ ਨਿਹਾਰਦਿਆਂ

ਪੰਜਾਬੀ ਸਾਹਿਤ / ਚਿੰਤਨ ਵਿੱਚੋਂ ਸੰਵਾਦ ਖਾਰਜ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀਆਂ ਮਾਰਚ ਦੇ ਅਖੀਰਲੇ ਦਿਨੀਂ ਬੱਜਟ ਖਪਾਉਣ ਦੇ ਉਪਰਾਲਿਆਂ ਤਹਿਤ ਜੋ ਸੈਮੀਨਾਰ ਉਲੀਕਦੀਆਂ ਨੇ ਉਨ੍ਹਾਂ ਦੇ ਅਸੀਂ ਗਵਾਹ ਹਾਂ। ਏਨਾ ਨਿਘਾਰ ਘੱਟੋ ਘੱਟ ਯੂਨੀਵਰਸਿਟੀ ਪੱਧਰ 'ਤੇ ਅਸੀਂ ਪਹਿਲਾਂ ਕਦੇ ਨਹੀਂ ਵੇਖਿਆ। ਇਕ ਦੂਜੇ ਦੀਆਂ ਮੁਲਾਹਜੇਦਾਰੀਆਂ ਵੀ ਪੂਰੀਆਂ ਜਾਂਦੀਆਂ ਨੇ, ਪਿੱਠਾਂ ਵੀ ਖੁਰਕੀਆਂ ਜਾਂਦੀਆਂ ਨੇ, ਪ੍ਰੰਤੂ ਨਤੀਜਾ ਕੋਈ ਨਜ਼ਰ ਨਹੀਂ ਆਉਂਦਾ। ਇਨ੍ਹਾਂ ਸੈਮੀਨਾਰਾਂ ਵਿਚ ਸੰਵਾਦ ਦੇ ਨਾਂ ਉੱਤੇ ਬਹੁਤ ਹਲਕੀ ਪੱਧਰ ਦੀਆਂ ਟਿੱਪਣੀਆਂ ਅਤੇ ਫੂਹੜ ਕਿਸਮ ਦੀ ਲੈਕਚਰਬਾਜ਼ੀ ਸੁਣਾਈ ਦਿੰਦੀ ਹੈ। ਅਸੀਂ ਭਾਰਤੀ ਸਾਹਿਤ ਅਕਾਦਮੀ, ਦਿੱਲੀ, ਪੰਜਾਬੀ ਅਕਾਦਮੀ ਦਿੱਲੀ, ਪੰਜਾਬੀ ਸਾਹਿਤ ਸਭਾ ਦਿੱਲੀ, ਸਾਹਿਤ ਅਕਾਦਮੀ ਲੁਧਿਆਣਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਉਹ ਦੌਰ ਵੀ ਵੇਖਿਆ ਹੈ, ਜਿਸ ਵਿਚ ਇਨ੍ਹਾਂ ਸੰਸਥਾਵਾਂ ਦਾ ਚਿੰਤਨੀ ਪੱਧਰ ਸਿਖਰ 'ਤੇ ਸੀ, ਸੰਵਾਦ ਚੱਲ ਰਿਹਾ ਸੀ, ਲਾਇਬ੍ਰੇਰੀਆਂ ਉਸਰ ਰਹੀਆਂ ਸਨ, ਸੈਮੀਨਾਰਾਂ ਅੰਦਰ ਵਿਸ਼ੇ ਦੀ ਡੂੰਘਾਈ ਅਤੇ ਵਿਸ਼ਲੇਸ਼ਣੀ ਨੀਝ ਨਜ਼ਰ ਆਉਂਦੀ ਸੀ। ਵਿਚਾਰਾਂ ਦੇ ਭੇੜ ਸੁਣਾਈ ਦਿੰਦੇ ਸਨ। ਇਕ ਸਮਾਜਿਕ ਅਤੇ ਸਿਆਸੀ ਪ੍ਰਤੀਬੱਧਤਾ ਵਾਲਾ ਮਾਹੌਲ ਸੀ। ਇਸੇ ਮਾਹੌਲ ਨੇ ਪੰਜਾਬੀ ਚਿੰਤਨ ਨੂੰ ਕੁਝ ਅਜਿਹੇ ਨਾਂ ਦਿੱਤੇ ਜਿਨ੍ਹਾਂ ਨੂੰ ਉਲੰਘ ਪਾਉਣ ਦੀ ਹਿੰਮਤ ਸਾਡਾ ਅੱਜ ਦਾ ਚਿੰਤਕ ਕਰ ਹੀ ਨਹੀਂ ਪਾ ਰਿਹਾ। ਆਖਰ ਇਸ ਖ਼ਾਮੋਸ਼ੀ ਦੀ ਜੜ੍ਹ ਕਿੱਥੇ ਪਈ ਹੈ? ਕੀ ਇਹ ਤਾਂ ਨਹੀਂ ਕਿ ਅਸੀਂ ਵਿਚਾਰਕ ਖੜੋਤ ਦੇ ਦੌਰ ਵਿਚੋਂ ਲੰਘ ਰਹੇ ਹੋਈਏ? ਆਖਰ ਇਹ ਸਥਿਲਤਾ ਆਈ ਕਿੱਥੋਂ? ਕੁਝ ਕੁ ਨੁਕਤਿਆਂ ਉੱਤੇ ਅਸੀਂ ਇਥੇ ਵਿਚਾਰ ਚਰਚਾ ਕਰਾਂਗੇ।

ਪਹਿਲਾ ਨੁਕਤਾ ਤਾਂ ਸਾਡੀ ਜਾਚੇ ਤੇਜ਼ੀ ਨਾਲ ਵਾਪਰੀ ਸਮਾਜਿਕ/ ਆਰਥਿਕ ਤਬਦੀਲੀ ਹੈ। ਇਸ ਤਬਦੀਲੀ ਨੇ ਦੋ ਦਹਾਕਿਆਂ ਦੇ ਅੰਦਰ-ਅੰਦਰ ਪੰਜਾਬੀ ਮਾਨਸਿਕਤਾ ਨੂੰ ਏਨੀ ਸ਼ਿੱਦਤ ਨਾਲ ਪ੍ਰਭਾਵਿਤ ਕੀਤਾ ਕਿ ਇਹ ਪ੍ਰਭਾਵ ਸਭਿਆਚਾਰਕ ਮਾਹੌਲ ਅੰਦਰ ਪ੍ਰਤੱਖ ਦਿਖਣ ਲੱਗ ਪਏ। ਪੰਜਾਬੀ ਮਨ ਇਕ ਵਾਰ ਫਿਰ ਭ੍ਰਮ ਵਿਚ ਗ੍ਰਸਿਆ ਨਜ਼ਰ ਆਇਆ। ਪੰਜਾਬ ਅੰਦਰ ਸ਼ਨੀ ਮੰਦਰ ਉਸਰ ਆਏ, ਪੀਰਾਂ ਦੀਆਂ ਮਜ਼ਾਰਾਂ 'ਤੇ ਹਰੇ ਕੱਪੜੇ ਚੜ੍ਹ ਗਏ ਤੇ ਢੋਲ ਢਮੱਕੇ ਗੂੰਝਣ ਲੱਗੇ, ਗੁਰਦੁਵਾਰਿਆਂ ਤੋਂ ਵੱਧ ਸ਼ਹੀਦਾਂ ਦੀਆਂ ਮਟੀਆਂ ਪ੍ਰਗਟ ਹੋ ਗਈਆਂ, ਸਾਈਂ ਬਾਬਾ ਦੇ ਮੰਦਰ ਉਸਰ ਆਏ, ਜਾਦੂ ਟੂਣਿਆਂ ਵਾਲਿਆਂ ਦੇ ਵਾਰੇ ਨਿਆਰੇ ਹੋ ਗਏ। ਇਹ ਸਾਰਾ ਵਿਹਾਰ ਇਕ ਆਈਸੋਲੇਸ਼ਨ ਵਿਚ ਚਲੇ ਗਏ ਮਨੁੱਖ ਦਾ ਹੈ। ਇਹ ਪੰਜਾਬੀ ਮਨੁੱਖ ਦੀ ਹੋਣੀ ਹੈ। ਪੰਜਾਬੀ ਸਾਹਿਤ ਇਸ ਨੂੰ ਅਜੇ ਓਨੀ ਡੂੰਘਾਈ ਤੋਂ ਫੜ ਨਹੀਂ ਸਕਿਆ। ਇਹ ਬਹੁਤ ਤੇਜ਼ੀ ਨਾਲ ਵਾਪਰਿਆ ਵਰਤਾਰਾ ਹੈ। ਹੁਣ ਇਸ ਵਰਤਾਰੇ ਦੀ ਕਨਸੋਅ ਸਾਨੂੰ ਸਾਰੀਆਂ ਪਿਛਲੀਆਂ ਪੀੜ੍ਹੀਆਂ ਦੇ ਸਾਹਿਤ ਵਿਚ ਕਿਤੇ ਵੀ ਦਿਖਾਈ ਨਹੀਂ ਦੇ ਰਹੀ। ਇਸੇ ਕਰਕੇ ਚਿੰਤਨ ਦੀ ਕੰਨਟੀਨਿਊਟੀ ਬਣ ਨਹੀਂ ਪਾਈ। ਸਾਹਿਤ ਨੇ ਇਹ ਤਾਂ ਪਕੜ ਲਿਆ ਕਿ ਤਬਦੀਲੀ ਵਾਪਰ ਗਈ ਹੈ, ਪ੍ਰੰਤੂ ਉਸਦੀਆਂ ਰੂਟਸ ਨਹੀਂ ਲੱਭ ਰਹੀਆ। ਹਾਂ, ਹਾਲ ਹੀ ਵਿਚ ਡਾ ਸਵਰਾਜਬੀਰ ਦਾ ਇਕ ਨਾਟਕ 'ਹੱਕ' ਆਇਆ ਹੈ। ਇਹ ਨਾਟਕ ਨਵੇਂ ਸਮੇਂ ਨੂੰ ਅਤੇ ਇਸ ਦੇ ਮਨੁੱਖ ਦੀ ਮਾਨਸਿਕਤਾ ਨੂੰ ਪਕੜਨ ਵਿਚ ਕਾਮਯਾਬ ਰਿਹਾ ਹੈ। ਇਹ ਬਿਲਕੁੱਲ ਤਾਜ਼ੇ ਵਰਤਾਰੇ ਨੂੰ ਹੱਥ ਪਾਉਣ ਵਾਲਾ ਨਾਟਕ ਹੈ।

ਲੇਖਕ ਇਸ ਵਿਚ ਕਿਤੇ ਵੀ ਨਾ ਤਾਂ ਉਲਾਰ ਹੈ ਅਤੇ ਨਾ ਹੀ ਪ੍ਰਵਚਨੀ ਸੁਰ ਵਾਲਾ। ਪ੍ਰੰਤੂ ਅਸੀਂ ਦੇਖਿਆ ਹੈ ਕਿ ਇਸ ਨਾਟਕ ਨਾਲ ਨਿਆਂ ਕਰਨ ਵਾਲਾ ਕੋਈ ਵੀ ਆਲੋਚਨਾਤਮਿਕ ਕਾਰਜ ਸਾਹਮਣੇ ਨਹੀਂ ਆਇਆ। ਹਾਂ ਇੱਕਾ-ਦੁੱਕਾ ਟਿੱਪਣੀਆਂ ਜ਼ਰੂਰ ਆਈਆਂ। ਹੁਣ ਅਜਿਹੇ ਸਾਹਿਤ ਨੂੰ ਉਭਾਰਨਾ, ਉਸ ਦਾ ਸੋਸ਼ੋ-ਇਕਨਾਮਿਕ ਵਿਸ਼ਲੇਸ਼ਣ ਕਰਨਾ, ਉਸ ਦੇ ਪਾਤਰਾਂ ਦੀ ਮਨੋ ਚੇਤਨਾ ਨੂੰ ਉਧੇੜਨਾ, ਨਵੀਂ ਸਮਾਜਿਕ ਬਣਤਰ ਨੂੰ ਇਸ ਨਾਟਕ ਦੇ ਜਰੀਏ ਸਮਝਣਾ ਚਾਹੀਦਾ ਸੀ, ਪ੍ਰੰਤੂ ਕਿਸੇ ਵੀ ਆਲੋਚਕ ਨੇ ਕੋਸ਼ਿਸ਼ ਨਹੀਂ ਕੀਤੀ। ਏਥੇ ਅਸੀਂ ਇਕ ਘਾਟ ਸਾਡੀਆਂ ਸਾਹਿਤਕ ਸੰਸਥਾਵਾਂ ਦੀ ਭੂਮਿਕਾ ਵਾਲੀ ਮਹਿਸੂਸ ਕਰ ਰਹੇ ਹਾਂ, ਉਹ ਏਹ ਹੈ ਕਿ ਅਜਿਹੇ ਮੁੱਲ ਵਿਧਾਨ ਵਾਲੇ ਸਾਹਿਤ ਬਾਰੇ ਇਹ ਸੰਸਥਾਵਾਂ ਵਿਚਾਰ ਗੋਸ਼ਟੀਆਂ ਕਰਵਾਉਣ। ਇਹ ਦੱਸਣ ਕਿ ਸਾਹਿਤ ਵਿਚ ਨਵਾਂ ਕੀ ਹੋ ਵਾਪਰ ਰਿਹਾ ਹੈ। ਅਸੀਂ ਦੇਖਿਆ ਹੈ ਕਿ ਕਦੀ ਇਹ ਜ਼ਿੰਮੇਵਾਰੀ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨਿਭਾਉਂਦੀ ਰਹੀ ਹੈ। ਜੇ ਇਨ੍ਹਾਂ ਸ਼ਬਦਾਂ ਦਾ ਬੁਰਾ ਨਾ ਵੀ ਮਨਾਇਆ ਜਾਵੇ, ਤਾਂ ਅਸੀਂ ਕਹਿਣਾ ਚਾਹਾਂਗੇ ਕਿ ਪਿਛਲੇ ਸਮੇਂ ਵਿਚ ਇਨ੍ਹਾਂ ਦੇ ਸਮਾਗਮਾਂ ਦਾ ਪੱਧਰ 'ਪੇਂਡੂ ਟੂਰਨਾਮੈਂਟ' ਵਾਲਾ ਹੋ ਗਿਆ ਹੈ। ਇਹਦੇ ਕੁਝ ਕਾਰਨ ਨੇ। ਸਭ ਤੋਂ ਵੱਡਾ ਕਾਰਨ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਉੱਤੇ ਕਾਮਰੇਡਾਂ ਦੀਆਂ ਪਾਰਟੀਆਂ ਦਾ ਗੈਰ ਸਾਹਿਤਕ ਗਲਬਾ ਹੈ। ਇਹ ਆਪੋ ਵਿਚੀ ਆਹੁਦੇਦਾਰੀਆਂ ਵੰਡ ਲੈਂਦੇ ਹਨ ਅਤੇ ਸਾਹਿਤਕ ਅਤੇ ਚਿੰਤਨੀ ਮਿਆਰ ਨੂੰ ਛਿੱਕੇ ਟੰਗ ਦਿੰਦੇ ਹਨ। ਆਪਣੀ ਗੱਲ ਦੇ ਕੌੜੇ ਸਬੂਤ ਵਜੋਂ ਅਸੀਂ ਗਵਾਲੀਅਰ ਵਿਚ ਕਰਵਾਏ ਗਏ ਇਕ ਸਾਹਿਤਕ ਸਮਾਗਮ ਦੀ ਉਦਾਹਰਨ ਦੇਣੀ ਚਾਹੁੰਦੇ ਹਾਂ। ਇਹ ਸਮਾਗਮ ਸਰਕਾਰੀ ਸੀ ਅਤੇ ਕਰਤਿਆਂ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੂੰ ਬੇਨਤੀ ਕੀਤੀ ਗਈ ਸੀ। ਉਨ੍ਹਾਂ ਨੇ ਪੰਜ ਪੰਜਾਬੀ ਪ੍ਰਤੀਨਿਧ ਕਹਾਣੀਕਾਰ ਆਪਣੇ ਨਾਲ ਗਵਾਲੀਅਰ ਲੈ ਕੇ ਜਾਣੇ ਸਨ। ਅਸੀਂ ਏਥੇ ਸਿਰਫ਼ ਉਨ੍ਹਾਂ ਦੇ ਨਾਂ ਦੇ ਰਹੇ ਹਾਂ, ਪ੍ਰਬੁੱਧ ਪਾਠਕ ਖੁਦ ਹੀ ਅੰਦਾਜ਼ਾ ਲਗਾ ਲੈਣ ਕਿ ਨਿਘਾਰ ਦੀ ਸਥਿਤੀ ਕੀ ਹੈ। ਇਨ੍ਹਾਂ ਪੰਜ ਨਾਵਾਂ ਵਿਚ ਜਨਮੇਜਾ ਜੌਹਲ, ਸੁਰਿੰਦਰ ਕੈਲੇ, ਗੁਲਜ਼ਾਰ ਪੰਧੇਰ, ਦੇਸ ਰਾਜ ਕਾਲੀ ਅਤੇ ਜਿੰਦਰ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਦੀ ਅਗਵਾਈ ਡਾ. ਸੁਖਦੇਵ ਸਿੰਘ ਸਿਰਸਾ ਜੀ ਕਰ ਰਹੇ ਸਨ। ਇਨ੍ਹਾਂ ਨੇ ਪ੍ਰਧਾਨਗੀ ਕਿਵੇਂ ਜਨਰਲ ਸਕੱਤਰੀ ਦੀ ਕੁਰਬਾਨੀ ਦੇ ਕੇ ਪ੍ਰਾਪਤ ਕੀਤੀ ਸੀ ਤੇ ਕਿਵੇਂ ਆਪਣੇ ਪੂਰੇ ਕਾਰਜ ਕਾਲ ਦੌਰਾਨ ਉਸ ਗੰਢ ਚਿਤਰਾਵੇ ਦੇ ਧਰਮ ਨੂੰ ਨਿਭਾਇਆ, ਸਾਨੂੰ ਦੱਸਣ ਦੀ ਬਹੁਤੀ ਲੋੜ ਨਹੀਂ ਹੈ। ਇਵੇਂ ਹੀ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਪਿਛਲੇ ਦੋ ਸਾਲ ਪੰਜਾਬ ਪੱਧਰ ਦੀ ਇਸ ਸਭਾ ਨੂੰ ਕਿਵੇਂ ਇਕ ਸਿਆਸੀ ਗੁੱਟ ਦੀ ਸਭਾ ਬਣਾ ਕੇ ਰੱਖ ਦਿੱਤਾ। ਅਜਿਹੀ ਸੋਚ ਵਾਲੇ ਇਨ੍ਹਾਂ ਲੋਕਾਂ ਕੋਲੋਂ ਕਿਸੇ ਸੰਵਾਦ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ।

ਸਾਡੀਆਂ ਇਨ੍ਹਾਂ ਜਿੰਮੇਵਾਰ ਸੰਸਥਾਵਾਂ ਵਿਚ ਇਕ ਖਾਸ ਕਿਸਮ ਦੀ ਮਾਨਸਿਕਤਾ ਨਜ਼ਰ ਆਉਣ ਲੱਗੀ ਹੈ, ਜਿਸ ਤਹਿਤ ਇਨ੍ਹਾਂ ਦੇ ਅਹੁਦੇਦਾਰ ਸਿਰਫ ਇਹ ਦੱਸਣ ਦੀ ਹੋੜ ਵਿਚ ਹਨ ਕਿ ਅਸੀਂ ਕਿਵੇਂ ਸਿਆਸੀ ਲੀਡਰਾਂ ਕੋਲੋਂ ਉਨ੍ਹਾਂ ਦੇ ਅਖਤਿਆਰੀ ਫੰਡ ਵਿਚੋਂ ਕਿੰਨੇ ਪੈਸੇ ਅਕਾਦਮੀ ਜਾਂ ਸਭਾ ਨੂੰ ਲੈ ਕੇ ਦਿੱਤੇ ਹਨ। ਅਸੀਂ ਇਸ ਨੂੰ ਕੋਈ ਬੁਰੀ ਗੱਲ ਨਹੀਂ ਮੰਨਦੇ, ਪ੍ਰੰਤੂ ਇਹ ਫੰਡ ਫਿਰ ਜਦੋਂ ਸਾਰਥਕ ਸੰਵਾਦ ਨੂੰ ਛੱਡ ਕੇ ਨਿੱਜੀ ਸੁੱਖ ਸੁਵਿਧਾਵਾਂ ਲਈ ਇਸਤੇਮਾਲ ਹੁੰਦੇ ਹਨ, ਉਹ ਵੀ ਏਸੀਆਂ, ਫਰਿਜਾਂ, ਟੀਵੀਆਂ, ਟੇਬਲਾਂ, ਕੰਪਿਊਟਰਾਂ, ਘੁੰਮਣ ਵਾਲੀਆਂ ਕੁਰਸੀਆਂ ਦੇ ਨਾਂ ਉੱਤੇ, ਤਾਂ ਇਤਰਾਜ਼ ਕਰਨਾ ਲਾਜ਼ਮੀ ਹੈ। ਅਕਾਦਮੀ ਵਲੋਂ ਬਹੁਤ ਗੰਭੀਰ ਚਿੰਤਨੀ ਪਰਚਾ 'ਆਲੋਚਨਾ' ਲੰਮੇ ਸਮੇਂ ਤੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ



ਹੈ। ਇਹਦਾ ਮਿਆਰ ਹੌਲੀ ਹੌਲੀ ਡਿੱਗ ਗਿਆ ਹੈ। ਇਸ ਦੇ ਨਾਲ ਹੀ ਸਾਡੇ ਆਗੂਆਂ ਨੇ ਇਸ ਨੂੰ ਅਕਾਦਮੀ ਮੈਂਬਰਾਂ ਤੱਕ ਪਹੁੰਚਾਉਣ 'ਤੇ ਰੋਕ ਲਗਾ ਦਿੱਤੀ। ਕਾਰਨ ਆਰਥਿਕ ਵੀ ਹੋ ਸਕਦੇ ਹਨ, ਤਾਂ ਉਨ੍ਹਾਂ ਦਾ ਸਰਕਾਰੀ ਫੰਡਾਂ ਰਾਹੀਂ ਨਿਪਟਾਰਾ ਕੀਤਾ ਜਾ ਸਕਦਾ ਹੈ। ਮੈਗਜ਼ੀਨ ਨੂੰ ਛਾਪ ਕੇ ਡੰਪ ਕਰਕੇ ਰੱਖਣ ਦੀ ਤੁੱਕ ਕੀ ਹੈ? ਜੇਕਰ ਅਜਿਹਾ ਨਹੀਂ ਵੀ ਕਰਨਾ ਤਾਂ ਮੈਂਬਰਾਂ ਕੋਲੋਂ ਸਲਾਨਾ ਚੰਦਾ ਉਗਰਾਹ ਕੇ ਉਸਦਾ ਸਰਕੂਲੇਟ ਕੀਤੇ ਜਾਣਾ ਲਾਜ਼ਮੀ ਬਣਾਉਣਾ ਚਾਹੀਦਾ ਸੀ। ਪਰ ਨਹੀਂ ਕੀਤਾ ਗਿਆ। ਏਸੇ ਤਰ੍ਹਾਂ ਕੇਂਦਰੀ ਪੰਜਾਬੀ ਲੇਖਕ ਸਭਾ, ਭਾਸ਼ਾ ਨੂੰ ਲੈ ਕੇ ਇਕ ਲੰਬਾ ਸੰਘਰਸ਼ ਕਰਦੀ ਆ ਰਹੀ ਹੈ। ਆਪਣੇ ਸਿਰ ਖੁਦ ਆਲਮੀ ਕਾਨਫਰੰਸਾਂ ਕੀਤੀਆਂ ਹਨ। ਪ੍ਰੰਤੂ ਪਿਛਲੇ ਵਰ੍ਹਿਆਂ ਵਿਚ ਇਨ੍ਹਾਂ ਨੇ ਭਾਸ਼ਾ ਦਾ ਮਸਲਾ ਛੇੜਿਆ ਤੱਕ ਨਹੀਂ। ਕਾਨਫਰੰਸਾਂ ਦੇ ਨਾਂ ਉੱਤੇ ਚਲਾਵੀਆਂ ਟਿੱਪਣੀਆਂ ਹੋਈਆਂ। ਜਿਹੜੀ ਚੰਡੀਗੜ੍ਹ ਵਿਚ ਆਲਮੀ ਕਾਨਫਰੰਸ ਕਰਵਾਈ ਉਸ ਦਾ ਹਸ਼ਰ ਅਸੀਂ ਸੋਸ਼ਲ ਮੀਡੀਆ ਉੱਤੇ ਵੇਖ ਲਿਆ। ਇਨ੍ਹਾਂ ਦੀ ਪਾਰਟੀ ਸਿਆਸਤ ਇਨ੍ਹਾਂ ਨੂੰ ਉਪਰ ਉੱਠ ਕੇ ਸੋਚਣ ਹੀ ਨਹੀਂ ਦਿੰਦੀ। ਇਹ ਪਾਰਟੀ ਪਾਲੀਟਿਕਸ ਤੋਂ ਸਾਹਿਤ ਨੂੰ ਵਾਰ ਕੇ ਸੁੱਟ ਦਿੰਦੇ ਹਨ।

ਅਜਿਹੀ ਹੀ ਇਕ ਕੁਹਝੀ ਖੇਡ ਦਾ ਸ਼ਿਕਾਰ ਭਾਸ਼ਾ ਵਿਭਾਗ ਪੰਜਾਬ ਵੀ ਹੋਇਆ ਹੈ। ਸਾਲਾਨਾਂ ਸਨਮਾਨਾਂ ਦੀ ਵੰਡ ਵੰਡਾਈ ਮੌਕੇ ਕਿਵੇਂ ਧਿਰਾਂ ਪਾਲੀਆਂ ਗਈਆਂ, ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਜੋ ਲੋਕ ਡਿਜ਼ਰਵ ਕਰਦੇ ਹਨ ਉਨ੍ਹਾਂ ਦੇ ਨਾਂ ਉੱਤੇ ਕਮੇਟੀ ਨੇ ਚਰਚਾ ਤੱਕ ਨਹੀਂ ਕੀਤੀ। ਇਕ ਦੂਜੇ ਸਿਰ ਸਿਹਰੇ ਬੰਨ੍ਹੇ ਗਏ। ਕੋਈ ਸੋਚ ਸਕਦਾ ਹੈ ਕਿ ਹੰਸ ਰਾਜ ਹੰਸ ਅਤੇ ਪੰਮੀ ਬਾਈ ਕਿਸੇ ਯੂਨੀਵਰਸਿਟੀ ਦੇ ਪ੍ਰੋਫੈਸਰ ਨੂੰ ਇਹ ਦੱਸਦੇ ਹੋਣ ਕਿ ਕਿਹੜੇ ਸਾਹਿਤਕਾਰ ਨੂੰ ਸਨਮਾਨ ਦੇਣਾ ਚਾਹੀਦਾ ਹੈ। ਹਿੰਦੀ ਦੇ ਜਿਨ੍ਹਾਂ ਨਾਵਾਂ ਨੂੰ ਵਿਦਵਾਨ ਚਿਮਟੇ ਨਾਲ ਨਹੀਂ ਚੁੱਕਦੇ ਉਹ ਭਾਸ਼ਾ ਵਿਭਾਗ ਕੋਲ ਸ਼੍ਰੋਮਣੀ ਬਣ ਜਾਂਦੇ ਹਨ। ਸਾਹਿਤਕ ਪੱਤਰਕਾਰੀ ਵਿਚ ਜੇਕਰ 'ਪ੍ਰੀਤਲੜੀ' ਦੀ ਸੰਪਾਦਕ ਪੂਨਮ ਸਿੰਘ ਦਾ ਨਾਂ ਖਾਰਜ਼ ਕਰ ਦਿੱਤਾ ਗਿਆ, ਸਾਰੀ ਉਮਰ ਸਾਹਿਤਕ ਪੱਤਰਕਾਰੀ ਨੂੰ ਸਮਰਪਤ ਕੁਲਦੀਪ ਸਿੰਘ ਬੇਦੀ ਦਾ ਨਾਂ ਗੌਲਿਆ ਹੀ ਨਹੀਂ ਗਿਆ, ਪ੍ਰਤੀਬੱਧ ਸਾਹਿਤ ਸੰਪਾਦਕ ਬਲਬੀਰ ਪਰਵਾਨਾ ਕਮੇਟੀ ਦੇ ਨੱਕ ਹੇਠ ਹੀ ਨਹੀਂ ਆਇਆ ਤਾਂ ਇਨ੍ਹਾਂ ਸਨਮਾਨਾਂ ਦੀ ਸਾਰਥਕਤਾ ਕਿੱਥੇ ਕੁ ਤੱਕ ਹੈ। ਇਸ ਵਰਤਾਰੇ ਬਾਰੇ ਲੇਖਕਾਂ ਨੂੰ ਚੁੱਪ ਤੋੜਨੀ ਚਾਹੀਦੀ ਹੈ।

ਹੁਣ ਪੰਜਾਬੀ ਸਾਹਿਤ ਅਕਾਮਦੀ ਲੁਧਿਆਣਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਚੋਣਾ ਆ ਗਈਆਂ ਹਨ। ਅਸੀਂ ਹਰਭਜਨ ਸਿੰਘ ਹੁੰਦਲ ਵਾਂਗ ਇਹ ਸੰਪਾਦਕੀ ਇਸ ਕਰਕੇ ਨਹੀਂ ਲਿਖ ਰਹੇ ਕਿ ਜੇਕਰ ਸਾਨੂੰ ਸਨਮਾਨ ਨਾ ਮਿਲੇ ਤਾਂ ਉਹ ਖੋਟਾ, ਸਾਨੂੰ ਮਿਲ ਜਾਵੇ ਤਾਂ ਖਰਾ। ਅਸੀਂ ਸੰਵਾਦ ਤੋਰਨਾ ਚਾਹੁੰਦੇ ਹਾਂ। ਇਕ ਗੰਭੀਰ ਸੰਵਾਦ। ਇਕ ਉਹ ਸੰਵਾਦ ਜਿਹੜਾ ਇਹ ਦਰਸਾਵੇ ਕਿ ਉਹ ਕਿਹੜੀਆਂ ਪ੍ਰਸਥਿਤੀਆਂ ਨੇ ਜਿਨ੍ਹਾਂ ਨੇ ਸਾਨੂੰ ਇਸ ਮੁਕਾਮ ਉੱਤੇ ਲਿਆ ਖੜਾ ਕੀਤਾ ਹੈ। ਇਹ ਇਕੱਲਾ ਸਾਹਿਤਕ ਪਿੜ ਵਿਚ ਆਇਆ ਨਿਘਾਰ ਨਹੀਂ ਹੈ, ਸਮੁੱਚਾ ਸਮਾਜ ਇਹ ਫੂਹੜ ਪੂਣੇ ਦਾ ਸ਼ਿਕਾਰ ਹੈ। ਇਕ ਬੌਧਿਕ ਖੜੋਤ ਦਾ ਸਮਾਂ ਹੈ ਇਹ, ਇਸੇ ਕਰਕੇ ਅਸੀਂ ਕਹਿ ਰਹੇ ਹਾਂ ਕਿ ਫਿਰ ਸਾਨੂੰ ਸੰਵਾਦ ਦੀ ਜ਼ਰੂਰਤ ਹੈ ਅਤੇ ਸਾਡੀਆਂ ਇਨ੍ਹਾਂ ਸੰਸਥਾਵਾਂ ਨੂੰ ਸੰਵਾਦ ਪੈਦਾ ਕਰਨਾ ਚਾਹੀਦਾ ਹੈ।

**-ਭਗਵੰਤ ਰਸੂਲਪੁਰੀ**

## ਸੁਰਾਪ੍ਰਭਾ / ਮਨਮੋਹਨ ਬਾਵਾ

ਉਹ ਸਵੇਰੇ ਤੁਰੇ ਤਾਂ ਆਕਾਸ਼ ਸਾਫ਼ ਸੀ। ਪਰ ਉਨ੍ਹਾਂ ਦੇ ਚੱਲਣ ਤੋਂ ਕੁਝ ਦੇਰ ਬਾਅਦ ਅਕਾਸ਼ 'ਚ ਹਲਕੇ ਹਲਕੇ ਬੱਦਲ ਤੈਰਨ ਲੱਗੇ। ਉਨ੍ਹਾਂ ਨੂੰ ਆਸ ਸੀ ਕਿ ਮੀਂਹ ਨਹੀਂ ਵਰ੍ਹੇਗਾ। ਪਰ ਥੋੜ੍ਹਾ ਹੋਰ ਤੁਰਦੇ ਰਹਿਣ ਤੋਂ ਬਾਅਦ ਸਾਰਾ ਅਕਾਸ਼ ਕਾਲੇ ਕਾਲੇ ਬੱਦਲਾ ਨਾਲ ਭਰ ਗਿਆ। ਬੱਦਲ ਦੀ ਗਰਜਨਾ ਨਾਲ ਬਿਜਲੀ ਚਮਕਣ ਲੱਗੀ ਤਾਂ ਆਨੰਦਪਾਲ ਨੇ ਇਕ ਵਾਰ ਅਕਾਸ਼ ਵੱਲ ਨਜ਼ਰ ਮਾਰੀ ਅਤੇ ਫੇਰ ਤਿਲਕ ਵੱਲ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਤੱਕਣ ਲੱਗਾ। ਉਨ੍ਹਾਂ ਕੋਲ ਤੰਬੂ ਆਦਿ ਕੁਝ ਨਹੀਂ ਸਨ ਅਤੇ ਨਾ ਹੀ ਬਹੁਤੇ ਸੈਨਕ। ਆਨੰਦਪਾਲ ਨੇ ਆਪ ਵੀ ਇਕ ਸਧਾਰਨ ਸੈਨਾ ਨਾਇਕ ਵਾਲੇ ਵਸਤਰ ਪਾਏ ਹੋਏ ਸਨ। ਆਪਣੇ ਆਪ ਨੂੰ ਇਕ ਰਾਜਕੁਮਾਰ ਨਾ ਦਰਸਾ ਕੇ ਇਕ ਸਧਾਰਨ ਸੈਨਕ ਦੀ ਤਰ੍ਹਾਂ ਤੁਰਦੇ ਰਹਿਣ 'ਚ ਕੁਝ ਕਠਨਾਈਆਂ, ਪਰ ਕੁਝ ਸੁਵਿਧਾਵਾਂ ਵੀ ਸਨ।

ਰੁੱਖਾਂ ਦੇ ਝੁੰਡ 'ਚੋਂ ਲੰਘਣ ਤੋਂ ਬਾਅਦ ਜਦ ਖੇਤ ਦਿਸਣ ਲੱਗੇ ਤਾਂ ਤਿਲਕ ਨੇ ਆਖਿਆ, "ਅੱਗੇ ਜ਼ਰੂਰ ਕੋਈ ਗ੍ਰਾਮ ਹੋਵੇਗਾ।" ਕੁਝ ਦੇਰ ਚੱਲਦੇ ਰਹਿਣ ਤੋਂ ਬਾਅਦ ਉਨ੍ਹਾਂ ਕੁਝ ਕਿਰਸਾਨਾਂ ਨੂੰ ਖੇਤਾਂ 'ਚ ਕੰਮ ਕਰਦਿਆਂ ਤੱਕਿਆ। ਉਨ੍ਹਾਂ ਦੇ ਤੇੜ ਗੋਡਿਆਂ ਤੋਂ ਉੱਪਰ ਮੈਲੀਆਂ ਧੋਤੀਆਂ ਬੰਨ੍ਹੀਆਂ ਹੋਈਆਂ, ਮਾਸਹੀਣ ਨੰਗੀਆਂ ਛਾਤੀਆਂ 'ਚੋਂ ਹੱਡੀਆਂ ਉਭਰਦੀਆਂ ਹੋਈਆਂ ਅਤੇ ਢਿੱਡ ਅੰਦਰ ਨੂੰ ਵੜੇ ਹੋਏ ਸਨ। ਲੱਗਦਾ ਸੀ ਜਿਵੇਂ ਉਨ੍ਹਾਂ ਨੂੰ ਮੀਂਹ ਪੈਣ ਜਾਂ ਭਿੱਜਣ ਦਾ ਕੋਈ ਡਰ ਨਹੀਂ ਸੀ। ਭਿੱਜਣਾ ਵੀ ਕੀ ਸੀ? ਕੱਪੜੇ ਤੇ ਪਾਏ ਹੀ ਨਹੀਂ ਸੀ ਹੋਏ।

ਰਾਜਕੁਮਾਰ ਆਨੰਦਪਾਲ ਦੇ ਸੈਨਿਕ ਦਸਤੇ ਨੂੰ ਵੇਖ ਕੇ ਖੇਤਾਂ 'ਚ ਕੰਮ ਕਰ ਰਹੇ ਕਿਰਸਾਨਾਂ ਨੇ ਇਕ ਨਜ਼ਰ ਉਨ੍ਹਾਂ ਵੱਲ ਤੱਕਿਆ ਅਤੇ ਮੁੜ ਆਪਣੇ ਕੰਮ 'ਚ ਰੁੱਝ ਗਏ।

"ਕਿਉਂ ਬਈ ਇੱਥੇ ਕੋਈ ਪਿੰਡ ਪੁੰਡ ਹੈ ਨੇੜੇ ਤੇੜੇ?" ਤਿਲਕ ਨੇ ਪੁੱਛਿਆ।

"ਬਸ ਤੁਰਦੇ ਜਾਓ ਇਸੇ ਪਗਡੰਡੀ ਤੇ, ਆਪੇ ਪਹੁੰਚ ਜਾਓਗੇ।

"ਅਤੇ ਕੋਈ ਮੰਦਰ, ਧਰਮਸ਼ਾਲਾ?"

"ਮੰਦਰ ਤੇ ਹੈ, ਪਰ ਨਾ ਧਰਮ ਅਤੇ ਨਾ ਕੋਈ ਧਰਮਸ਼ਾਲਾ।" ਇਕ ਬਿਰਧ ਜਿਹੇ ਕਿਰਸਾਨ ਨੇ ਵਿਅੰਗ ਪੂਰਨ ਆਵਾਜ਼ 'ਚ ਕਿਹਾ, "ਹਾਂ, ਜੇ ਰਾਤ ਕੱਟਣੀ ਹੈ ਤਾਂ ਉੱਥੇ ਜਾ ਕੇ ਪੰਡਤ ਦੇਵ ਸਰਮਨ ਦਾ ਘਰ ਪੁੱਛ ਲੈਣਾ। ਪੁੱਛਣ ਦੀ ਵੀ ਲੋੜ ਨਹੀਂ। ਸਭ ਤੋਂ ਉੱਚਾ ਤਿੰਨ ਮੰਜ਼ਿਲਾ ਅਤੇ ਵੱਡਾ ਘਰ ਉਸੇ ਦਾ ਹੀ ਹੈ।"

ਪਿੰਡ 'ਚ ਦਾਖਲ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਛੋਟੀਆਂ ਛੋਟੀਆਂ ਦਸ ਪੰਦਰਾਂ ਝੌਂਪੜੀਆਂ ਨਜ਼ਰ ਆਈਆਂ। ਇਕ ਝੌਂਪੜੀ ਦੇ ਬਾਹਰ ਤਾਂਬੇ ਰੰਗ ਦੀ ਪਰ ਤਿੱਖੇ ਨੈਣ ਨਕਸ਼ਾਂ ਵਾਲੀ ਇਕ ਜਵਾਨ ਤੀਵੀਂ ਅਤੇ ਉਸ ਦੇ ਨਾਲ ਖੜ੍ਹੇ ਦੋ ਬਾਲ ਨਜ਼ਰ ਆਏ। ਇਨ੍ਹਾਂ ਦੋਵਾਂ 'ਚ ਇਕ ਨੌਂ ਦਸ ਵਰ੍ਹੇ ਦਾ ਮੁੰਡਾ ਸੀ ਅਤੇ ਇਕ ਕੁੜੀ ਪੰਜ ਛੇ ਵਰ੍ਹਿਆਂ ਦੀ। ਝੌਂਪੜੀਆਂ ਤੋਂ ਬਾਅਦ ਕਿੱਕਰ, ਨਿੰਮ ਅਤੇ ਇਮਲੀ ਆਦਿ ਦੇ ਕੁੱਝ ਰੁੱਖ ਸਨ। ਰੁੱਖਾਂ 'ਚੋਂ ਲੰਘਣ ਤੋਂ ਬਾਅਦ ਕਿੱਕਰ, ਨਿੰਮ, ਇਕ ਵਾਟਿਕਾ ਅਤੇ ਵਾਟਿਕਾ ਦੇ ਪਿੱਛੇ ਇਕ ਤਿੰਨ ਮੰਜ਼ਿਲਾ ਮਕਾਨ। ਲੱਗਦਾ ਸੀ ਕਿ ਪਿੰਡ ਦੇ ਬਾਕੀ ਮਕਾਨ ਇਸ ਸਥਾਨ ਤੋਂ ਕੁਝ ਹਟ ਕੇ ਹਨ। ਉਹ ਮਕਾਨ ਤਾਂ ਇਥੋਂ ਨਹੀਂ ਸਨ ਦਿਸ ਰਹੇ, ਪਰ ਇਕ ਮੰਦਰ ਦੇ ਕਲਸ਼ ਜ਼ਰੂਰ ਦਿਸ ਰਹੇ ਸਨ। ਇਸ ਤਿੰਨ ਮੰਜ਼ਿਲਾ ਮਕਾਨ ਤੋਂ ਤੀਹ ਚਾਲੀ ਕਦਮਾਂ ਦੀ ਵਿੱਥ 'ਤੇ ਇਕ ਹੋਰ ਘਰ ਦਿਸ ਰਿਹੀ ਸੀ, ਛੋਟਾ ਜਿਹਾ।

ਮਕਾਨ ਦੇ ਬੂਹੇ 'ਚ ਬੱਤੀ-ਤੇਤੀ ਵਰ੍ਹਿਆਂ ਦਾ ਇਕ ਆਦਮੀ ਖੜ੍ਹਾ ਸੀ। ਇਸ ਨੇ ਆਪਣੇ



ਚਿੱਟੇ ਧੋਤੀ ਕੁੜਤੇ ਦੇ ਇਲਾਵਾ ਸਿਰ ਤੇ ਨੀਲੇ ਰੰਗ ਦੀ ਪੱਗ ਵਲੀ ਹੋਈ ਸੀ। ਸੈਨਿਕਾਂ ਦੀ ਇਸ ਟੁਕੜੀ ਨੂੰ ਵੇਖ ਕੇ ਉਹ ਉਨ੍ਹਾਂ ਕੋਲ ਆ ਖੜ੍ਹਾ ਹੋਇਆ। ਆਨੰਦਪਾਲ ਵੱਲ ਕੁਝ ਦੇਰ ਤੱਕਦੇ ਰਹਿਣ ਤੋਂ ਬਾਅਦ ਉਹ ਸਮਝ ਗਿਆ ਕਿ ਇਹ ਜ਼ਰੂਰ ਕੋਈ ਪ੍ਰਤਿਸ਼ਠਿਤ ਸੈਨਾ ਨਾਇਕ ਹੋਵੇਗਾ।

ਵਾਯੂ ਮੰਡਲ 'ਚ ਕਿਣ-ਮਿਣ ਸ਼ੁਰੂ ਹੋ ਗਈ ਸੀ। ਆਨੰਦਪਾਲ ਅਤੇ ਉਸ ਦੇ ਸੈਨਕ ਘੋੜਿਆਂ ਤੋਂ ਉੱਤਰ ਕੇ ਆਪਣੇ ਕਪੜਿਆਂ ਤੋਂ ਕਿਣਮਿਣ ਦਾ ਪਾਣੀ ਝਾੜ ਰਹੇ ਸਨ।

"ਆਓ ਭੰਤੇ!" ਉਸ ਆਦਮੀ ਨੇ ਆਨੰਦਪਾਲ ਦੀ ਸੈਨਕ ਟੁਕੜੀ ਵੱਲ ਤੱਕਦਿਆਂ ਆਖਿਆ। ਉਂਝ ਅਤਿਥੀ ਤੋਂ ਪੁੱਛਣ ਦਾ ਅਧਿਕਾਰ ਤੇ ਨਹੀਂ, ਪਰ ਜੇ ਤੁਸੀਂ ਕੁਝ ਦੱਸ ਦੇਵੋ ਤਾਂ ਵਿਧੀ ਢੰਗ ਨਾਲ ਤੁਹਾਡੀ ਸੇਵਾ ਕਰਨ 'ਚ ਸਾਨੂੰ ਸੁਵਿਧਾ ਹੋ ਜਾਵੇਗੀ ਅਤੇ ਤੁਹਾਨੂੰ ਵੀ?"

ਆਨੰਦਪਾਲ ਨੇ ਉਸ ਵਿਅਕਤੀ ਵੱਲ ਗੌਹ ਨਾਲ ਤੱਕਿਆ। ਬਹੁਤ ਸਮਝਦਾਰ ਅਤੇ ਕੁਲੀਨ ਲੱਗਦਾ ਹੈ।" ਆਨੰਦਪਾਲ ਨੇ ਮਨ ਹੀ ਮਨ ਆਖਿਆ। ਫੇਰ ਬੋਲਿਆ, "ਅਸੀਂ ਰਾਜਾ ਜੈਪਾਲ ਦੇ ਸੈਨਿਕ ਹਾਂ ਅਤੇ ਸ਼ਾਸ਼ਨ ਦੇ ਕਿਸੇ ਵਿਸ਼ੇਸ਼ ਕਾਰਜ ਲਈ ਜਾ ਰਹੇ ਹਾਂ। ਪਰ ਹੁਣ ਇਸ ਬੇਮੌਸਮੀ ਵਰਖਾ ਕਾਰਨ ਕਿਸੇ ਛੱਤ ਥੱਲੇ ਰਾਤ ਬਿਤਾਉਣ ਦੀ ਮੰਸ਼ਾ ਨਾਲ ਤੁਹਾਡੇ ਸਾਹਮਣੇ ਖੜੇ ਹਾਂ।"

'ਅਹੁਭਾਗ! ਮੈਂ ਸ਼ੁਭ ਦੱਤ, ਸ੍ਰੀਮਾਨ ਦੇਵ ਸਰਮਨ ਦਾ ਸੇਵਕ ਤੁਹਾਡਾ ਸੁਆਗਤ ਕਰਦਾ ਹਾਂ। ਪੰਡਤ ਦੇਵਸਰਮਨ ਕਿਸੇ ਕੰਮ ਗਏ ਹੋਏ ਹਨ। ਹਨੇਰਾ ਹੋਣ ਤੋਂ ਪਹਿਲਾਂ ਪਹਿਲਾਂ ਆ ਜਾਣਗੇ।"

ਇਹ ਕਹਿ ਕੇ ਉਸ ਨੇ ਆਪਣੇ ਘਰ ਵੱਲ ਤੱਕਿਆ। ਸੈਨਿਕਾਂ ਨੂੰ ਵੇਖ ਕੇ ਸੁਭ ਦੱਤ ਦੀ ਪਤਨੀ ਆਪਣੇ ਦਸ ਗਿਆਰਾਂ ਸਾਲ ਦੇ ਪੁੱਤਰ ਨਾਲ ਬਾਹਰ ਖੜ੍ਹੀ ਸੈਨਕਾਂ ਵੱਲ ਉਤਸੁਕਤਾ ਨਾਲ ਤੱਕ ਰਹੀ ਸੀ।

"ਕੇਸ਼ਵੀ ਤੂੰ ਆ ਕੇ ਇਨ੍ਹਾਂ ਦੇ ਸੁੱਖ ਅਰਾਮ ਲਈ ਮੇਰੇ ਨਾਲ ਹੱਥ ਵਟਾ ਅਤੇ ਪੁੱਤਰ ਕਿਸੇ ਨੂੰ ਕਹਿ ਕਿ ਉਹ ਚਾਰ ਆਦਮੀਆਂ ਨੂੰ ਬੁਲਾ ਲਿਆਵੇ।"

ਸੂਰਜ ਛਿਪਣ ਤੋਂ ਕੁਝ ਦੇਰ ਬਾਅਦ ਦੇਵਸਰਮਨ ਵੀ ਆ ਗਿਆ। ਆਨੰਦਪਾਲ ਦੀ ਬੋਲਚਾਲ, ਤੌਰ ਤਰੀਕਿਆਂ ਅਤੇ ਵਰੁਨ ਭਟ ਆਦਿ ਦੁਆਰਾ ਆਨੰਦਪਾਲ ਨੂੰ ਸੰਬੋਧਿਤ ਕਰਦਿਆਂ ਵੇਖ ਕੇ ਉਸ ਨੂੰ ਇਹ ਸਮਝਣ 'ਚ ਦੇਰੀ ਨਹੀਂ ਲੱਗੀ ਕਿ ਇਹ ਜੇ ਰਾਜ ਕੁਮਾਰ ਨਹੀਂ ਤਾਂ ਕੋਈ ਉੱਚ ਅਧਿਕਾਰੀ, ਤਾਂ ਹੋਣਗੇ ਹੀ। ਪਰ ਆਪਣੇ ਇਸ ਅਨੁਮਾਨ ਬਾਰੇ ਉਹ ਚੁੱਪ ਹੀ ਰਿਹਾ।

ਰਾਤ ਦੇ ਭੋਜਨ ਤੋਂ ਬਾਅਦ ਦੇਵਸਰਮਨ ਆਨੰਦਪਾਲ ਕੋਲ ਆਣ ਬੈਠਿਆ। ਜਿੱਥੇ ਉਹ ਬੈਠੇ ਸਨ ਉਸ ਦੇ ਉੱਪਰ ਛੱਤ ਤਾਂ ਸੀ ਪਰ ਤਿੰਨ ਪਾਸੇ ਕੋਈ ਕੰਧ ਨਹੀਂ ਸੀ।

"ਮੈਂ ਇਕ ਸਧਾਰਨ, ਜਿਹਾ ਖੇਤੀਹਾਰ ਹਾਂ। ਤੁਹਾਡੀ ਸੁਵਿਧਾ ਅਤੇ ਅਰਾਮ 'ਚ ਮੇਰੀ ਜਾਂ ਮੇਰੇ ਸੇਵਕਾਂ ਵੱਲੋਂ ਕੋਈ ਢਿੱਲ ਰਹਿ ਗਈ ਹੋਵੇ ਤਾਂ ਖਿਮਾਂ ਦਾ ਯਾਚਕ ਹਾਂ।" ਦੇਵਸਰਮਨ ਨੇ ਨਿਮਰਤਾ ਨਾਲ ਆਖਿਆ।

"ਤੁਸੀਂ ਤਾਂ ਬ੍ਰਾਹਮਣ ਹੋ। ਆਪਣੇ ਆਪ ਨੂੰ ਖੇਤੀਹਾਰ ਕਿਉਂ ਕਹਿੰਦੇ ਹੋ?"

ਇਸ ਦੇ ਉੱਤਰ 'ਚ ਦੇਵਸਰਮਨ ਨੇ ਜੋ ਕੁਝ ਦੱਸਿਆ ਉਹ ਇਸ ਪਰਕਾਰ ਸੀ-

ਅੱਜ ਤੋਂ ਕਈ ਵਰ੍ਹੇ ਪਹਿਲਾਂ ਜਦੋਂ ਦੇਵਸਰਮਨ ਦੇ ਪਿਤਾ ਨੂੰ ਰਾਜਾ ਵੱਲੋਂ ਇਕ ਜ਼ਮੀਨ ਪੁਰਸਕਾਰ 'ਚ ਮਿਲੀ ਤਾਂ ਦੇਵਸਰਮਨ ਦੀ ਆਯੂ ਅਠਾਰਾਂ, ਉਨ੍ਹੀ ਵਰ੍ਹਿਆਂ ਦੀ ਸੀ। ਦੇਵਸਰਮਨ ਨੇ ਉਸ ਜ਼ਮੀਨ ਤੋਂ ਜੰਗਲ ਝਾੜੀਆਂ ਕਟਵਾ ਕੇ ਸਿੰਚਾਈ ਲਈ ਖੂਹ ਪੁਟਵਾਏ, ਇਸ ਨੂੰ ਵਾਹੀ ਲਾਇਕ ਬਣਵਾਇਆ ਅਤੇ ਵਿਚਕਾਰ ਫਲਦਾਰ ਰੁੱਖ ਲਵਾਏ। ਆਪਣੇ ਪਿਤਾ ਦੇ ਦੇਹਾਂਤ ਤੋਂ ਬਾਅਦ ਜਦ ਰਾਜਾ ਵੱਲੋਂ ਪਰੋਹਿਤੀ ਸੰਭਾਲਣ ਦਾ ਸੱਦਾ ਆਇਆ ਤਾਂ ਇਨ੍ਹਾਂ ਇਨਕਾਰ ਕਰ ਦਿੱਤਾ ਉਨ੍ਹਾਂ ਨੂੰ ਇਨ੍ਹਾਂ ਖੇਤਾਂ ਅਤੇ ਰੁੱਖਾ ਨਾਲ ਲਗਾਓਂ ਹੋ ਗਿਆ ਸੀ।

"ਕਿਉਂ, ਕੀ ਮਰਜ਼ੀ ਹੈ।" ਆਨੰਦਪਾਲ ਨੇ ਦੋਹਾਂ ਨੂੰ ਸੰਬੋਧਿਤ ਹੁੰਦਿਆਂ ਆਖਿਆ,

"ਜੋ ਆਦੇਸ਼!" ਤਿਲਕ ਬੋਲਿਆ।

"ਕਿਉਂ ਨਾ ਅੱਜ ਦਾ ਦਿਨ ਅਰਾਮ ਕਰ ਲਿਆ ਜਾਵੇ?" ਵਰੁਨ ਭੱਟ ਮੁਸਕਰਾਉਂਦਿਆਂ ਹੋਇਆਂ ਕਹਿ ਉੱਠਿਆ।

"ਕਿਉਂ? ਕਿਸੇ ਸੁੰਦਰੀ ਨਾਲ ਅੱਖਾਂ ਤੇ ਨਹੀਂ ਲੜ ਗਈਆਂ। ਭੋਜਨ ਤੋਂ ਬਾਅਦ ਵਰਤਾਉਣ ਵਾਲੀਆਂ ਨਾਲ ਬੜਾ ਚਹਿਕ ਚਹਿਕ ਕੇ ਗੱਲਾਂ ਕਰ ਰਿਹਾ ਸੀ?" ਤਿਲਕ ਬੋਲਿਆ।

"ਤੂੰ ਆਪਣੀ ਦੱਸ?" ਵਰੁਨ ਭੱਟ ਨੇ ਆਖਿਆ।

"ਮੈਨੂੰ ਤਾਂ ਖਾਣ-ਪੀਣ ਲਈ ਚੰਗਾ ਭੋਜਨ ਅਤੇ ਥੋੜ੍ਹੀ ਜਿਹੀ ਮਦਰਾ ਮਿਲ ਜਾਏ, ਉਹੀ ਕਾਫ਼ੀ ਹੈ।" ਤਿਲਕ ਨੇ ਅੱਗੋਉਂ ਕਿਹਾ।

ਉਸ ਵੇਲੇ ਕਿਤੇ ਨੇੜਿਓਂ ਹੀ 'ਡੰਮ ਡਮ ਡਮਾਂ ਡਮ' ਢੋਲ ਵੱਜਣ ਦੀ ਆਵਾਜ਼ ਆਉਣ ਲੱਗੀ। ਆਨੰਦਪਾਲ ਨੇ ਕਮਰੇ ਦੇ ਬਾਹਰ ਖੜ੍ਹੇ ਇਕ ਸੇਵਕ ਨੂੰ ਪੁੱਛਿਆ, "ਇਹ ਢੋਲ ਇਥੇ ਸਵੇਰੇ ਰੋਜ਼ ਵੱਜਦਾ ਹੈ, ਸੁੱਤਿਆਂ ਨੂੰ ਜਗਾਉਣ ਲਈ?"

"ਸਾਰੀ ਰਾਤ ਜ਼ੋਰਾਂ ਦੀ ਵਰਖਾ ਹੋਈ ਸੀ। ਪਿੰਡ ਦੇ ਇਕ ਪਾਸੇ ਦੀ ਚੀਕਨੀ ਮਿੱਟੀ 'ਚ ਇਕ ਵਿਸ਼ੇਸ਼ਤਾ ਹੈ। ਜੋ ਮਿੱਟੀ ਪੱਥਰ ਵਾਂਗ ਸਖ਼ਤ ਹੁੰਦੀ ਹੈ, ਕੁਦਾਲ ਨਾਲ ਨਹੀਂ ਪੁੱਟੀ ਜਾਂਦੀ, ਉਹੀ ਮਿੱਟੀ ਵਰਖਾ ਨਾਲ ਭਿੱਜ ਕੇ ਨਰਮ ਹੋ ਜਾਂਦੀ ਹੈ। ਕਹਿੰਦੇ ਹਨ, ਸੁੱਕੀ ਤਾਂ ਲੋਹਾ, ਗਿੱਲੀ ਤਾਂ ਗੋਹਾ। ਇਹ ਢੋਲ ਉਨ੍ਹਾਂ ਖੇਤਾਂ 'ਚ ਖੁਦਾਈ ਕਰਨ ਦੀ ਸੂਚਨਾ ਦੇ ਰਿਹਾ ਹੈ।"

ਕੁਝ ਦੇਰ ਬਾਅਦ ਉਹ ਸ਼ੁਭਦੱਤ ਨੂੰ ਨਾਲ ਲੈ ਕੇ ਉਸ ਪਾਸੇ ਵੱਲ ਤੁਰ ਪਏ। ਬਹੁਤ ਸਾਰੇ ਖੇਤ ਮਜ਼ਦੂਰ ਨੰਗੇ ਪਿੰਡੇ, ਗੋਡਿਆ ਦੇ ਉੱਪਰ ਤੱਕ ਮੈਲੀਆਂ ਜਿਹੀਆਂ ਧੋਤੀਆਂ ਬੰਨ੍ਹੀ ਕਤਾਰ ਬਣਾ ਕੇ 'ਉਸ' ਜ਼ਮੀਨ ਵੱਲ ਤੁਰੀ ਜਾ ਰਹੇ ਸਨ। ਤਿੰਨ ਚਾਰ ਵਰ੍ਹੇ ਪਹਿਲਾਂ ਤੱਕ 'ਖੋਲੀ' ਜਾਤੀ ਦੇ ਆਦਿਵਾਸੀ ਪਿਛਲੇ ਕਈ ਸੌ ਵਰ੍ਹਿਆਂ ਤੋਂ ਆਪਣੇ ਪੁਰਾਣੇ ਢੰਗ ਨਾਲ ਰਹਿ ਰਹੇ ਸਨ। ਜਦੋਂ ਰਾਜਿਆਂ ਵੱਲੋਂ ਇਕ ਸਾਮੰਤ ਨੂੰ ਇਸ ਵਣ ਦਾ ਇਹ ਭਾਗ ਪੁਰਸਕਾਰ 'ਚ ਪ੍ਰਾਪਤ ਹੋਇਆ ਤਾਂ ਉਸ ਨੇ ਇਸ ਵਣ ਦੇ ਦੋ ਸੌ ਘੁਮਾ ਤੋਂ ਵੱਧ ਖੇਤਰ 'ਚੋਂ ਰੁੱਖ ਕਟਵਾ ਦਿੱਤੇ। ਇਨ੍ਹਾਂ ਰੁੱਖਾਂ ਦੀ ਲੱਕੜੀ ਨਾਲ ਨਾ ਕੇਵਲ ਉਸ ਨੇ ਆਪਣਾ ਮਕਾਨ ਬਣਵਾਇਆ, ਬਲਕਿ ਕਈ ਮਣ ਲੱਕੜੀ ਸ਼ਹਿਰ 'ਚ ਵੇਚ ਕੇ ਮਕਾਨ ਉਸਾਰਨ ਲਈ ਧੰਨ ਵੀ ਕਮਾ ਲਿਆ।

ਢੋਲਚੀ ਦੇ ਪਿੱਛੇ ਪਿੱਛੇ ਵੀਹ ਪੰਝੀ ਜਣਿਆਂ ਵਿਚ ਸੱਤ ਅੱਠ ਤੀਵੀਆਂ ਵੀ ਸਨ ਜਿਨ੍ਹਾਂ ਨੇ ਆਪਣੇ ਨੰਗੇਜ਼ ਨੂੰ ਇਕੋ ਧੋਤੀ ਨਾਲ ਢਕਿਆ ਹੋਇਆ ਸੀ। ਆਦਮੀਆਂ ਨੂੰ ਗੋਡਿਆਂ ਤੱਕ ਧੋਤੀ ਅਤੇ ਤੀਵੀਆਂ ਨੂੰ ਬਿਨਾਂ ਸੀਤੇ ਕੱਪੜੇ ਨਾਲ ਹੀ ਆਪਣੇ ਸਰੀਰ ਨੂੰ ਢਕਣ ਦੀ ਆਗਿਆ ਸੀ।

ਖੇਤਾਂ ਕੋਲ ਪਹੁੰਚ ਕੇ ਹਲਵਾਹਕਾਂ ਦੇ ਬਣਵਾਂਲੀ ਨਾਂਅ ਦੇ ਮੁਖੀਏ ਨੇ ਗੋਡੇ ਟੇਕ ਕੇ ਧਰਤੀ ਨੂੰ ਪ੍ਰਣਾਮ ਕੀਤਾ ਅਤੇ ਪੋਟਲੀ 'ਚ ਲਪੇਟੇ ਫੁੱਲ ਚੜ੍ਹਾਏ। ਨਾਲ ਹੀ ਬੋਲਿਆ,

"ਐ ਧਰਤੀ ਮਾਂ, ਜਦ ਤੱਕ ਤੂੰ ਸਾਡੇ ਕੋਲ ਸੀ, ਅਸਾਂ ਕਦੀ ਤੇਰੇ ਸੀਨੇ 'ਤੇ ਟੱਕ ਨਹੀਂ ਲਾਇਆ, ਤੈਨੂੰ ਸੱਟ ਨਹੀਂ ਮਾਰੀ। ਐ ਧਰਤੀ ਮਾਤਾ ਕੀੜਿਆਂ, ਬਿਛੂਆਂ, ਸੱਪਾਂ ਤੋਂ ਸਾਡੀ ਰੱਖਿਆ ਕਰਨਾ। ਹੁਣ ਤੂੰ ਬੇਗਾਨਿਆਂ ਦੀ ਹੋ ਗਈ ਏਂ-ਅਸੀਂ ਉਨ੍ਹਾਂ ਦੇ ਦਾਸ, ਸਾਨੂੰ ਖਿਮਾਂ ਕਰਨਾ...।"

ਚਾਰੇ ਪਾਸੇ ਟਕ ਟਕ, ਠੱਕ ਠੱਕ ਦੀਆਂ ਆਵਾਜ਼ਾਂ ਪੱਸਰ ਉੱਠੀਆਂ। ਆਦਮੀ ਤੀਵੀਆਂ, ਹਰ ਕੋਈ ਕਦਾਲਾਂ ਕਹੀਆਂ ਚਲਾ ਰਿਹਾ ਸੀ। ਅੱਧਖੜ ਆਯੂ ਦੇ ਕੁਝ ਆਦਮੀ ਤੀਵੀਆਂ ਖਿੱਲਰੀ ਮਿੱਟੀ ਨੂੰ ਕਹੀਆਂ ਨਾਲ ਘੜੀਸ ਚੁੱਕ ਕੇ ਵਿਛਾ ਰਹੇ ਸਨ। ਕੁਝ ਦੇਰ ਬਾਅਦ 'ਚੰਦੂ' ਗੁਮਾਸ਼ਤਾ ਇਕ ਸੋਹਣੀ ਸਢੌਲ ਕੁੜੀ ਕੋਲ ਆਇਆ ਅਤੇ ਬੋਲਿਆ-



"ਤੂੰ ਐਵੇਂ ਨਾ ਥਕਾ ਆਪਣੇ ਆਪ ਨੂੰ। ਕੁਦਾਲ ਛੱਡ ਅਤੇ ਸਾਰਿਆਂ ਨੂੰ ਪਾਣੀ ਪਲਾਉਂਦੀ ਜਾ।"

ਉਹ ਕੁੜੀ ਉਸ ਦੇ ਬੋਲਾਂ 'ਚ ਲੁਕੀ ਬਦਨੀਅਤ ਨੂੰ ਚੰਗੀ ਤਰ੍ਹਾਂ ਸਮਝਦੀ ਸੀ। ਉਹ ਬੋਲੀ, "ਹੋਰ ਵੀ ਬਹੁਤ ਹਨ, ਮੇਰੇ ਵਰਗੀਆਂ। ਉਹ ਨਹੀਂ ਥੱਕਦੀਆਂ ਭਲਾ?"

"ਤੇਰੀ ਗੱਲ ਹੋਰ ਏ ਪਾਖੀ...।"

ਪਰ ਪਾਖੀ ਨੇ ਉਸ ਦੀ ਗੱਲ ਵੱਲ ਧਿਆਨ ਨਹੀਂ ਦਿੱਤਾ ਅਤੇ ਕੁਦਾਲ ਚਲਾਉਂਦੀ ਰਹੀ।

"ਮੈਂ ਤੇ ਇਕ ਸਧਾਰਨ ਦਾਸ ਹਾਂ ਆਪਣੇ ਸੁਆਮੀ ਦਾ।" ਗੁਮਾਸ਼ਤੇ ਨੇ ਆਖਿਆ, "ਪਰ ਜਿਸ ਦਿਨ ਸਾਮੰਤ ਰਾਜ ਵਰਧਨ ਦੀ ਨਜ਼ਰ ਤੇਰੇ 'ਤੇ ਪੈ ਗਈ ਤਾਂ ਉਸ ਵੇਲੇ...??" ਕਹਿ ਦੇ ਮਨ ਹੀ ਮਨ ਕੁੜ੍ਹਦਾ ਚੰਦੂ ਗੁਮਾਸ਼ਤਾ ਦੂਜੇ ਪਾਸੇ ਤੁਰ ਪਿਆ।

ਇਹ ਪਿੰਡ ਕਾਫ਼ੀ ਵੱਡਾ ਸੀ। ਪਿੰਡ ਦੁਆਲੇ ਕਈ ਸੌ ਘੁਮਾਂ ਜ਼ਮੀਨ। ਚਾਰ ਪੰਜ ਪੁਸ਼ਤਾਂ ਪਹਿਲਾਂ ਤੱਕ ਅੱਧੀ ਤੋਂ ਵੱਧ ਭੌਇੰ ਛੋਟੇ ਵੱਡੇ ਕਈ ਖੇਤਰਿਕਾਂ ਦੀ ਮਲਕੀਅਤ ਸੀ। ਚਾਹੇ ਇਨ੍ਹਾਂ ਨੂੰ ਆਪਣੀ ਪੈਦਾਵਾਰ ਦਾ ਅੱਧਾ ਕੁ ਹਿੱਸਾ ਲਗਾਨ ਦੇ ਤੌਰ 'ਤੇ ਰਾਜਾ ਨੂੰ ਦੇਣਾ ਪੈਂਦਾ ਸੀ, ਪਰ ਫੇਰ ਵੀ ਉਨ੍ਹਾਂ ਦੀ ਦਸ਼ਾ ਮਾੜੀ ਨਹੀਂ ਸੀ। ਫੇਰ ਹੌਲੀ ਹੌਲੀ ਰਾਜ ਪ੍ਰਬੰਧ ਦਾ ਢਾਂਚਾ, ਤੌਰ ਤਰੀਕੇ ਬਦਲਦੇ ਗਏ। ਸਾਮੰਤਾਂ ਨੂੰ ਇਹ ਜ਼ਮੀਨਾਂ ਰਾਜੇ ਵੱਲੋਂ ਪ੍ਰਾਪਤ ਹੁੰਦੀਆਂ ਗਈਆਂ। ਇਸ ਦੇ ਬਦਲੇ ਇਹ ਸਾਮੰਤ ਰਾਜੇ ਨੂੰ ਯੁੱਧ ਦੇ ਅਵਸਰ ਤੇ ਸੈਨਿਕ ਅਤੇ ਘੋੜ-ਸਵਾਰ ਮੁਹੱਈਆ ਕਰਨ ਦੇ ਪਾਬੰਦ ਸਨ। ਇਨ੍ਹਾਂ ਦੇ ਨਾਲ ਹੀ ਛੱਤਰੀਆਂ, ਬ੍ਰਾਹਮਣਾਂ ਨੂੰ ਪੁਰਸਕਾਰ ਵਜੋਂ ਵੀ ਜ਼ਮੀਨਾਂ ਮਿਲਦੀਆਂ ਰਹੀਆਂ। ਜਦੋਂ ਪਿੰਡ ਵਿਚ ਕਿਸੇ ਮੰਦਰ ਦੀ ਉਸਾਰੀ ਹੁੰਦੀ ਤਾਂ ਮੰਦਰ ਦੇ ਆਕਾਰ ਦੇ ਅਨੁਪਾਤ ਅਨੁਸਾਰ ਉਸ ਮੰਦਰ ਦੇ ਨਾਂਅ ਵੀ ਕਾਫ਼ੀ ਸਾਰੀ ਜ਼ਮੀਨ ਲੱਗ ਜਾਂਦੀ। ਇਸ ਤਰ੍ਹਾਂ ਪਿੰਡਾਂ ਦੀ ਬਹੁਤ ਸਾਰੀ ਭੌਇੰ ਦੇ ਮਾਲਕ ਛੱਤਰੀ ਸਾਮੰਤ ਅਤੇ ਬ੍ਰਾਹਮਣ ਬਣਦੇ ਗਏ ਅਤੇ ਇਸ ਤਰ੍ਹਾਂ ਉਸ ਭੌਇੰ ਦੇ ਮੂਲ ਖੇਤਰਿਕ ਆਪਣੀ ਭੌਇੰ ਦੇ ਮਾਲਕ ਹੋਣ ਦੀ ਬਜਾਏ ਬ੍ਰਾਹਮਣ ਜਾਂ ਛੱਤਰੀ ਦੇ ਦਾਸਾਂ 'ਚ ਪਰਿਵਰਤਿਤ ਹੁੰਦੇ ਗਏ।

ਸੂਰਜ ਛਿਪਣ ਤੋਂ ਬਾਅਦ ਖੇਤਾਂ ਦੀ ਮਿੱਟੀ ਪੁੱਟਣ ਵਾਲਾ ਕੰਮ ਬੰਦ ਹੋ ਗਿਆ। ਹਾਲੇ ਸਾਰੇ ਖੇਤਾਂ ਦੀ ਮਿੱਟੀ ਨਹੀਂ ਸੀ ਪੁੱਟੀ ਗਈ।

"ਕੱਲ੍ਹ ਸਵੇਰੇ ਚਾਨਣ ਹੁੰਦਿਆਂ ਹੀ ਆ ਜਾਣਾ।" ਗੁਮਾਸ਼ਤੇ ਨੇ ਛੱਪੜ ਦੇ ਪਾਣੀ ਨਾਲ ਮੂੰਹ ਹੱਥ ਧੋ ਰਹੇ ਕਰਮਿਕਾਂ ਨੂੰ ਆਖਿਆ, "ਕੱਲ੍ਹ ਤੱਕ ਇਹ ਸਾਰੀ ਮਿੱਟੀ ਪੁੱਟੀ ਜਾਣੀ ਚਾਹੀਦੀ ਹੈ। ਮੈਂ ਕੁਝ ਹੋਰ ਕਰਮਿਕਾਂ, ਦਾਸਾਂ ਨੂੰ ਮੰਦਰ ਦੇ ਪ੍ਰੋਹਿਤ ਕੋਲੋਂ ਮੰਗ ਕੇ ਲੈ ਆਵਾਂਗਾ।"

ਸਭ ਚੁੱਪ ਰਹੇ। ਥੱਕੇ ਹੋਏ ਸਨ, ਮੂੰਹ ਹੱਥ ਧੋ ਕੇ ਕੋਈ ਕੋਈ ਭੁੰਜੇ ਹੀ ਲੰਮਾ ਪੈ ਗਿਆ। ਆਪਣੇ ਕੋਲੋਂ ਦੋ ਤਿੰਨ ਸ਼ਸਤਰਧਾਰੀ ਸੈਨਿਕਾਂ ਨੂੰ ਲੰਘਦਿਆਂ ਵੇਖ ਕੇ ਇਕ ਬੋਲਿਆ, "ਵੇਖੋ! ਧੰਨੂ ਅਤੇ ਪੂਰਨ ਪਾਲ ਵੱਲ! ਕਿਵੇਂ ਆਕੜ ਆਕੜ ਕੇ ਤੁਰ ਰਹੇ ਹਨ। ਕੱਲ੍ਹ ਤੱਕ ਸਾਮੰਤ ਦੇ ਦਾਸ ਸਨ, ਪਾਣੀ ਭਰਦੇ ਸਨ ਉਸਦਾ।"

"ਜੰਮੇ ਬੇਸ਼ਕ ਕਾਲਕੀ ਦੀ ਕੁੱਖ ਚੋਂ, ਪਰ ਬੀਅ ਤਾਂ ਸਾਮੰਤ ਦਾ ਹੀ ਸੀ। ਤਾਹੀਓਂ ਤੇ ਇਨ੍ਹਾਂ ਨੂੰ ਚੁੱਕ ਕੇ ਉਸ ਨੇ ਆਪਣੇ ਘੋੜ-ਸਵਾਰਾਂ 'ਚ ਰੱਖ ਲਿਆ।" ਦੂਜਾ ਬੋਲਿਆ।

"ਹੁਣ ਤਾਂ ਸੁਣਿਆ ਹੈ ਕਿ ਰਾਜਾ ਸੰਦੇਸ਼ ਆਇਆ ਹੈ ਕਿ ਚਾਹੇ ਉਹ ਘੁਮਿਆਰ, ਚਮਾਰ, ਕਹਾਰ ਜਾਂ ਕਿਸੇ ਵੀ ਜਾਤ ਤੋਂ ਹੋਵੇ, ਚੂਹੜਿਆਂ, ਚਮਾਰਾਂ ਨੂੰ ਛੱਡ ਕੇ, ਸੈਨਾ 'ਚ ਭਰਤੀ ਹੋਣ ਲਈ ਆ ਜਾਣ।"

"ਤਾਂ ਫੇਰ ਤਿਆਰ ਹੋ ਜਾਈਏ ਲੜਨ ਮਰਨ ਲਈ।" ਇਹ ਹੋਰ ਬੋਲਿਆ।

"ਚਿੰਤਾ ਦੀ ਐਨੀ ਲੋੜ ਨਹੀਂ। ਆਦੇਸ਼ ਇਹ ਵੀ ਹੈ ਕਿ ਉਸੇ ਨੂੰ ਭਰਤੀ ਕੀਤਾ ਜਾਵੇ ਜੋ

ਸਰੀਰ ਦਾ ਤਕੜਾ ਅਤੇ ਸੈਨਿਕ ਬਣਨ ਦੇ ਯੋਗ ਹੋਵੇ। ਤਲਵਾਰ ਫੜ ਕੇ ਯੁੱਧ 'ਚ ਲੜਨਾ ਕੋਈ ਐਰੇ ਗੈਰੇ ਦੇ ਵਸ ਦਾ ਕੰਮ ਨਹੀਂ।"

'ਯੁੱਧ! ਯੁੱਧ! ਯੁੱਧ! ਇਕ ਸੱਠ ਕੁ ਵਰ੍ਹਿਆ ਦਾ ਆਦਮੀ ਕਹਿ ਉੱਠਿਆ, 'ਰਾਮ-ਰਾਵਣ ਦਾ ਯੁੱਧ ਹੋਇਆ ਕੁਰਕੁਸ਼ੇਤਰ ਦਾ ਯੁੱਧ ਹੋਇਆ। ਫੇਰ ਕਹਿੰਦੇ ਇਕ ਹੋਰ ਵੀ ਆਇਆ ਸੀ ਮਾਰੋ ਮਾਰ ਕਰਦਾ ਕੁਝ ਵਰ੍ਹੇ ਪਹਿਲਾਂ-ਪਤਾ ਨਹੀਂ ਕੀ ਨਾਂ ਸੀ ਉਸ ਦਾ...? ਭੁੱਲ ਗਿਆ...।"

"ਭਲਾ ਤੈਨੂੰ ਇਹ ਕੁਝ ਕਿਵੇਂ ਪਤਾ? ਪੜ੍ਹਿਆ ਤੂੰ ਰਮੈਨ ਮਹਾਂਭਾਰਤ?" ਇਕ ਬੋਲਿਆ।

"ਪੜ੍ਹਿਆ ਨਹੀਂ, ਪਰ ਕੰਨ ਤੇ ਹੈਗੇ।" ਬੁੱਢਾ ਬੋਲਿਆ, "ਲੱਗਦਾ ਏ ਇਨ੍ਹਾਂ ਰਾਜਿਆਂ ਨੂੰ ਆਪਸ 'ਚ ਲੜਦੇ ਰਹਿਣ ਦੇ ਸਿਵਾ ਹੋਰ ਕੋਈ ਕੰਮ ਨਹੀਂ। ਹੁਣ ਸੁਣਿਆ ਹੈ ਕਿ ਦੇਵਸਰਨ ਪੰਡਿਤ ਦੇ ਘਰ ਕੁਝ ਸੈਨਿਕ ਆ ਕੇ ਠਹਿਰੇ ਹੋਏ ਹਨ। ਕਿਤੇ ਭਰਤੀ ਭੁਰਤੀ ਕਰਨ ਹੀ ਤਾਂ ਨਹੀਂ ਆਏ?"

'ਸਭ ਤੋਂ ਪਹਿਲਾਂ ਤਾਂ ਛੱਤਰੀ ਪੁੱਤਰਾਂ ਨੂੰ ਫੜਨਗੇ। ਸਾਡੀਆਂ ਮਾੜਚੂ ਦੇਹਾਂ ਨੂੰ ਵੇਖ ਕੇ ਤਾਂ...!"

ਆਨੰਦਪਾਲ ਕੁਝ ਦੇਰ ਉਨ੍ਹਾਂ ਖੇਤਰਿਕਾਂ, ਕਰਮਕਾਰਾਂ ਨੂੰ ਮਿੱਟੀ ਪੁੱਟਦਿਆਂ, ਅਤੇ ਫੇਰ ਛੱਪੜ ਤੋਂ ਮੂੰਹ ਹੱਥ ਧੋ ਕੇ ਆਰਾਮ ਕਰਦਿਆਂ ਵੇਖਦਾ ਰਿਹਾ। ਫੇਰ ਉਹ ਸ਼ੁੱਭ ਦੱਤ, ਤਿਲਕ ਅਤੇ ਵਰੁਨ ਨੂੰ ਨਾਲ ਲੈ ਕੇ ਉਨ੍ਹਾਂ ਕੋਲ ਜਾ ਕੇ ਖੜਾ ਹੋ ਗਿਆ। ਉਸ ਨੂੰ ਵੇਖ ਕੇ ਸਾਰੇ ਖੇਤਰਿਕ ਚੇਤੰਨ ਹੋ ਗਏ। ਉਹ ਸਮਝ ਗਏ ਕਿ ਇਹ ਉਹੀ 'ਸੈਨਾ ਨਾਇਕ' ਹੈ ਜੋ ਪਿਛਲੇ ਦਿਨ ਦੇਵਸਰਨ ਦੇ ਘਰ ਠਹਿਰਿਆ ਹੋਇਆ ਹੈ।

ਆਨੰਦਪਾਲ ਨੇ ਬੜੇ ਪਿਆਰ ਨਾਲ ਉਨ੍ਹਾਂ ਦਾ ਹਾਲ ਚਾਲ ਪੁੱਛਿਆ।

ਫੇਰ ਤਿਲਕ ਨੇ ਸਾਰਿਆਂ ਨੂੰ ਸੰਬੋਧਿਤ ਹੁੰਦਿਆਂ ਆਖਿਆ, "ਕੁਝ ਦਿਨ ਪਹਿਲਾਂ ਭੱਟਿਕਾ ਦੇ ਮੰਦਰ ਦੀ ਇਕ ਦੇਵਦਾਸੀ ਲੋਪ ਹੋ ਗਈ ਹੈ ਅਨੁਮਾਨ ਹੈ ਕਿ ਕੁਝ ਤੁਰਕ ਉਸ ਨੂੰ ਚੁੱਕ ਕੇ ਲੈ ਗਏ ਹਨ। ਤੁਸਾਂ 'ਚੋਂ ਕਿਸੇ ਨੇ ਕਿਸੇ ਸ਼ੱਕੀ ਕਿਸਮ ਦੇ ਤੁਰਕ ਸੈਨਿਕਾਂ ਨੂੰ ਤਾਂ ਨਹੀਂ ਤੱਕਿਆ, ਇਸ ਪਾਸਿਓਂ ਲੰਘਦਿਆਂ?"

"ਸਿੰਧੂ ਨਦੀ ਦੇ ਪਾਰ ਤੇ ਕਈ ਵਾਰੀ ਵੇਖੇ ਹਨ। ਪਰ ਜਿਸ ਤਰ੍ਹਾਂ ਦੇ ਤੁਸੀਂ ਦੱਸ ਰਹੇ ਹੋ, ਇਸ ਤਰ੍ਹਾਂ ਦੇ ਸੈਨਿਕ ਦਸਤੇ ਨੂੰ ਅਸਾਂ ਨਹੀਂ ਵੇਖਿਆ।"

"ਅੱਛਾ! ਜੇ ਇਸ ਬਾਰੇ ਤੁਹਾਨੂੰ ਕੁਝ ਦਿਸੇ ਜਾਂ ਪਤਾ ਲੱਗੇ ਤਾਂ ਜਲਦੀ ਹੀ ਭੱਟਿਕਾ ਦਾ ਰਾਜਾ ਵਿਜੈ ਰਾਏ ਜਾਂ ਵੇਹਿੰਦ ਦੇ ਰਾਜਕੁਮਾਰ ਆਨੰਦਪਾਲ ਨੂੰ ਜਾ ਖ਼ਬਰ ਕਰਨਾ।"

ਕੁਝ ਦੇਰ ਬਾਅਦ ਇਹ ਖੇਤਰਿਕ ਅਤੇ ਤੀਵੀਆਂ ਆਪਣੇ ਘਰਾਂ ਵੱਲ ਤੁਰ ਪਏ। ਰੁਮਕ ਰੁਮਕ ਠੰਢੀ ਹਵਾ ਚੱਲਣ ਲੱਗੀ। ਤੀਵੀਆਂ ਦੁਆਰਾ ਪਾਏ ਕੱਪੜੇ ਹਵਾ ਨਾਲ ਉੱਡਣ ਲੱਗੇ ਤਾਂ ਉਨ੍ਹਾਂ ਨੇ ਆਪਣੇ ਸਰੀਰ ਦੁਆਲੇ ਚੰਗੀ ਤਰ੍ਹਾਂ ਲਪੇਟ ਲਏ।

ਆਨੰਦਪਾਲ ਦੇ ਜਾਂਦਿਆਂ ਦੀ ਪਿੱਠ ਤੱਕਦਿਆਂ ਪਾਖੀ ਮੱਧਮ ਸੁਰ 'ਚ ਗਾਉਣ ਲੱਗੀ,

"ਲੰਮੇ ਗੋਰੇ ਰਾਜਾ ਜੀ ਆਏ/ ਕਾਲੀਆਂ ਕਾਲੀਆਂ ਅੱਖੀਆਂ/ ਡੋਲੀ ਦੇ ਵਿਚ ਸੁੰਦਰੀ ਆਈ / ਬਾਂਦੀਆਂ ਝੱਲਣ ਪੱਖੀਆ / ਹੱਥ 'ਚ ਸੋਟੀ ਬੋਲ ਕਰੋਧੀ / ਧਮ ਧਮ ਕਰਦੇ ਆਏ / ਚੁੱਕ ਕੇ ਲੈ ਗਏ ਦਾਣੇ ਸਾਡੇ / ਦਿਨ ਭਰ ਢੇਰ ਜੋ ਲਾਏ

ਦੂਜੀ ਗਾਉਣ ਲੱਗੀ-'ਭਾਜੋਂ' ਦੀ ਸੁੰਦਰੀ, ਮਿੱਟੀ ਸਕੋਰਾ (ਕਸੋਰਾ) / ਭਾਜੋ ਦੇ ਮੱਥੇ ਤੇ ਸੰਧੂਰ ਦਾ ਟਿੱਕਾ / ਮਿੱਟੀ 'ਚੋਂ ਢੁਲਦੇ ਦਾ ਭਾਜੋਂ ਦੇ ਅੰਗ / ਓ ਮਿੱਟੀਏ ਓ ਮਿੱਟੀਏ ਰਹਾਂ ਤੇਰੇ ਸੰਗ

ਮੁਬਾਇਲ-81307-82551✪



## ਲਵ ਸਟੋਰੀ 'ਚ ਗ਼ਰੀਬੀ ਦਾ ਮਸਲਾ/ - ਪਰਗਟ ਸਿੰਘ ਸਤੌਜ

ਜੂਨ ਦਾ ਮਹੀਨਾ ਚੜ੍ਹ ਗਿਆ ਸੀ। ਗਰਮੀ ਨੇ ਅੱਕਾਂ ਦੇ ਦੁੱਧ ਵੀ ਸੁਕਾ ਦਿੱਤੇ ਸਨ। ਲਾਇਟ ਪੰਦਰਾਂ ਮਿੰਟ ਆ ਜਾਂਦੀ ਅਤੇ ਫਿਰ ਘੰਟੇ ਲਈ ਗਾਇਬ ਹੋ ਜਾਂਦੀ। ਲਾਇਟ ਆਉਣ ਤੇ ਲੋਕ ਪੱਖਿਆਂ ਥੱਲੇ ਆ ਜੁੜਦੇ। ਲਾਇਟ ਜਾਣ ਨਾਲ ਹੀ ਦਰੱਖਤਾਂ ਦੀ ਛਾਂ ਥੱਲੇ ਆਸਰਾ ਲੈਣ ਲਈ ਮੰਜੇ ਚੁੱਕ ਕੇ ਤੁਰ ਪੈਂਦੇ। ਇੱਕ ਮੈਂ ਹੀ ਸੀ ਜਿਹੜਾ ਪਿੱਛਲੇ ਵੀਹ ਦਿਨਾਂ ਤੋਂ ਇੱਕੋ ਸਬਾਤ ਵਿੱਚ ਪਿਆ ਮੌਤ ਨੂੰ ਉਡੀਕ ਰਿਹਾ ਸਾਂ। ਹੁਣ ਤਾਂ ਹਵਾ ਲੈ ਕੇ ਵੀ ਕੀ ਕਰਨਾ ਸੀ। ਪਤਾ ਨਹੀਂ ਕਦੋਂ ਭੌਰ ਨੇ ਉਡਾਰੀ ਮਾਰ ਜਾਣੀ ਹੈ। ਲਾਇਟ ਆਈ ਸੀ ਅਤੇ ਦਸ ਮਿੰਟ ਬਾਅਦ ਫਿਰ ਚਲੀ ਗਈ। ਮੁੜ੍ਹਕਾ ਹੁਣ ਮੇਰੇ ਮੱਥੇ ਤੋਂ ਕੰਨਾਂ ਤੱਕ ਉੱਤਰ ਅਇਆ ਸੀ। ਜੀਅ ਘਬਰਾਉਣ ਲੱਗਿਆ ਸੀ। ਸਿਰ 'ਚੋਂ ਦਰਦ ਉੱਠ ਰਿਹਾ ਸੀ। ਜੀਅ ਕਰਦਾ ਸੀ ਆਰੀ ਨਾਲ ਮੱਥੇ ਤੋਂ ਲੈ ਕੇ ਪਿੱਛੇ ਤੱਕ ਸਿਰ ਨੂੰ ਚੀਰ ਦੇਵਾਂ। ਮੈਂ ਸਿਰਹਾਣੇ ਪਿਆ ਪਰਨਾ ਚੁੱਕ ਕੇ ਮੁੜ੍ਹਕੇ ਨਾਲ ਤਰ-ਬਤਰ ਹੋਇਆ ਮੂੰਹ ਪੂੰਝ ਲਿਆ। ਢਿੱਡ ਤੋਂ ਬੁਨੈਣ ਚੁੱਕ ਕੇ ਛਾਤੀ ਤੱਕ ਕੱਪੜਾ ਮਾਰ ਲਿਆ। ਸੁੱਕਦੇ ਜਾਂਦੇ ਬੁੱਲ੍ਹਾਂ ਨੂੰ ਦੋ ਘੁੱਟਾਂ ਪਾਣੀ ਦੀਆਂ ਲਾ ਕੇ ਮੁੜ ਮੰਜੇ ਤੇ ਲੇਟ ਗਿਆ।

ਮਾਂ ਨੇ ਮੇਰੇ ਤੋਂ ਕਿੰਨੀਆਂ ਉਮੀਦਾਂ ਲਾਈਆਂ ਸਨ। ਪਰ ਉਸਨੂੰ ਕੀ ਪਤਾ ਸੀ ਕਿ ਅਜੇ ਉਸ ਉੱਤੇ ਕਿੰਨੇ ਦੁੱਖਾਂ ਦੇ ਪਹਾੜ ਟੁੱਟਣੇ ਸਨ। ਮਾਂ ਦਾ ਜਿਗਰਾ ਧੰਨ ਸੀ ਜਿਹੜੀ ਦੁੱਖਾਂ ਦੀ ਏਨੀ ਭਾਰੀ ਪੰਡ ਨੂੰ ਮੋਢਿਆਂ ਤੇ ਚੁੱਕੀਂ ਤੁਰੀ ਫਿਰਦੀ ਸੀ। ਪਹਿਲਾਂ ਸੱਸ ਸਹੁਰੇ ਵੇਲੇ ਉਸਨੇ ਕੋਈ ਸੁੱਖ ਨਾ ਭੋਗਿਆ। ਫੇਰ ਬਾਪੂ ਦੇ ਨਸ਼ੇ ਪੱਤੇ ਨੇ ਉਸਨੂੰ ਸੂਲੀ ਤੇ ਟੰਗੀ ਰੱਖਿਆ। ਉਸਦੀ ਇੱਕੋ-ਇੱਕ ਬਚਦੀ ਆਸ ਮੈਂ ਸਾਂ। ਹੁਣ ਮੈਂ ਵੀ ਮੰਜੇ ਤੇ ਪੈ ਗਿਆ ਸਾਂ।

ਜਿਸ ਦਿਨ ਮੈਂ ਪੜ੍ਹਾਈ ਛੱਡ ਕੇ ਚਾਚੇ ਸਰਬੇ ਨਾਲ ਇੱਟਾਂ ਪੱਥਣ ਤੁਰ ਪਿਆ ਸਾਂ, ਉਸ ਦਿਨ ਮਾਂ ਦੀਆਂ ਅੱਖਾਂ 'ਚ ਆਇਆ ਪਾਣੀ ਸਦਾ ਲਈ ਮੇਰੀ ਚੇਤਨਾ 'ਚ ਠਹਿਰ ਗਿਆ ਸੀ। ਮਾਂ ਦੀਆਂ ਉਸ ਦਿਨ ਭਰ ਆਈਆਂ ਅੱਖਾਂ ਮੈਨੂੰ ਦਿਨ ਰਾਤ ਦਿਸਦੀਆਂ ਰਹਿੰਦੀਆਂ। ਉਨ੍ਹਾਂ ਅੱਖਾਂ ਵਿੱਚ ਕਿੰਨਾ ਹੀ ਕੁਝ ਹੁੰਦਾ। ਧੁੰਦਲੀ ਜਿਹੀ ਉਮੀਦ, ਉਦਾਸੀ, ਬੇਵਸੀ ਅਤੇ ਇਨ੍ਹਾਂ ਦੇ ਨਾਲ ਨਾਲ ਕਿੰਨੇ ਹੀ ਸਵਾਲ ਮੈਂ ਮਾਂ ਦੀਆਂ ਅੱਖਾਂ ਵਿੱਚ ਲਟਕਦੇ ਵੇਖੇ ਸਨ। ਇਹ ਸਵਾਲ ਪਤਾ ਨਹੀਂ ਮੇਰੇ ਲਈ ਸਨ ਜਾਂ ਇਸ ਸਮਾਜ ਲਈ। ਮਾਂ ਦੀਆਂ ਉਹ ਭਰੀਆਂ ਅੱਖਾਂ ਮੇਰੇ ਨਾਲ ਨਾਲ ਤੁਰਦੀਆਂ, ਮੈਨੂੰ ਟਿਕਣ ਨਾ ਦਿੰਦੀਆਂ। ਮੈਂ ਮਾਂ ਨੂੰ ਸੁੱਖ ਦੇਣ ਲਈ ਆਪ ਦਿਨ-ਰਾਤ ਇੱਕ ਕਰ ਰੱਖਦਾ। ਕਦੇ ਕਦੇ ਮਾਂ ਦੀਆਂ ਇਨ੍ਹਾਂ ਉਦਾਸ ਅੱਖਾਂ ਵਿੱਚ ਭਵਿੱਖ ਦੀ ਕਿਆਸ-ਅਰਾਈ ਕਰਦਿਆਂ ਚਮਕ ਵੀ ਆ ਜਾਂਦੀ। ਮੈਨੂੰ ਪਤਾ ਲੱਗ ਜਾਂਦਾ ਹੁਣ ਮਾਂ ਨੇ ਕੀ ਕਹਿਣਾ ਹੈ। ਮੈਂ ਅੱਗੋਂ ਮੁਸਕਰਾ ਦਿੰਦਾ। ਮਾਂ ਮੇਰੀ ਉਮੀਦ ਅਨੁਸਾਰ ਹੀ ਬੋਲਦੀ, "ਹੁਣ ਤੂੰ ਵਿਆਹ ਕਰਵਾ ਲੈ! ਮੈਂ ਹੁਣ ਕਿੰਨਾ ਕੁ ਚਿਰ ਕਰਦੀ ਰਹੂੰਗੀ ਤੇਰਾ ਗੋਲਾ-ਧੰਦਾ।"

"ਅਜੇ ਕੀ ਹੋਇਐ ਵਿਆਹ ਨੂੰ, ਅਜੇ ਨੀ ਮੈਂ ਕਰਾਉਂਦਾ।" ਅੱਗੋਂ ਮੈਂ ਹੱਸ ਕੇ ਜਵਾਬ ਦਿੰਦਾ ਕਿਸੇ ਹੋਰ ਕੰਮ ਲੱਗ ਜਾਂਦਾ।

ਮੈਨੂੰ ਵੀ ਪਤਾ ਸੀ ਅਤੇ ਮਾਂ ਨੂੰ ਵੀ ਚਾਨਣ ਸੀ ਕਿ ਇਹ ਤਾਂ ਇੱਕ ਮਨ ਨੂੰ ਢਾਰਸ ਦੇਣ ਵਾਲੀਆਂ ਗੱਲਾਂ ਸਨ। ਇੱਕ ਦਿਹਾੜੀ ਕਰਨ ਵਾਲੇ ਸੁਨਿਆਰਾਂ ਦੇ ਮੁੰਡੇ ਨੂੰ ਕਿਹੜਾ ਆਪਣੀ ਕੁੜੀ ਦੇ ਦਿੰਦਾ?

ਮਾਂ ਸਾਰੇ ਬੀਹੀ ਵਿਹੜੇ ਕੋਲ ਸਵਾਲ ਪਾਉਂਦੀ, "ਸਾਡੇ ਬਲਵੰਤ ਨੂੰ ਰਿਸ਼ਤਾ ਕਰਵਾਓ।" ਕਦੇ ਮਾਂ ਕਿਸੇ ਨੂੰ ਵਿਚੋਲਗਿਰੀ ਦਾ ਦੋ ਤੋਲਿਆਂ ਦਾ ਕੜਾ ਪਾਉਣ ਦਾ ਲਾਲਚ ਦਿੰਦੀ। ਪਰ ਕੁੜੀਆਂ ਕਿਹੜਾ

ਦਰੱਖ਼ਤਾਂ ਤੇ ਲਗਦੀਆਂ ਸਨ ਜਿਹੜਾ ਕੋਈ ਤੋੜ ਕੇ ਮਾਂ ਦੀ ਝੋਲੀ ਪਾ ਦਿੰਦਾ। ਮੇਰੀ ਉਮਰ ਦੇ ਵਧਣ ਨਾਲ ਮਾਂ ਦਾ ਇਹ ਸਵਾਲ ਹੌਲੀ ਹੌਲੀ ਤਰਲਿਆਂ ਵਿੱਚ ਤਬਦੀਲ ਹੋ ਗਿਆ। ਮਾਂ ਦੇ ਤਰਲੇ ਵੀ ਕਿਸੇ ਕੰਮ ਨਾ ਆਏ। ਮੈਂ ਪੈਂਤੀਆਂ ਤੋਂ ਟੱਪ ਗਿਆ।

ਮੇਰੇ ਵਿਆਹ ਵਾਲੀ ਉਮਰ ਲੰਘ ਜਾਣ ਨਾਲ ਹੁਣ ਮਾਂ ਨੇ ਵੀ ਉਮੀਦ ਤਿਆਗ ਦਿੱਤੀ ਸੀ। ਉਸਦਾ ਕਦੇ ਕਦੇ ਖਿੜ ਉੱਠਦਾ ਚਿਹਰਾ ਹੁਣ ਬਿਲਕੁੱਲ ਬੁਝ ਗਿਆ ਸੀ। ਵਾਲਾਂ ਤੇ ਸਫ਼ੈਦ ਪੋਚਾ ਫਿਰ ਗਿਆ ਸੀ ਅਤੇ ਚਿਹਰਾ ਝੁਰੜੀਆਂ ਨੇ ਮੱਲ ਲਿਆ ਸੀ। ਲਗਦਾ ਸੀ ਮਾਂ ਦੋ ਸਾਲਾਂ ਵਿੱਚ ਹੀ ਬੜੀ ਤੇਜ਼ੀ ਨਾਲ ਬੁੱਢੀ ਹੋ ਗਈ ਸੀ।

ਮੇਰੇ ਸਿਰ 'ਚ ਦਰਦ ਰਹਿਣ ਲੱਗਿਆ ਸੀ। ਮੈਂ ਸਿਰ ਦੁਖਦੇ ਦੀ ਗੋਲੀ ਲੈ ਕੇ ਕੰਮ ਉੱਤੇ ਤੁਰ ਜਾਂਦਾ। ਹੌਲੀ ਹੌਲੀ ਦਰਦ ਵਧਣ ਲੱਗਿਆ ਸੀ। ਮੈਂ ਗੋਲੀ ਦੇ ਨਾਲ ਨਾਲ ਚਾਚੇ ਸਰਬੇ ਦੇ ਕਹਿਣ ਤੇ ਅਫ਼ੀਮ ਵੀ ਲੈਣ ਲੱਗ ਪਿਆ। ਮੈਨੂੰ ਪੈਸੇ ਲਾ ਕੇ ਆਪਣਾ ਇਲਾਜ ਕਰਵਾਉਣ ਨਾਲੋਂ ਆਪਣਾ ਅਤੇ ਮਾਂ ਦਾ ਰੋਟੀ ਨਾਲ ਢਿੱਡ ਭਰਨਾ ਜ਼ਿਆਦਾ ਜ਼ਰੂਰੀ ਲਗਦਾ ਸੀ। ਜਿੰਨੇ ਦਿਨ ਮੈਥੋਂ ਲੰਘੇ, ਮੈਂ ਦੰਦਾਂ ਥੱਲੇ ਜੀਭ ਦੇ ਕੇ ਲੰਘਾ ਲਏ ਪਰ ਦਰਦ ਤਾਂ ਦਿਨੋ-ਦਿਨ ਵਧਦਾ ਜਾ ਰਿਹਾ ਸੀ।

ਇੱਕ ਦਿਨ ਤਾਂ ਮੈਨੂੰ ਦੌਰਾ ਵੀ ਪੈ ਗਿਆ। ਉਸ ਦਿਨ ਮੈਂ ਭੱਠੇ ਤੇ ਇੱਟਾਂ ਪੱਥ ਰਿਹਾ ਸੀ। ਮੇਰੇ ਦੌਰਾ ਪਿਆ ਦੇਖ ਸਾਰੀ ਲੇਬਰ ਇਕੱਠੀ ਹੋ ਗਈ। ਚਾਚਾ ਸਰਬਾ ਤੇ ਹੋਰ ਬੰਦੇ ਮੈਨੂੰ ਬੇਸੁਰਤ ਹੋਏ ਨੂੰ ਭੀਖੀ ਡਾਕਟਰ ਦੇ ਲੈ ਆਏ ਸਨ। ਮੈਨੂੰ ਤਾਂ ਡਾਕਟਰ ਦੇ ਆ ਕੇ ਹੀ ਸੁਰਤ ਆਈ ਸੀ। ਭੱਠੇ ਤੇ ਕੰਮ ਕਰਦੇ ਕਈਆਂ ਨੇ ਵਹਿਮ ਪਾ ਦਿੱਤਾ ਕਿ ਇਹ ਤਾਂ ਮਿਰਗੀ ਦਾ ਦੌਰਾ ਹੈ। ਮੈਨੂੰ ਕਿਸੇ ਨੇ ਹਰਿਆਣੇ ਵੈਦ ਦੀ ਦੱਸ ਪਾਈ। ਮੈਂ ਓਥੋਂ ਜਾ ਕੇ ਵੀ ਦੇਸੀ ਦਵਾਈ ਪੀ ਆਇਆ ਪਰ ਦੌਰਿਆਂ ਨੂੰ ਕੋਈ ਫ਼ਰਕ ਨਾ ਪਿਆ ਸਗੋਂ ਦਿਨੋ-ਦਿਨ ਵਧਦੇ ਗਏ।

ਹੁਣ ਮੈਂ ਕੰਮ ਤੇ ਜਾਣਾ ਵੀ ਘੱਟ ਕਰ ਦਿੱਤਾ ਸੀ। ਇੱਕ ਦਿਨ ਮੇਰੇ ਪਹਿਲਾਂ ਨਾਲੋਂ ਵੀ ਭਿਆਨਕ ਦੌਰਾ ਪਿਆ। ਉਸ ਦਿਨ ਵੀ ਮੈਂ ਭੱਠੇ ਉੱਪਰ ਹੀ ਸਾਂ। ਮੇਰੀ ਹਾਲਤ ਵੇਖ ਕੇ ਸਰਬੇ ਚਾਚੇ ਨੇ ਮੈਨੂੰ ਤਕੜਾਈ ਨਾਲ ਕਿਹਾ, "ਬੰਤੀ, ਇਹਦੀ ਦਵਾਈ ਦਵੂਈ ਲੈ ਭਾਈ ਤੂੰ ਕਿਸੇ ਡਾਕਟਰ ਦਿਓਂ।"

"ਚਾਚਾ, ਡਾਕਟਰ ਹੁਣ ਊਂ ਵੱਢ ਕੇ ਖਾ ਲੈਂਦੇ ਨੇ ਸਾਲੇ।" ਮੇਰੀ ਆਰਥਿਕ ਤੰਗੀ ਵੇਖ ਕੇ ਮੇਰਾ ਦਿਲ ਧੜਕਿਆ ਸੀ।

"ਤੂੰ ਐਂ ਕਰੀਂ। ਤੇਰਾ ਬੱਸ ਕੱਲਾ ਆਉਣ-ਜਾਣ ਦਾ ਭਾੜਾ ਕਿਰਾਇਆ ਲੱਗਣੈ। ਸੰਗਰੂਰ ਸਰਕਾਰੀ 'ਚ ਦਿਖਾ ਕੇ ਆ। ਹੁਣ ਤਾਂ ਦਵਾਈ ਵੀ ਹਸਪਤਾਲ 'ਚੋਂ ਈ ਮਿਲ ਜਾਂਦੀ ਐ।"

"ਚਲ ਕੱਲ੍ਹ ਨੂੰ ਦੇਖਦਾਂ ਫੇਰ।" ਚਾਚੇ ਨੇ ਮੈਨੂੰ ਇੱਕ ਉਮੀਦ ਜਿਹੀ ਬੰਨ੍ਹਾਂ ਦਿੱਤੀ ਸੀ। ਅਗਲੇ ਦਿਨ ਮੈਂ ਪੰਜ ਸੌ ਰੁਪਈਆ ਸਮਸ਼ੇਰ ਤੋਂ ਫੜ ਕੇ ਸੰਗਰੂਰ ਨੂੰ ਚੜ੍ਹ ਗਿਆ।

ਕਾਊਂਟਰ ਤੋਂ ਜਦੋਂ ਦੋ ਰੁਪਈਆਂ ਦੀ ਪਰਚੀ ਕਟਵਾਈ ਤਾਂ ਮੈਨੂੰ ਚਾਅ ਜਿਹਾ ਚੜ੍ਹ ਗਿਆ। ਮਨ 'ਚ ਸੌ ਧੰਨਵਾਦ ਕੀਤਾ, 'ਸਰਕਾਰ ਨੇ ਆਹ ਤਾਂ ਗਰੀਬਾਂ ਲਈ ਚੰਗਾ ਕੀਤਾ।'

ਅੱਗੇ ਜਾ ਕੇ ਡਾਕਟਰ ਤੋਂ ਦਵਾਈ ਲੈਣ ਲਈ ਲਾਇਨ 'ਚ ਲੱਗ ਗਿਆ। ਮੈਂ ਲਾਇਨ 'ਚ ਖੜ੍ਹਾ ਅੱਕ ਰਿਹਾ ਸਾਂ। ਲਾਇਨ, ਪਿੱਛਾ ਮਰੇ ਕੁੱਤੇ ਵਾਂਗ ਹੌਲੀ ਹੌਲੀ ਸਰਕ ਰਹੀ ਸੀ। ਮੇਰਾ ਸਿਰ ਦਰਦ ਨਾਲ ਬੁਰਾ ਹਾਲ ਸੀ। ਦੋ ਗਾਤਰੇ ਪਾਈਂ, ਮੋਟੀਆਂ ਗੋਗੜਾਂ ਵਾਲੇ ਬੰਦੇ ਬਿਨ੍ਹਾਂ ਲਾਇਨ 'ਚ ਲੱਗਿਆਂ ਸਿੱਧਾ ਡਾਕਟਰ ਕੋਲ ਜਾ ਬੈਠੇ। ਦੋਵਾਂ ਨੇ ਵਾਰੀ ਵਾਰੀ ਦਵਾਈ ਲਈ। ਉਨ੍ਹਾਂ ਦੇ ਗਿਆਂ ਤੋਂ ਅਜੇ ਡਾਕਟਰ ਨੇ ਦੋ ਮਰੀਜ਼ ਹੋਰ ਵੇਖੇ ਸਨ ਕਿ ਇੱਕ ਪੈਂਟ ਕੋਟ ਵਾਲਾ ਆਪਣੀ ਪਤਨੀ ਨੂੰ ਲਈਂ ਸਿੱਧਾ ਡਾਕਟਰ ਕੋਲ ਵੱਜਿਆ।



ਲਾਇਨ 'ਚ ਖੜ੍ਹੇ ਸਾਰੇ ਲੋਕ ਤਰਸ ਭਰੀਆਂ ਨਿਗਾਹਾਂ ਨਾਲ ਡਾਕਟਰ ਵੱਲ ਵੇਖਦੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਡਾਕਟਰ ਉਨ੍ਹਾਂ ਨੂੰ ਦਵਾਈ ਦਿੰਦਾ ਚਾਹ ਪੀਣ 'ਚ ਰੁੱਝਿਆ ਸੀ। ਮੈਨੂੰ ਹੋਰ ਖਿਝ ਚੜ੍ਹ ਰਹੀ ਸੀ। ਮਨ ਬੇਕਾਬੂ ਹੁੰਦਾ ਜਾ ਰਿਹਾ ਸੀ। ਜੀਅ ਕਰਦਾ ਸੀ ਡਾਕਟਰ ਦਾ ਗਲਾਵਾਂ ਫੜ੍ਹ ਕੇ ਕੁਰਸੀ ਤੋਂ ਹੇਠ ਘੜੀਸ ਲਵਾਂ। ਕਹਾਂ, 'ਅਸੀਂ ਸਾਲਿਆ ਕੀੜੇ-ਮਕੌੜੇ ਆਂ, ਵੀ ਇਹ ਕਿਤੇ ਉੱਤੋਂ ਉੱਤਰੇ ਨੇ। ਜੇ ਦਵਾਈ ਲੈਣੀ ਐਂ ਤਾਂ ਇਹ ਵੀ ਲਾਇਨ 'ਚ ਲੱਗਣ। ਜਿਹੋ-ਜਿਹੀ ਤਰਲੀਫ਼ ਇਨ੍ਹਾਂ ਨੂੰ, ਓਹੋ ਜਿਹੀ ਸਾਨੂੰ ਐ। ਸਾਨੂੰ ਘੰਟਾ ਹੋ ਗਿਆ ਲਾਇਨ 'ਚ ਖੜ੍ਹਿਆਂ ਨੂੰ। ਇਹ ਬਿਨ੍ਹਾਂ ਲਾਇਨ ਤੋਂ ਦਵਾਈ ਲੈ ਲੈ ਤੁਰੀ ਜਾਂਦੇ ਨੇ। ਤੂੰ ਸਰਕਾਰ ਤੋਂ ਤਨਖ਼ਾਹ ਲੈਂਦਾ ਵੀ ਬੇਈਮਾਨੀ ਕਰੀ ਜਾਨੈ।' ਮੈਂ ਬਗ਼ਾਵਤ ਕਰਨ ਲਈ ਮਨ ਹੀ ਮਨ, ਕਹਿਣ ਵਾਲੇ ਸ਼ਬਦ ਦੁਹਰਾ ਰਿਹਾ ਸਾਂ। ਮੇਰਾ ਜਬਤ ਟੁੱਟਣ ਹੀ ਵਾਲਾ ਸੀ ਕਿ ਏਨੇ ਨੂੰ ਉਹ ਮਰੀਜ਼ ਉੱਠ ਕੇ ਚਲਾ ਗਿਆ। ਸੋਚਿਆ, ਜੇ ਹੁਣ ਕੋਈ ਇਸ ਤਰ੍ਹਾਂ ਆ ਗਿਆ ਤਾਂ ਹਰ ਹਾਲਤ 'ਚ ਮੈਂ ਬੋਲ ਪੈਣਾ ਹੈ। ਪਰ ਮੇਰੇ ਦਵਾਈ ਲੈਣ ਤੱਕ ਅਜਿਹਾ ਮਰੀਜ਼ ਹੋਰ ਕੋਈ ਨਾ ਪਹੁੰਚਿਆ। ਡਾਕਟਰ ਨੇ ਮੇਰਾ ਚੈਕਅੱਪ ਕੀਤਾ ਅਤੇ ਪਰਚੀ ਤੇ ਦਵਾਈ ਲਿਖ ਦਿੱਤੀ, "ਜੇ ਨਾ ਠੀਕ ਹੋਇਆ ਤਾਂ ਸਿਰ ਦੀ ਈ. ਈ. ਜੀ. ਕਰਵਾ ਕੇ ਦੇਖਾਂਗੇ।"

ਮੈਂ ਪਰਚੀ ਲੈ ਕੇ ਦਵਾਈ ਵਾਲੇ ਕਾਊਂਟਰ ਤੇ ਚਲਾ ਗਿਆ। ਕਾਊਂਟਰ ਤੇ ਬੈਠਾ ਮੁੰਡਾ ਮੇਰੀ ਪਰਚੀ ਪੜ੍ਹਦਿਆਂ ਮੇਰੇ ਵੱਲ ਗੁੱਝਾ ਹੱਸ ਰਿਹਾ ਸੀ। ਜਦ ਮੈਂ ਉਸਦੀ ਹਾਸੀ ਦਾ ਭਾਵ ਨਾ ਸਮਝਦਿਆਂ ਸਵਾਲੀਆ ਨਜ਼ਰਾਂ ਉਸ ਤੇ ਗੱਡੀਆਂ ਤਾਂ ਉਹ ਬੋਲ ਪਿਆ, "ਡਾਕਟਰ ਸੰਜੀਵ ਨੇ ਲਿਖੀ ਐ ਦਵਾਈ?"

"ਹਾਂ।" ਹੁਣ ਉਸ ਦੀ ਕੁਝ ਕੁਝ ਗੱਲ ਮੈਂ ਸਮਝ ਗਿਆ ਸੀ।

"ਇਹਦੀ ਲਿਖੀ ਤਾਂ ਸਾਰੀ ਹੀ ਬਾਹਰੋਂ ਮਿਲੂ।" ਮੁੰਡੇ ਨੇ ਮੁਸਕਰਾਉਂਦਿਆਂ ਪਰਚੀ ਮੇਰੇ ਹੱਥ 'ਚ ਫੜਾ ਦਿੱਤੀ। ਬੜਾ ਗੁੱਸਾ ਆਇਆ ਡਾਕਟਰ ਤੇ, 'ਸਾਲੇ ਰੁੱਗ ਤਨਖ਼ਾਹਾਂ ਦਾ ਲੈ ਕੇ ਵੀ ਨੀ ਰੱਜਦੇ। ਦੁਖੀਆਂ ਦਾ ਮਾਸ ਖਾਣ ਨੂੰ ਫਿਰਦੇ ਨੇ। ਕੀ ਸਾਲਿਆ ਸਿਰ ਦੁਖਦੇ ਦੀ ਤੀਹ ਚਾਲੀ ਦੀ ਦਵਾਈ 'ਚੋਂ ਕਮਿਸ਼ਨ ਖਾਮੇਂਗਾ?' ਮੈਂ ਮਨ 'ਚ ਡਾਕਟਰ ਨੂੰ ਗਾਲ਼ਾਂ ਦਿੰਦਾ ਹਸਪਤਾਲ ਤੋਂ ਬਾਹਰ ਬਣੀਆਂ ਪ੍ਰਾਈਵੇਟ ਦੁਕਾਨਾਂ ਤੇ ਆ ਗਿਆ। ਇੱਕ ਦੁਕਾਨ ਤੇ ਭੀੜ ਘੱਟ ਵੇਖ ਕੇ ਪਰਚੀ ਮਰੂ ਜਿਹੇ ਮੁੰਡੇ ਨੂੰ ਫੜਾ ਦਿੱਤੀ, "ਆਹ ਕੱਢੀਂ ਬਾਈ ਦਵਾਈ।"

ਉਸਨੇ ਤਿੰਨ ਚਾਰ ਛੋਟੇ ਛੋਟੇ ਪੱਤੇ ਕਾਲੇ ਲਿਫ਼ਾਫ਼ੇ ਵਿੱਚ ਪਾ ਕੇ ਫੜਾ ਦਿੱਤੇ, "ਲਓ ਜੀ।"

"ਕਿੰਨੇ ਪੈਸੇ?" ਮੈਂ ਦਵਾਈ ਜੇਬ 'ਚ ਪਾ ਕੇ ਬਟੂਏ 'ਚੋਂ ਸੌ ਰੁਪਏ ਨੂੰ ਹੱਥ ਪਾ ਲਿਆ। ਸੋਚਿਆ ਸੀ, ਤੀਹ ਚਾਲੀ ਦੀ ਦਵਾਈ ਹੋਵੇਗੀ ਬਾਕੀ ਭਾੜਾ ਕਿਰਾਇਆ ਲਾਉਣ ਨੂੰ ਖੁੱਲ੍ਹੇ ਪੈਸੇ ਮਿਲ ਜਾਣਗੇ।

"ਚਾਰ ਸੌ ਵੀਹ।" ਸੁਣ ਕੇ ਮੇਰਾ ਸਿਰ ਚਕਰਾ ਗਿਆ। 'ਸਿਰ ਦਰਦ ਦੀ ਦਵਾਈ ਦੇ ਏਨੇ ਰੁਪਏ! ਏਦੂੰ ਤਾਂ ਸਾਡੇ ਪਿੰਡਾਂ ਵਾਲੇ ਝੋਲਾ ਛਾਪ ਡਾਕਟਰ ਸੌ ਗੁਣਾਂ ਚੰਗੇ ਨੇ ਜਿਹਨਾਂ ਤੋਂ ਕੋਈ ਗ਼ਰੀਬ-ਗੁਰਬਾ ਰੁਪਈਏ ਦੋ ਰੁਪਈਆਂ ਦੀ ਗੋਲੀ ਲੈ ਕੇ ਡੰਗ ਸਾਰ ਲੈਂਦਾ ਹੈ।' ਮੈਂ ਅਣਮੰਨੇ ਜਿਹੇ ਮਨ ਨਾਲ ਪੈਸੇ ਦੇ ਕੇ ਬਰਨਾਲਾ ਚੌਂਕ ਨੂੰ ਤੁਰ ਪਿਆ, 'ਸਰਕਾਰ ਸਾਲੀ ਰੋਜ਼ ਟੀ. ਵੀ. 'ਚ ਮਸ਼ੂਰੀਆਂ ਦੇਈ ਜਾਊ ਅਕੇ ਹੁਣ ਸਰਕਾਰੀ ਹਸਪਤਾਲਾਂ 'ਚੋਂ ਮੁਫ਼ਤ ਦਵਾਈ ਮਿਲਦੀ ਐ। ਮੁਫ਼ਤ ਕੀ? ਇੱਥੇ ਤਾਂ ਬੰਦੇ ਦੇ ਕੱਪੜੇ ਲਾਹੁਣ ਤੱਕ ਜਾਂਦੇ ਨੇ। ਅੱਜ ਤੋਂ ਕੰਨਾਂ ਨੂੰ ਹੱਥ ਲਾਏ। ਏਨਾਂ ਜਲਾਦਾਂ ਕੋਲ਼ੇ ਫਸਣ ਨਾਲੋਂ ਤਾਂ ਕਿਸੇ ਪ੍ਰਾਈਵੇਟ ਹਸਪਤਾਲ 'ਚ ਜਾਣਾ ਸੌ ਗੁਣੇ ਚੰਗੈ। ਪੈਸੇ ਲੈ ਕੇ ਗੌਰ ਨਾਲ ਤਾਂ ਲਾਜ ਕਰਨਗੇ।' ਮੈਂ ਮਨ 'ਚ ਹੀ ਸਰਕਾਰ ਨੂੰ ਗਾਲਾਂ ਦਿੰਦਾ, ਮਨ ਨਾਲ ਢਾਅ-ਭੰਨ ਕਰਦਾ ਬਰਨਾਲਾ ਚੌਂਕ ਆ ਖੜ੍ਹਿਆ। ਸੁਨਾਮ ਨੂੰ ਜਾਣ ਵਾਲੀਆਂ ਹੋਰ ਵੀ ਕਈ ਸਵਾਰੀਆਂ ਖੜ੍ਹੀਆਂ ਸਨ। ਢਿੱਡੋਂ ਭੁੱਖਾ ਹੋਣ ਕਰਕੇ ਮੇਰੇ ਅੰਦਰ ਖੋਹ ਪੈ ਰਹੀ ਸੀ।

ਪਿਆਸ ਨਾਲ ਮੇਰਾ ਗਲਾ ਸੁੱਕ ਰਿਹਾ ਸੀ। ਨਾਲ ਹੀ ਜੂਸ ਵਾਲੀ ਦੁਕਾਨ ਵੇਖ ਕੇ ਮੇਰਾ ਜੀਅ ਕੀਤਾ, ਇੱਕ ਗਲਾਸ ਜੂਸ ਪੀ ਲਵਾਂ। ਏਨੇ ਨਾਲ ਢਿੱਡ ਨੂੰ ਢਾਰਸ ਜਿਹੀ ਆ ਜਾਵੇਗੀ। ਮੈਂ ਜੇਬ 'ਚ ਬਚੇ ਚਾਲੀ ਰੁਪਈਆਂ ਦਾ ਹਿਸਾਬ ਜੋੜਨ ਲੱਗਾ, 'ਇੱਥੋਂ ਸੁਨਾਮ ਤੱਕ ਦੇ ਪੰਦਰਾਂ। ਸੁਨਾਮ ਤੋਂ ਚਰਨਪੁਰ ਦੇ ਦਸ ਤੇ ਉਸ ਤੋਂ ਅੱਗੇ ਪੰਜ। ਬਾਕੀ ਬਚੇ ਦਸ ! ਜੇ ਜੂਸ ਵਾਲੇ ਨੇ ਪੰਦਰਾਂ ਵੀਹ ਮੰਗ ਲਏ?' ਮੇਰਾ ਅੰਦਰ ਧੜਕਿਆ। ਮੈਂ ਜੂਸ ਪੀਣ ਦਾ ਖ਼ਿਆਲ ਤਿਆਗ ਕੇ, ਜੂਸ ਵਾਲੇ ਤੋਂ ਫੋਕਾ ਪਾਣੀ ਮੰਗ ਲਿਆ। ਉਸਨੇ ਇੱਕ ਦੁਕਾਨ ਅੱਗੇ ਰੱਖੀ ਪਾਣੀ ਦੀ ਟੈਂਕੀ ਵੱਲ ਇਸ਼ਾਰਾ ਕਰ ਦਿੱਤਾ। ਮੈਂ ਉੱਥੋਂ ਦੋ ਗਲਾਸ ਪਾਣੀ ਦੇ ਪੀ ਕੇ ਅੰਦਰ ਠਾਰ ਲਿਆ। ਨਾਲ ਹੀ ਦਵਾਈ ਦੀ ਇੱਕ ਖ਼ੁਰਾਕ ਵੀ ਲੈ ਲਈ।

ਅੱਡੇ ਵੱਲੋਂ ਸੁਨਾਮ ਨੂੰ ਜਾਣ ਵਾਲੀ ਪ੍ਰਾਈਵੇਟ ਬੱਸ ਭਰੀ ਭਰਾਈ ਆਈ। ਸਾਰੀਆਂ ਸਵਾਰੀਆਂ ਧੁੱਸ ਦੇ ਕੇ ਚੜ੍ਹ ਗਈਆਂ। ਕੰਡਕਟਰ ਨੇ ਪਹਿਲਾਂ ਹੀ ਅਵਾਜ਼ ਲਾ ਦਿੱਤੀ ਸੀ, "ਰਾਹ ਦੀ ਕੋਈ ਸਵਾਰੀ ਨਾ ਹੋਵੇ ਬਈ.....। ਸਿੱਧੀ ਸੁਨਾਮ....., ਸਿੱਧੀ ਸੁਨਾਮ.... ਓ.....।" ਜਿੱਥੇ ਵੀ ਕਿਸੇ ਨੂੰ ਖੜ੍ਹਨ ਦੀ ਥੋੜ੍ਹੀ ਮੋਟੀ ਜਗ੍ਹਾ ਮਿਲੀ, ਉਹ ਉੱਥੇ ਹੀ ਖੜ੍ਹ ਗਿਆ। ਮੈਂ ਬਾਅਦ ਵਿੱਚ ਚੜ੍ਹਿਆ ਸੀ ਅਤੇ ਤਾਕੀ ਦੀਆਂ ਪੌੜੀਆਂ ਵਿੱਚ ਹੀ ਖੜ੍ਹਾ ਰਿਹਾ। ਸੁਨਾਮ ਆਉਂਦਿਆਂ ਤੱਕ ਮੇਰਾ ਸਿਰ ਦਰਦ ਸ਼ਾਂਤ ਹੋ ਗਿਆ ਸੀ। ਬੱਸ ਸੁਨਾਮ ਅੱਡੇ 'ਚ ਆਈ ਤਾਂ ਮੈਨੂੰ ਤਾਕੀ 'ਚ ਖੜ੍ਹਿਆਂ ਭੁਲੇਖਾ ਜਿਹਾ ਪਿਆ ਜਿਵੇਂ ਮੈਂ ਬੱਸ ਕੋਲੋਂ ਲੰਘਦੀ ਮਨੀ ਵੇਖੀ ਹੋਵੇ। ਮੈਂ ਬੱਸ 'ਚੋਂ ਉਤਰਨ ਸਾਰ ਕਾਹਲੀ ਕਾਹਲੀ ਬੱਸ ਸਟੈਂਡ ਦੇ ਅੰਦਰ ਆਇਆ। ਸਾਹਮਣੇ ਸੀਮਿੰਟ ਦੀ ਕੰਧੋਲੀ ਤੇ ਬਿਲਕੁੱਲ ਮਨੀ ਵਰਗੀ ਕੋਈ ਔਰਤ ਇੱਕ ਬੱਚੇ ਨੂੰ ਗੋਦੀ ਲਈਂ ਬੈਠੀ ਸੀ। ਮੈਨੂੰ ਨੜਿਨਵੇਂ ਫੀਸਦੀ ਯਕੀਨ ਸੀ ਕਿ ਇਹ ਮਨੀ ਹੀ ਹੈ। ਮਨ ਉਸਨੂੰ ਬੁਲਾਉਣ ਨੂੰ ਕਰ ਰਿਹਾ ਸੀ ਪਰ ਫਿਰ ਥੋੜ੍ਹਾ ਜਿਹਾ ਡਰ ਵੀ ਜਾਂਦਾ ਸਾਂ ਕਿ ਕਿਤੇ ਕੋਈ ਹੋਰ ਹੀ ਨਾ ਨਿੱਕਲ ਆਵੇ। ਉਸਦੀਆਂ ਖ਼ੂਬਸੂਰਤ ਨੀਲੀਆਂ ਅੱਖਾਂ ਮੇਰੇ ਸ਼ੱਕ ਨੂੰ ਰੱਦ ਕਰਦੀਆਂ ਕਹਿ ਰਹੀਆਂ ਸਨ, 'ਇਹ ਮਨੀ ਹੀ ਹੈ।' ਕੁਝ ਦੇਰ ਖੜ੍ਹ ਕੇ ਮੈਂ ਤਾੜ ਲਿਆ ਸੀ ਕਿ ਉਸ ਨਾਲ ਹੋਰ ਕੋਈ ਨਹੀਂ ਹੈ। ਮੈਂ ਹੌਸਲਾ ਕਰ ਕੇ ਉਸ ਕੋਲ ਜਾ ਖੜ੍ਹਿਆ, "ਤੁਸੀਂ ਸੰਗਤੀਵਾਲੇ ਤੋਂ ਓਂ ਜੀ?"

"ਹਾਂ।" ਉਸਨੇ ਬੇਪਛਾਣ ਜਿਹੀਆਂ ਨਜ਼ਰਾਂ ਨਾਲ ਮੈਨੂੰ ਵੇਖਦਿਆਂ ਸਿਰ ਹਿਲਾ ਦਿੱਤਾ।

"ਥੋਡਾ ਨਾਂ ਮਨੀ ਐ?" ਹੁਣ ਤਾਂ ਮੈਨੂੰ ਕੋਈ ਸ਼ੱਕ ਰਿਹਾ ਹੀ ਨਹੀਂ ਸੀ।

"ਹਾਂ ਜੀ।"

"ਮੈਨੂੰ ਪਛਾਣਿਆ?"

"ਤੁਸੀਂ ਮੇਰੀ ਭੈਣ ਨਾਲ ਪੜ੍ਹਦੇ ਹੁੰਦੇ ਸੀ?" ਉਸਨੇ ਉਲਟਾ ਮੈਨੂੰ ਸਵਾਲ ਕਰ ਦਿੱਤਾ। ਮੈਂ ਹੈਰਾਨ ਸੀ, ਸਮੇਂ ਦੀ ਧੂੜ ਨੇ ਮੇਰੇ ਨੈਣ ਨਕਸ਼ਾਂ ਨੂੰ ਏਨਾਂ ਬੇਪਛਾਣ ਕਰ ਦਿੱਤਾ ਸੀ ਕਿ ਜਿਹੜੀ ਅੱਜ ਤੱਕ ਮੇਰੇ ਦਿਲ 'ਚ ਵਸੀ ਰਹੀ ਹੈ ਉਹ ਹੀ ਮੈਨੂੰ ਪਹਿਚਾਣ ਨਹੀਂ ਰਹੀ ਸੀ।

"ਨਾਂ ! ਚੰਗੀ ਤਰ੍ਹਾਂ ਪਛਾਣੋ।" ਮੈਂ ਉਸਦੇ ਪੁਰਾਣੇ ਚੇਤਿਆਂ ਨੂੰ ਹਲੂਣ ਰਿਹਾ ਸੀ।

"ਨਾਂ ਮੇਰੇ ਤਾਂ ਧਿਆਨ 'ਚ ਨੀ।" ਉਸਨੇ ਮੁਸਕਰਾਉਂਦਿਆਂ ਨੀਵੀਂ ਪਾ ਲਈ।

"ਮੈਂ ਬੰਤੀ ਮਿਹਰਪੁਰ ਤੋਂ।"

"ਅੱਛਿਆ....!" ਉਹ ਇੱਕ ਦਮ ਚੌਂਕੀ ਜਿਵੇਂ ਹਨੇਰੇ 'ਚ ਅਚਾਨਕ ਲਾਈਟ ਆਉਣ ਨਾਲ ਸਭ ਕੁਝ ਦਿਖਾਈ ਦੇਣ ਲੱਗ ਪਿਆ ਹੋਵੇ, "ਮੇਰੇ ਤਾਂ ਪਛਾਣ 'ਚ ਈ ਨੀ ਆਏ ਤੁਸੀਂ। ਤੁਸੀਂ ਤਾਂ ਕਿੰਨਾ ਬਦਲ ਗੇ। ਮੈਨੂੰ ਕਿਮੇਂ ਪਛਾਣਿਆ ਫੇਰ ਤੁਸੀਂ?"

"ਤੇਰੀਆਂ ਅੱਖਾਂ ਤੋਂ।" ਸੱਚਮੁੱਚ ਮੈਂ ਉਸ ਜਿਹੀਆਂ ਖ਼ੂਬਸੂਰਤ ਨੀਲੀਆਂ ਅੱਖਾਂ ਜ਼ਿੰਦਗੀ 'ਚ ਹੋਰ ਕਿਸੇ



ਕੁੜੀ ਦੀਆਂ ਨਹੀਂ ਵੇਖੀਆਂ ਸਨ। ਸਮੇਂ ਦੀ ਮਾਰ ਨੇ ਚਾਹੇ ਉਸਦਾ ਚਿਹਰਾ-ਮੋਹਰਾ ਬਦਲ ਦਿੱਤਾ ਸੀ ਪਰ ਅੱਖਾਂ ਉਹੀ ਸਨ, "ਤੇਰੇ ਨਾਲ ਹੋਰ ਨੀ ਹੈਗਾ ਕੋਈ?" ਮੈਂ ਇੱਕ ਵਾਰ ਫਿਰ ਆਲੇ-ਦੁਆਲੇ ਵੇਖਿਆ।

"ਮੇਰੇ ਘਰ ਆਲੈ।"

"ਕਿੱਥੇ ਐ?"

"ਬਜ਼ਾਰ 'ਚ ਗਿਐ ਸੌਦਾ ਲੈਣ।"

"ਅੱਜ ਕਿੱਧਰੋਂ ਆਇਓਂ ਫੇਰ?"

"ਸੰਗਤੀਆਲੇ ਤੋਂ ਆਏ ਸੀ। ਹੁਣ ਪਿੰਡ ਜਾਨੇ ਆਂ।"

"ਕਿੱਥੇ ਵਿਆਹ ਕਰਵਾ ਲਿਆ ਸੀ?"

"ਮੌੜੀਂ।"

"ਮੌੜੀਂ ਤਾਂ ਮੈਂ ਮੇਰੇ ਦੋਸਤ ਨਾਲ ਗਿਆਂ ਕਈ ਵਾਰੀ।"

"ਹੁਣ ਆਏ ਤਾਂ ਘਰੇਂ ਆ ਕੇ ਜਾਇਓਂ, ਪੱਕਾ !"

"ਪਹਿਲਾਂ ਤੂੰ ਆ ਕੇ ਜਾਹ ਸਾਡੇ ਘਰੇਂ।"

"ਲੈ ਜ਼ੁਬਾਨ ਰਹੀ, ਮੈਂ ਜ਼ਰੂਰ ਆ ਕੇ ਜਾਊਂ। ਪਰ ਘਰੇਂ ਤੂੰ ਅਵਦਾ ਦੇਖ ਲੀਂ ਕਿਤੇ ਤੇਰੇ ਘਰ ਆਲੀ ਆਪਣੇ ਦੋਮਾਂ ਦੇ ਮਗਰ ਪੈਜੇ।" ਉਹ ਮੇਰੀਆਂ ਅੱਖਾਂ 'ਚ ਵੇਖਦੀ ਹਲਕਾ ਜਿਹਾ ਮੁਸਕਰਾਈ।

"ਘਰ ਆਲੀ ਤਾਂਹੀ ਮਗਰ ਪਊ, ਜੇ ਹੋਊ।"

"ਕਿਉਂ? ਤੈਂ ਵਿਆਹ ਨੀ ਕਰਵਾਇਆ?" ਉਸਦੇ ਗੋਰੇ ਮੱਥੇ ਤੇ ਹੈਰਾਨੀ ਦੀਆਂ ਤਿਊੜੀਆਂ ਉਭਰ ਆਈਆਂ।

"ਨਾਂਹ ! ਮੇਰਾ ਕੌਣ ਕਰਦੈ ਵਿਆਹ।" ਮੈਂ ਉੱਪਰੋਂ ਮੁਸਕਰਾਇਆ ਤੇ ਅੰਦਰੋਂ ਉਦਾਸ ਹੋ ਗਿਆ।

"ਵਿਆਹ ਕਰਵਾ ਲੈ ਕਿਤੇ ਛੜਾ ਈ ਨਾ ਮਰਜੀਂ।"

"ਤੇਰੇ ਸਹੁਰਿਆਂ ਤੋਂ ਕਰਵਾ ਦੇ, ਨਾਲੇ ਆਪਣਾ ਮਿਲਣ-ਗਿਲਣ ਬਣਿਆ ਰਹੂ।"

"ਲੈ ਫੇਰ ਮੈਂ ਭਾਲ਼ਦੀ ਆਂ ਕੋਈ ਕੁੜੀ।"

"ਜੇ ਆਪਾਂ ਨੂੰ ਗੱਲਾਂ ਕਰਦਿਆਂ ਨੂੰ ਤੇਰੇ ਘਰ ਆਲੇ ਨੇ ਦੇਖ ਲਿਆ?" ਮੈਂ ਸ਼ੰਕਾ ਪ੍ਰਗਟਾਇਆ।

"ਦੇਖਲੂ ਫੇਰ ਕੀ ਹੁੰਦੈ? ਕੁਛ ਨੀ ਹੁੰਦਾ। ਮੈਂ ਆਪੀ ਵਥੇਰਾ ਬਹਾਨਾ ਲਾਦੂੰ ਵੀ ਮੇਰੀ ਭੂਆ ਦੀ ਦਰਾਣੀ ਦਾ ਮੁੰਡੈ ਜਾਂ ਮੇਰੇ ਨਾਨਕਿਆਂ ਤੋਂ ਐ। ਤੂੰ ਬੱਸ ਗੱਲਾਂ ਕਰੀ ਜਾਹ।" ਉਸਨੇ ਮੇਰੇ ਅੰਦਰ ਧੜਕਦਾ ਡਰ ਦਲੇਰੀ ਨਾਲ ਦੂਰ ਕਰ ਦਿੱਤਾ।

"ਜਵਾਕ ਕੀ ਕੁਛ ਐ?" ਮੇਰਾ ਉਸਦੇ ਗੋਦੀ 'ਚ ਬੈਠੇ ਮੁੰਡੇ ਵੱਲ ਧਿਆਨ ਗਿਆ।

"ਇੱਕ ਆਹ ਮੁੰਡੈ, ਇੱਕ ਇਹ ਤੋਂ ਪੰਜ ਸਾਲ ਵੱਡੀ ਕੁੜੀ ਐ।" ਉਸਨੇ ਮੁੰਡੇ ਨੂੰ ਠੀਕ ਕਰ ਕੇ ਗੋਦੀ 'ਚ ਬਿਠਾ ਲਿਆ।

"ਮੁੜ ਕੇ ਕਦੇ ਗੇੜਾ ਨੀ ਮਾਰਿਆ ਪਿੰਡ।" ਮੈਂ ਪੁੱਛਿਆ।

"ਬੱਸ ਘਰਦਿਆਂ ਨੇ ਕਦੇ ਆਉਣ ਨੀ ਦਿੱਤਾ, ਫੇਰ ਵਿਆਹ ਕਰਤਾ।"

"ਸਾਡੀ ਯਾਦ ਨੀ ਆਈ ਕਦੇ?"

"ਯਾਦ ਤਾਂ ਵਥੇਰਾ ਆਉਂਦਾ ਰਿਹਾ ਐਂ ਪਰ ਕੀ ਕਰਦੇ ਹੁਣ।" ਉਸਦੀਆਂ ਅੱਖਾਂ ਵਿੱਚ ਬੇਵਸੀ ਝਲਕੀ।

"ਫੋਨ ਹੈਗਾ ਥੋਡੇ ਘਰੇਂ?"

"ਨਾਂ।"

"ਲੈ ਮੇਰਾ ਨੰਬਰ ਲੈ ਲੈ ਫੇਰ। ਮੈਂ ਉਸਨੂੰ ਆਪਣਾ ਨੰਬਰ ਲਿਖ ਕੇ ਦੇ ਦਿੱਤਾ।

"ਚੰਗਾ, ਜਦੋਂ ਮੈਂ ਆਉਣਾ ਹੋਇਆ ਤੈਨੂੰ ਫੋਨ ਕਰੂੰ।" ਉਸਨੇ ਨੰਬਰ ਦੀ ਤਹਿ ਮਾਰ ਕੇ ਬਰਾਅ ਵਿੱਚ ਲੁਕਾ ਲਿਆ, "ਤੂੰ ਕਿੱਧਰ ਜਾਨੈ ਅੱਜ?" ਉਸਦੀ ਨਿਗ੍ਹਾ ਮੇਰੇ ਹੱਥ 'ਚ ਫੜੇ ਲਿਫ਼ਾਫ਼ੇ ਵੱਲ ਗਈ।

"ਮੈਂ ਤਾਂ ਸੰਗਰੂਰ ਤੋਂ ਦਵਾਈ ਲੈ ਕੇ ਆਇਆਂ। ਸਿਰ ਦਰਦ ਨੀ ਹੋਣੋ ਹਟਦਾ।"

"ਚੰਗੀ ਤਰ੍ਹਾਂ ਚੈੱਕ-ਚੁੱਕ ਕਰਾ ਕੇ ਦਵਾਈ ਲੈ ਲੀਂ।" ਉਸਦੇ ਬੋਲਾਂ 'ਚ ਫ਼ਿਕਰ ਘੁਲਿਆ ਸੀ।

ਮੈਂ ਸੰਗਰੂਰ, ਬਰਨਾਲਾ ਚੌਂਕ 'ਚ ਜੂਸ ਪੀਣ ਲਈ ਜਿਹੜਾ ਜੋੜ ਲਾਇਆ ਸੀ ਉਸ ਵਿੱਚ ਕਿਰਾਏ ਤੋਂ ਉੱਪਰ ਦਸ ਰੁਪਏ ਬਚਦੇ ਸਨ। ਮੈਂ ਮਨੀ ਨੂੰ ਇੱਕ ਮਿੰਟ ਰੁਕਣ ਦਾ ਇਸ਼ਾਰਾ ਕਰ ਕੇ ਦੁਕਾਨ ਤੋਂ ਪੰਜ ਪੰਜ ਰੁਪਏ ਦੇ ਦੋ ਪੈਕਟ ਖਿੱਲਾਂ ਦੇ ਫੜ ਲਿਆਇਆ, "ਲੈ ਪੁੱਤਰ।" ਮੈਂ ਦੋਵੇਂ ਪੈਕਟ ਮੁੰਡੇ ਨੂੰ ਫੜਾ ਦਿੱਤੇ। ਬੱਚੇ ਨੇ ਝਿਜਕਦਿਆਂ ਝਿਜਕਦਿਆਂ ਦੋਵੇਂ ਪੈਕਟ ਫੜ ਲਏ। ਮੈਨੂੰ ਲੱਗਿਆ ਜਿਵੇਂ ਮੈਂ ਆਪਣੇ ਬੱਚੇ ਨੂੰ ਪਹਿਲੀ ਵਾਰ ਕੋਈ ਚੀਜ਼ ਲੈ ਕੇ ਦਿੱਤੀ ਹੋਵੇ।

"ਇਹਦੀ ਕਾਹਨੂੰ ਖੇਚਲਾ ਕਰਨੀ ਸੀ।"

"ਲੈ ਖੇਚਲ ਨੂੰ ਕਿਹੜਾ ਮੈਂ ਇਹਨੂੰ ਜ਼ਹਾਜ ਲੈ ਕੇ ਦੇਤਾ।" ਮੇਰੇ ਨਾਲ ਨਾਲ ਮਨੀ ਵੀ ਮੁਸਕਰਾ ਪਈ।

ਅਸੀਂ ਕੁਝ ਦੇਰ ਹੋਰ ਗੱਲਾਂ ਕਰਦੇ ਰਹੇ ਫੇਰ ਮੈਂ ਉਸ ਤੋਂ ਇਜਾਜ਼ਤ ਲਈ, "ਚੰਗਾ ਹੁਣ ਮੈਂ ਚਲਦਾਂ। ਸਾਡੇ ਘਰੇਂ ਆਉਣਾ ਨਾ ਭੁੱਲੀਂ।"

"ਜ਼ਰੂਰ ਆਊਂਗੀ। ਦਵਾਈ ਗ਼ੌਰ ਨਾਲ ਲਈ ਜਾਈਂ।" ਉਸਦੇ ਇਸ ਫ਼ਿਕਰ ਨੇ ਮੇਰਾ ਮਨ ਬਾਗੋ-ਬਾਗ ਕਰ ਦਿੱਤਾ।

"ਚੰਗਾ ਜੀ।" ਮੈਂ ਕਹਿ ਕੇ ਤੁਰੀ ਜਾਂਦੀ ਚਰਨਪੁਰ ਵਾਲੀ ਬੱਸ ਚੜ੍ਹ ਗਿਆ। ਮੈਂ ਸਾਰੇ ਰਾਹ ਉਸਨੂੰ ਯਾਦ ਕਰਦਾ ਆਇਆ। ਹੁਣ ਹੋਰ ਕਿੰਨਾ ਹੀ ਕੁਝ ਮਨ 'ਚ ਆ ਰਿਹਾ ਸੀ ਜਿਹੜਾ ਮੈਂ ਉਸਨੂੰ ਕਹਿਣਾ ਸੀ ਜਾਂ ਪੁੱਛਣਾ ਸੀ। ਮਨ ਚਾਹ ਰਿਹਾ ਸੀ ਬੱਸ ਉਸ ਕੋਲ ਬੈਠਾ ਹੀ ਗੱਲਾਂ ਕਰਦਾ ਰਹਿੰਦਾ। ਬੱਸ ਚਰਨਪੁਰ ਨੂੰ ਦੌੜੀ ਜਾ ਰਹੀ ਸੀ ਪਰ ਮੇਰਾ ਮਨ ਅਜੇ ਵੀ ਸੁਨਾਮ ਬੱਸ ਸਟੈਂਡ 'ਚ ਮਨੀ ਕੋਲ ਬੈਠਾ ਸੀ।

—0—

ਉਸ ਮੁਲਾਕਾਤ ਨੂੰ ਦੋ ਤਿੰਨ ਮਹੀਨੇ ਬੀਤ ਚੁੱਕੇ ਸਨ। ਮੈਂ ਮਨੀ ਨੂੰ ਰੋਜ਼ ਉਡੀਕਦਾ ਸਾਂ ਪਰ ਉਸ ਵੱਲੋਂ ਕੋਈ ਸੁਨੇਹਾ ਨਾ ਆਇਆ। ਪਰਸੋਂ ਉਸਦਾ ਫੋਨ ਆ ਗਿਆ। ਕਹਿੰਦੀ ਸੀ, "ਮੈਂ ਕੱਲ੍ਹ ਨੂੰ ਮਿਹਰਪੁਰ ਆਊਂਗੀ।" ਇੱਕ ਵਾਰ ਤਾਂ ਮਨ ਕੀਤਾ ਸੀ ਕਹਿ ਦਿਆਂ, "ਹੁਣ ਕੀ ਕਰੇਂਗੀ ਆ ਕੇ? ਐਮੇਂ ਮਨ ਤੇ ਭਾਰ ਲੈ ਕੇ ਜਾਮੇਂਗੀ। ਪਰ ਫਿਰ ਮੇਰੀ ਉਸਨੂੰ ਅਖ਼ੀਰੀ ਵਾਰ ਵੇਖ ਲੈਣ ਦੀ ਚਾਹਨਾ ਮੇਰੇ ਇਨ੍ਹਾਂ ਵਿਚਾਰਾਂ ਤੇ ਭਾਰੂ ਹੋ ਗਈ ਸੀ। ਕੱਲ੍ਹ ਦਾ ਮੈਂ ਉਸ ਨੂੰ ਹੀ ਉਡੀਕ ਰਿਹਾ ਸਾਂ। ਮੇਰੇ ਲਈ ਇੱਕ ਇੱਕ ਪਲ, ਇੱਕ ਇੱਕ ਸਦੀ ਵਾਂਗ ਬੀਤ ਰਿਹਾ ਸੀ।

"ਦਵਾਈ ਗ਼ੌਰ ਨਾਲ ਲਈ ਜਾਈਂ।" ਉਸਦੇ ਹੰਮੇ ਨਾਲ ਕਹੇ ਇਹ ਸ਼ਬਦ ਮੇਰੀ ਬਿਮਾਰੀ ਅੱਗੇ ਹੁਣ ਕਿੰਨੇ ਛੋਟੇ ਹੋ ਗਏ ਸਨ। ਉਸਦੇ ਬੋਲਾਂ ਤੇ ਫੁੱਲ ਚੜ੍ਹਾਉਂਦਿਆਂ ਮੈਂ ਦਵਾਈ ਤਾਂ ਗ਼ੌਰ ਨਾਲ ਲਈ ਸੀ ਪਰ ਦਵਾਈ ਮੁੱਕਣ ਨਾਲ ਦਰਦ ਬਰਦਾਸ਼ਤ ਤੋਂ ਬਾਹਰ ਹੋ ਗਿਆ ਸੀ। ਇੱਕ ਦਿਨ ਮਾਂ ਨੇ ਕਿਸੇ ਤੋਂ ਪੈਸੇ ਫੜ ਕੇ ਮੈਨੂੰ ਮੱਲੋ-ਮੱਲੀ ਸਮਸ਼ੇਰ ਨਾਲ ਟੈਸਟ ਕਰਵਾਉਣ ਭੇਜ ਦਿੱਤਾ ਸੀ। ਜਦ ਰਿਪੋਰਟ ਆਈ ਤਾਂ ਮੈਂ ਅੰਦਰ ਤੱਕ ਹਿੱਲ ਗਿਆ। ਮੇਰੇ ਸਿਰ 'ਚ ਕੈਂਸਰ ਸੀ, ਉਹ ਵੀ ਤੀਸਰੀ ਸਟੇਜ। ਉਸ ਦਿਨ ਮੈਂ ਬਿਲਕੁੱਲ ਟੁੱਟ ਗਿਆ ਸਾਂ। ਮੈਂ ਘਰ ਆ ਕੇ ਮੁਰਦਿਆਂ ਵਾਂਗ ਮੰਜੇ ਤੇ ਆ ਡਿੱਗਿਆ। ਮਾਂ ਭੱਜ ਕੇ ਪਾਣੀ ਦਾ ਗਲਾਸ ਲੈ



ਆਈ, "ਕੀ ਕਹਿੰਦਾ ਡਾਕਟਰ?" ਮਾਂ ਨੇ ਮੈਨੂੰ ਅਤੇ ਸਮਸ਼ੇਰ ਨੂੰ ਪਾਣੀ ਫੜਾਉਂਦਿਆਂ ਪੁੱਛਿਆ।

"ਡਾਕਟਰ ਕਹਿੰਦਾ ਹੋਜੂ ਠੀਕ।" ਸਮਸ਼ੇਰ ਦੀਆਂ ਨਜ਼ਰਾਂ ਮੈਥੋਂ ਪੁੱਛ ਰਹੀਆਂ ਸਨ ਕੀ ਜਵਾਬ ਦੇਈਏ? ਉਸਦੇ ਬੋਲਣ ਤੋਂ ਪਹਿਲਾਂ ਹੀ ਮੈਂ ਬੋਲ ਪਿਆ ਸਾਂ। ਮਾਂ ਨੇ ਚਾਹ ਬਣਾ ਲਈ। ਸਮਸ਼ੇਰ ਚਾਹ ਪੀ ਕੇ ਆਪਣੇ ਘਰ ਚਲਾ ਗਿਆ। ਮਾਂ, ਗਾਂ ਨੂੰ ਕੱਖ ਪਾ ਕੇ ਮੁੜ ਮੇਰੇ ਕੋਲ ਆ ਬੈਠੀ।

"ਰਿਪੋਟ 'ਚ ਕੀ ਬਿਮਾਰੀ ਆਈ ਐ?" ਮਾਂ ਦਾ ਅਜੇ ਤੱਕ ਦਿਲ ਨਹੀਂ ਖੜ੍ਹਿਆ ਸੀ। ਉਹ ਕੋਈ ਤਸੱਲੀ ਵਾਲਾ ਜਵਾਬ ਲੱਭਦੀ ਸੀ।

"ਕੁਛ ਨੀ।" ਮੈਂ ਬੁੱਲ੍ਹ ਘੁੱਟ ਕੇ ਮੂੰਹ ਦੂਜੇ ਪਾਸੇ ਕਰ ਲਿਆ।

"ਦੱਸ ਪੁੱਤ, ਗੱਲ ਦੱਸ।" ਮਾਂ ਨੇ ਮੇਰੇ ਸਿਰ ਤੇ ਹੱਥ ਫੇਰਿਆ ਤਾ ਸਾਰੇ ਬੰਨ੍ਹ ਤੋੜ ਕੇ ਮੇਰੀ ਭੁੱਬ ਨਿੱਕਲ ਗਈ।

"ਹੈ ਕਮਲਾ! ਐਂ ਨੀ ਕਰਦੇ ਹੁੰਦੇ। ਤੂੰ ਗੱਲ ਤਾਂ ਦੱਸ!" ਮਾਂ ਦੀਆਂ ਵੀ ਅੱਖਾਂ ਭਰ ਆਈਆਂ ਸਨ।

"ਮੈਨੂੰ ਕੈਂਸਰ ਐ ਮਾਂ! ਮੈਂ ਹੁਣ ਨੀ ਬ.... ਬਚਦਾ।" ਮੈਂ ਮਾਂ ਦੇ ਗਲ ਨਾਲ ਜ਼ੋਰ ਦੀ ਚਿੰਬੜ ਗਿਆ ਜਿਵੇਂ ਹੁਣੇ ਮੈਨੂੰ ਮੌਤ ਤੋੜ ਕੇ ਪਰ੍ਹਾਂ ਸੁੱਟ ਦੇਵੇਗੀ।

"ਲੈ ਐਂ ਕਮਲੀਆਂ ਗੱਲਾਂ ਨੀ ਕਰਦੇ ਹੁੰਦੇ। ਸਾਰੇ 'ਲਾਜ ਹੈਗੇ ਨੇ ਹੁਣ।" ਮਾਂ ਮੇਰਾ ਹੌਸਲਾ ਬੰਨ੍ਹਾਉਂਦੀ ਆਪ ਹੌਸਲਾ ਤੋੜ ਗਈ। ਉਸਦੀਆਂ ਅੱਖਾਂ 'ਚੋਂ ਪਾਣੀ ਪਰਨਾਲਿਆਂ ਵਾਂਗ ਵਹਿ ਤੁਰਿਆ।

ਮਾਂ ਨੇ ਬੈਂਕ 'ਚ ਪਏ ਸਾਰੇ ਪੈਸੇ ਕਢਵਾ ਲਏ ਤੇ ਮੈਨੂੰ ਚੁੱਕੀਂ ਫਿਰਦੀ ਰਹੀ। ਇੱਕ ਸਿਆਣੇ ਡਾਕਟਰ ਨੇ ਸਾਡੀ ਪਤਲੀ ਆਰਥਿਕ ਹਾਲਤ ਨੂੰ ਵੇਖ ਕੇ ਮਾਂ ਨੂੰ ਸਮਝਾ ਦਿੱਤਾ, "ਹੁਣ ਇਸਦੀ ਘਰੇਂ ਬੈਠ ਕੇ ਸੇਵਾ ਕਰਲੋ।"

ਬੱਸ ਉਸ ਦਿਨ ਤੋਂ ਮੈਂ ਘਰ ਮੰਜੇ ਤੇ ਪਿਆ ਆਪਣੀ ਮੌਤ ਨੂੰ ਉਡੀਕ ਰਿਹਾ ਸਾਂ। ਮੇਰਾ ਸਰੀਰ ਦਿਨੋ-ਦਿਨ ਸੁੱਕ ਰਿਹਾ ਸੀ। ਸੁਭਾ ਚਿੜਚਿੜਾ ਹੋ ਗਿਆ ਸੀ। ਮਨ ਕਰਦਾ ਸੀ ਸਾਰੇ ਜਹਾਨ ਨੂੰ ਉੱਚੀ ਉੱਚੀ ਗਾਲਾਂ ਕੱਢਾਂ। ਮਾਂ ਨਾਲ ਮਾੜੀ ਮਾੜੀ ਗੱਲ ਤੇ ਖਿਝ ਜਾਂਦਾ ਸਾਂ। ਮੇਰੇ ਚਿਹਰੇ ਤੇ ਕਾਲਸ ਫਿਰ ਗਈ ਸੀ। ਸਭ ਤੋਂ ਵੱਧ ਦੁੱਖ ਤਾਂ ਮੈਨੂੰ ਮੇਰੀਆਂ ਥੋੜ੍ਹੀਆਂ ਜਿਹੀਆਂ ਲਿਖੀਆਂ ਅਤੇ ਬਹੁਤੀਆਂ ਅਣਲਿਖੀਆਂ ਰਚਨਾਵਾਂ ਦਾ ਸੀ। ਕਿੰਨਾ ਹੀ ਕੁਝ ਮੇਰੇ ਅੰਦਰ ਪੱਕਿਆ ਪਿਆ ਸੀ ਜਿਸਨੂੰ ਮੈਂ ਕਬੀਲਦਾਰੀ ਦੇ ਗਧੀ-ਗੇੜ 'ਚ ਪਿਆ ਕਦੇ ਵੀ ਕਾਪੀ ਉੱਪਰ ਨਾ ਉਤਾਰ ਸਕਿਆ।

ਕਦੇ ਕਦੇ ਮੈਂ ਪਿਆ ਪਿਆ ਸੋਚਦਾ ਹੁੰਦਾ, 'ਜੇ ਕੋਈ ਐਸੀ ਕਰਾਮਾਤ ਹੋ ਜਾਵੇ ਜਿਸ ਨਾਲ ਮੈਂ ਛੇ ਮਹੀਨੇ ਬਿਲਕੁਲ ਠੀਕ ਹੋ ਜਾਵਾਂ ਅਤੇ ਕੋਈ ਮੇਰੀ ਰੋਜ਼ ਦੀ ਦਿਹਾੜੀ ਜਿੰਨੇ ਪੈਸੇ ਮੈਨੂੰ ਘਰ ਬੈਠੇ ਨੂੰ ਹੀ ਦਿੰਦਾ ਰਹੇ ਤਾਂ ਮੈਂ ਛੇ ਮਹੀਨਿਆਂ ਵਿੱਚ ਹੀ ਸਭ ਕੁਝ ਲਿਖ ਦੇਵਾਂ। ਪਰ ਇਹ ਤਾਂ ਮੇਰੇ ਮਨ ਦੀਆਂ ਕਲਪਨਾਵਾਂ ਸਨ। ਜਦ ਵੀ ਸਿਰ ਦਾ ਦਰਦ ਮੈਨੂੰ ਇਹਨਾਂ ਕਲਪਨਾਵਾਂ ਵਿੱਚੋਂ ਬੇਰਹਿਮੀ ਨਾਲ ਘੜੀਸ ਕੇ ਯਥਾਰਥ ਵਿੱਚ ਲਿਆ ਸੁੱਟਦਾ ਤਾਂ ਮੈਂ ਆਪਣੇ ਘਰ ਸਬਾਤ ਵਿੱਚ ਮੰਜੇ ਤੇ ਪਿਆ ਤੜਫ਼ ਰਿਹਾ ਹੁੰਦਾ। ਨਾ ਕੋਈ ਠੀਕ ਹੋਣ ਵਾਲੀ ਕਰਾਮਾਤ ਵਾਪਰੀ ਹੁੰਦੀ ਤੇ ਨਾ ਹੀ ਰੱਬ ਬਣਕੇ ਬਹੁੜਿਆ ਐਸਾ ਬੰਦਾ ਹੁੰਦਾ ਜਿਸਨੇ ਮੈਨੂੰ ਘਰ ਵਿਹਲੇ ਬੈਠੇ ਨੂੰ ਛੇ ਮਹੀਨਿਆਂ ਦੀ ਦਿਹਾੜੀ ਦੇ ਪੈਸੇ ਦੇਣੇ ਸਨ।

ਜੀਅ ਤਾਂ ਬਹੁਤ ਕਰਦਾ ਸੀ ਮੈਂ, ਮੇਰੀ ਮਾਂ ਅਤੇ ਮਨੀ ਦੀ ਪਿਆਰ ਕਹਾਣੀ ਤੇ ਨਾਵਲ ਲਿਖ ਕੇ ਸਾਡੇ ਨਾਲ ਹੋਈ ਬੀਤੀ ਜੱਗ ਨੂੰ ਸੁਣਾ ਦਿਆਂ ਪਰ ਰੋਟੀ ਦਾ ਮਸਲਾ ਹੱਥ 'ਚ ਕਲਮ ਨਹੀਂ, ਇੱਟਾਂ ਪੱਥਣ ਵਾਲਾ ਸੰਚਾ ਫੜ੍ਹਨ ਲਈ ਕਹਿੰਦਾ ਸੀ ਫਿਰ ਵੀ ਮੈਂ 'ਕੰਮ ਕਰਨਾ ਤੇ ਪੇਟ ਭਰਨਾ' ਵਾਲੇ ਚੱਕਰਵਿਊ ਵਿੱਚੋਂ ਕੁਝ ਪਲ ਚੁਰਾ ਕੇ ਮਨੀ ਲਈ ਕੁਝ ਕੁ ਕਵਿਤਾਵਾਂ ਅਤੇ ਮੇਰੀ ਜ਼ਿੰਦਗੀ ਦੇ ਕੁਝ ਕੁ ਟੋਟੇ ਇੱਕ ਡਾਇਰੀ

ਵਿੱਚ ਉਤਾਰ ਲਏ ਸਨ। ਬੱਸ, ਕਦੇ ਕਦੇ ਮਨ ਭਰ ਆਉਂਦਾ ਸੀ ਤਾਂ ਉਸੇ ਡਾਇਰੀ ਨੂੰ ਚੁੱਕ ਕੇ ਪੜ੍ਹ ਲੈਂਦਾ ਸਾਂ ਤੇ ਮੁੜ ਕਿਤਾਬਾਂ ਵਾਲੇ ਟਰੰਕ ਵਿੱਚ ਰੱਖ ਦਿੰਦਾ ਸਾਂ।

ਪਰਸੋਂ ਜਦੋਂ ਮਨੀ ਦਾ ਫੋਨ ਆਇਆ ਸੀ, ਮੈਂ ਡਾਇਰੀ ਨੂੰ ਕਿੰਨੀ ਵਾਰ ਹੀ ਪੜ੍ਹ ਦਿੱਤਾ ਸੀ। ਉਸਨੂੰ ਚੁੰਮ ਚੁੰਮ ਸੀਨੇ ਲਾਇਆ ਸੀ ਜਿਵੇਂ ਮਾਂ ਆਪਣੇ ਬੱਚੇ ਨੂੰ ਪਿਆਰ ਦਿੰਦੀ ਹੈ। ਉਸ ਕੱਚੀ ਜਿਹੀ ਉਮਰ ਵਾਲੀ ਮਨੀ ਮੇਰੇ ਚੇਤਿਆਂ ਵਿੱਚ ਮੁੜ ਪ੍ਰਗਟ ਹੋ ਗਈ ਸੀ। ਉਸਦੀਆਂ ਨੀਲੀਆਂ ਅੱਖਾਂ, ਗੋਰਾ, ਭੋਲ਼ਾ ਜਿਹਾ ਚਿਹਰਾ ਮੈਨੂੰ ਨਜ਼ਰ ਆ ਰਿਹਾ ਸੀ। ਉਸਨੂੰ ਮਿਲ ਲੈਣ ਦੀ ਤੜਫ਼ ਹੱਦਾਂ ਬੰਨੇ ਤੋੜਨ ਲੱਗੀ ਸੀ। ਕੱਲ੍ਹ ਮੈਨੂੰ ਸਮਸ਼ੇਰ ਦੱਸ ਵੀ ਗਿਆ ਸੀ, ਉਹ ਮੰਗੀ ਕੇ ਆ ਗਈ ਹੈ। ਪਰ ਹੁਣ ਤੱਕ ਆਈ ਕਿਉਂ ਨਹੀਂ? ਮੈਨੂੰ ਕੁਝ ਸਮਝ ਨਹੀਂ ਪੈ ਰਿਹਾ ਸੀ। ਮੈਂ ਮੰਜੇ ਤੇ ਪਿਆ ਬੱਸ ਬਾਰ ਵੱਲ ਤੱਕ ਰਿਹਾ ਸਾਂ।

ਇੱਕ ਦਮ ਖੜਕਾ ਹੋਇਆ ਤਾਂ ਮੈਂ ਵਿਹੜੇ ਵੱਲ ਵੇਖਿਆ, ਮਾਂ ਨੇ ਕੱਖਾਂ ਦੀ ਪੰਡ ਮਸ਼ੀਨ ਅੱਗੇ ਲਿਆ ਸੁੱਟੀ ਸੀ। ਮਾਂ ਮੁੜ੍ਹਕੇ ਨਾਲ ਤਰ-ਬਤਰ ਸੀ। 'ਹੁਣ ਬੁੱਢਾ ਸਰੀਰ ਏਨੀ ਧੰਗੇੜ ਝੱਲਣ ਵਾਲਾ ਕਿੱਥੇ ਰਹਿ ਗਿਆ।' ਮਾਂ ਨੂੰ ਹਫਦੀ ਆਉਂਦਿਆਂ ਵੇਖ ਕੇ ਮੇਰਾ ਰੋਣ ਨਿੱਕਲਣ ਵਾਲਾ ਹੋ ਗਿਆ। 'ਕਿੱਥੇ ਤਾਂ ਹੁਣ ਮੈਂ ਮਾਂ ਨੂੰ ਸੁੱਖ ਦੀ ਰੋਟੀ ਦੇਣੀ ਸੀ ਤੇ ਕਿੱਥੇ ਹੁਣ ਮਾਂ.....?' ਮਾਂ ਨੇ ਆਉਣ ਸਾਰ ਦੋ ਗਲਾਸ ਤੌੜੇ 'ਚੋਂ ਭਰ ਕੇ ਪਾਣੀ ਦੇ ਪੀ ਲਏ ਅਤੇ ਫਿਰ ਮੇਰੇ ਵਾਲੇ ਮੰਜੇ ਤੇ ਬੈਠ ਕੇ ਸਾਹ ਟਿਕਾਣੇ ਕਰਨ ਲੱਗੀ। ਜਦੋਂ ਥੋੜ੍ਹਾ ਜਿਹਾ ਸਰੀਰ ਨੂੰ ਦਮ ਆਇਆ ਤਾਂ ਉਸਨੇ ਚਾਹ ਧਰ ਲਈ। ਮਾਂ ਨੇ ਪਹਿਲਾਂ ਚਾਹ 'ਚ ਡਬਲ ਰੋਟੀ ਡਬੋ ਡਬੋ ਮੈਨੂੰ ਖਵਾਈ ਅਤੇ ਫਿਰ ਚਾਹ 'ਚ ਡੋਬ ਡੋਬ ਕੇ ਦੋ ਰੋਟੀਆਂ ਆਪ ਖਾ ਲਈਆਂ।

ਮੈਂ ਚਾਹ ਪੀ ਕੇ ਮੁੜ ਮੰਜੇ ਤੇ ਲੇਟ ਗਿਆ। ਅੱਖਾਂ ਬੰਦ ਕਰ ਲਈਆਂ। ਮਾਂ ਚਾਹ ਵਾਲੇ ਭਾਂਡੇ ਬਾਹਰ ਲੈ ਗਈ। ਕੁਝ ਦੇਰ ਬਾਅਦ ਮੈਨੂੰ ਲੱਗਿਆ ਜਿਵੇਂ ਮਾਂ ਬਾਹਰ ਕਿਸੇ ਨਾਲ ਬੋਲ ਰਹੀ ਹੋਵੇ। ਮੈਂ ਅੱਖਾਂ ਖੋਲ੍ਹ ਕੇ ਬਾਹਰ ਵੇਖਿਆ। ਮਨੀ ਮਾਂ ਨਾਲ ਗੱਲਾਂ ਕਰਦੀ ਸਬਾਤ ਵੱਲ ਤੁਰੀ ਆ ਰਹੀ ਸੀ। ਉਸ ਨਾਲ ਮੰਗੀ ਦੀ ਸੱਤ ਅੱਠ ਸਾਲ ਦੀ ਛੋਟੀ ਕੁੜੀ ਸੀ। ਜੀਅ ਕਰਦਾ ਸੀ ਉੱਠ ਕੇ ਉਸ ਨੂੰ ਬਾਰ ਵੜਦਿਆਂ ਹੀ ਬਾਹਾਂ 'ਚ ਭਰ ਲਵਾਂ ਪਰ ਸਰੀਰ 'ਚ ਤਾਂ ਆਪ ਉੱਠ ਕੇ ਤੁਰ ਪੈਣ ਦੀ ਵੀ ਸੱਤਿਆ ਨਹੀਂ ਬਚੀ ਸੀ। ਉਹ ਸਬਾਤ 'ਚ ਵੜਦਿਆਂ ਪਹਿਲਾਂ ਮੈਨੂੰ ਵੇਖ ਕੇ ਮੁਸਕਰਾਈ ਅਤੇ ਫਿਰ ਉਸਦੇ ਚਿਹਰੇ ਤੇ ਉਦਾਸੀ ਫੈਲ ਗਈ। ਮਾਂ ਨੇ ਉਸਨੂੰ ਮੰਜਾ ਡਾਹ ਦਿੱਤਾ। ਛੋਟੀ ਕੁੜੀ ਉਸ ਨੂੰ ਛੱਡ ਕੇ ਵਾਪਸ ਦੌੜ ਗਈ।

"ਕਿਮੇਂ ਓਂ ਤੁਸੀਂ?" ਉਸਨੇ ਮੰਜੇ ਉੱਤੇ ਬੈਠਦਿਆਂ ਪੁੱਛਿਆ।

"ਠੀਕ ਆਂ।" ਮੈਂ ਉਸਦੀ ਉਦਾਸੀ ਨੂੰ ਦੂਰ ਕਰਨ ਲਈ ਮੁਸਕਰਾਉਂਦਿਆਂ ਕਿਹਾ।

"ਮੈਨੂੰ ਤਾਂ ਅੱਜ ਸਵੇਰੇ ਭੂਆ ਨੇ ਦੱਸਿਆ ਸੀ ਵੀ ਬੰਤੀ ਤਾਂ....।" ਪਤਾ ਨਹੀਂ ਅੱਗੇ ਉਸ ਤੋਂ ਬੋਲਿਆ ਨਹੀਂ ਗਿਆ ਜਾਂ ਜਾਨ ਬੁੱਝ ਕੇ ਸ਼ਬਦ ਅਧੂਰੇ ਛੱਡ ਦਿੱਤੇ।

"ਬੱਸ ਜੋ ਕਰਮਾਂ 'ਚ ਲਿਖਿਐ।" ਮਾਂ ਨੇ ਉਸਨੂੰ ਪਾਣੀ ਫੜਾਉਂਦਿਆਂ ਹਾਉਕੇ ਵਰਗਾ ਜਵਾਬ ਦਿੱਤਾ।

ਕੁਝ ਸਮਾਂ ਸਾਡੇ ਵਿਚਕਾਰ ਮੌਤ ਵਰਗੀ ਖ਼ਾਮੋਸ਼ੀ ਪਸਰੀ ਰਹੀ। ਮਾਂ ਸ਼ਕੰਜਵੀ ਬਣਾਉਣ ਲਈ ਦੁਕਾਨ ਤੋਂ ਨਿੰਬੂ ਲੈਣ ਚਲੀ ਗਈ। ਉਸਨੇ ਸਬਾਤ ਵਿੱਚ ਇਧਰ-ਉਧਰ ਨਜ਼ਰ ਮਾਰੀ ਅਤੇ ਫਿਰ ਸਿੱਧਾ ਮੇਰੀਆਂ ਅੱਖਾਂ ਵਿੱਚ ਵੇਖਣ ਲੱਗੀ।

"ਆ ਈ ਗਈ ਫੇਰ ਵਾਅਦਾ ਪੂਰਾ ਕਰਨ, ਹੈਂ?" ਇਸ ਖ਼ਾਮੋਸ਼ੀ ਨਾਲ ਮੇਰਾ ਦਿਲ ਡੁੱਬਣ ਲੱਗਿਆ ਸੀ। ਮੈਂ ਗੱਲ ਤੋਰ ਲਈ।

"ਮੈਂ ਤਾਂ ਪਿੰਡੋਂ ਖ਼ੁਸ਼ ਖ਼ੁਸ਼ ਬੱਸ ਚੜ੍ਹੀ ਸੀ ਵੀ ਤੇਰੇ ਸਿਰ ਆਉਣ ਦੀ ਬੀੜ੍ਹੀ ਚਾੜ੍ਹ ਕੇ ਆਊਂ! ਪਰ ਇੱਥੇ ਆ ਕੇ ਜਦੋਂ ਮੈਨੂੰ ਮਾਮੀ ਨੇ.... ਦੱਸਿਆ....!" ਉਹ ਅੱਖਾਂ ਭਰ ਆਈ। ਅਗਲੇ ਸ਼ਬਦ ਉਸਦੇ ਹੰਝੂਆਂ 'ਚ



ਹੀ ਕਿੱਧਰੇ ਗੁਆਚ ਗਏ।

"ਤੂੰ ਕਿਉਂ ਦਿਲ ਹੌਲਾ ਕਰਦੀ ਐਂ। ਇਹ ਤਾਂ ਜੋ ਦੁੱਖ-ਸੁੱਖ ਆਉਂਦੈ, ਭੋਗਣਾ ਈ ਪੈਂਦੈ।" ਮੈਂ ਉਸਦੇ ਡੋਲਦੇ ਮਨ ਨੂੰ ਸਥਿਰ ਕਰਨ ਲਈ ਕਿਹਾ।

"ਕੋਈ ਤਕਲੀਫ਼ ਤਾਂ ਨੀ ਹੁੰਦੀ?"

"ਸਿਰ ਦਰਦ ਨੀ ਹਟਦਾ ਬੱਸ।"

"ਕਿੰਨਾ ਕ ਹੁੰਦੈ।" ਉਹ ਆਪਣੇ ਮੰਜੇ ਤੋਂ ਉੱਠ ਕੇ ਮੇਰੇ ਸਿਰਹਾਣੇ ਬੈਠ ਗਈ। ਉਸਦਾ ਹੱਥ ਪੋਲੇ ਜਿਹੇ ਮੇਰੇ ਮੱਥੇ ਤੇ ਆ ਟਿਕਿਆ। ਉਸਦਾ ਹੱਥ ਟਿਕਦਿਆਂ ਹੀ ਜਿਵੇਂ ਮੇਰਾ ਸਾਰਾ ਦਰਦ ਠੱਲ ਗਿਆ ਹੋਵੇ। ਮੈਨੂੰ ਸ਼ਾਂਤੀ ਜਿਹੀ ਆ ਗਈ। ਅਜਿਹਾ ਸਕੂਨ ਜਿਹੜਾ ਰੁੱਗਾਂ ਦੇ ਰੁੱਗ ਦਵਾਈਆਂ ਖਾ ਕੇ ਵੀ ਨਹੀਂ ਆਇਆ ਸੀ।

"ਬੱਸ ਹੁਣ ਨੀ ਹੁੰਦਾ।" ਮੈਂ ਅੱਖਾਂ ਬੰਦ ਕਰ ਲਈਆਂ ਜਿਵੇਂ ਇਸ ਦ੍ਰਿਸ਼ ਨੂੰ ਮੈਂ ਮੌਤ ਤੱਕ ਇੱਥੇ ਹੀ ਠਹਿਰਾ ਦੇਣਾ ਚਾਹੁੰਦਾ ਹੋਵਾਂ।

"ਮੇਰਾ ਮਨ ਤਾਂ ਮਿਹਰਪੁਰ ਆਉਣ ਨੂੰ ਓਦੋਂ ਦਾ ਕਰਦਾ ਸੀ। ਬੱਸ, ਘਰ ਦੇ ਕੰਮ ਧੰਦਿਆਂ 'ਚੋਂ ਨਿਕਲਿਆ ਈ ਨੀ ਗਿਆ।" ਉਸ ਦਾ ਭਾਵ ਸੁਨਾਮ ਮਿਲਣ ਵਾਲੇ ਦਿਨ ਤੋਂ ਸੀ।

"ਜੇ ਥੋੜ੍ਹਾ ਜਾ ਹੋਰ ਲੇਟ ਹੋ ਜਾਂਦੀ ਫੇਰ ਤਾਂ ਮੇਰੇ ਭੋਗ ਤੇ ਈ ਆਉਣਾ ਪੈਂਦਾ।" ਮੈਂ ਮੁਸਕਰਾ ਪਿਆ।

"ਜੇ ਐਂ ਬੋਲੋਂਗੇ, ਮੈਂ ਹੁਣੀ ਉੱਠ ਕੇ ਵਗਜੂੰ।" ਉਸਨੇ ਚਿਹਰੇ ਤੇ ਨਕਲੀ ਗੁੱਸਾ ਦਿਖਾਉਂਦਿਆਂ ਪਰ੍ਹਾਂ ਮੂੰਹ ਕਰ ਲਿਆ।

"ਐਂ ਕਿਮੇਂ ਵਗਜੇਂਗੀ। ਮਾਂ ਹੁਣ ਤੈਨੂੰ ਸਕੰਜਵੀ ਪਿਆਏ ਬਿਨ੍ਹਾਂ ਨੀ ਜਾਣ ਦਿੰਦੀ।" ਉਸਦਾ ਨਕਲੀ ਗੁੱਸਾ ਹਵਾ 'ਚ ਉੱਡੇ ਕੱਪੜੇ ਵਾਂਗ ਉਸਦੇ ਚਿਹਰੇ ਤੋਂ ਲਹਿ ਗਿਆ। ਉਹ ਮਾਂ ਦੇ ਆ ਜਾਣ ਦਾ ਖ਼ਿਆਲ ਕਰਦੀ ਉੱਠ ਕੇ ਦੂਸਰੇ ਮੰਜੇ ਤੇ ਜਾ ਬੈਠੀ।

"ਦਵਾਈ ਕਿੱਥੋਂ ਖਾਨੇਓਂ?"

"ਕਿਤੋਂ ਨੀ। ਹੁਣ ਤਾਂ ਬੱਸ ਦਰਦ ਰੋਕਣ ਦੀਆਂ ਦਵਾਈਆਂ ਖਾਈ ਜਾਨੇ ਆਂ। ਡੋਜ਼ ਰੋਜ਼ ਵਧ ਜਾਂਦੀ ਐ। ਬੱਸ, ਹੁਣ ਤਾਂ ਛੇਤੀ ਹੋ ਜਾਣੀ ਐ ਹਰੀ ਬੱਤੀ।"

"ਜੇ ਅਹੀ ਜੀ ਗੱਲ ਮੁੜ ਕੇ ਕਰੀ ਤਾਂ ਮੈਂ ਸੱਚੀਓਂ ਉੱਠ ਕੇ ਵਗਜੂੰ।" ਉਸਦੇ ਬੋਲ ਹੰਝੂਆਂ ਨਾਲ ਤਰ ਸਨ।

"ਚੰਗਾ ਹੁਣ ਨੀ ਕਹਿੰਦਾ, ਬੱਸ!" ਮੈਂ ਉਸ ਤੋਂ ਮਾਫ਼ੀ ਮੰਗੀ।

ਮਾਂ ਨੇਂਬੂ ਅਤੇ ਬਰਫ਼ ਲੈ ਕੇ ਆ ਗਈ ਸੀ। ਮਨੀ ਨੇ ਸ਼ਕੰਜਵੀ ਬਣਾਉਣ 'ਚ ਮਾਂ ਦੇ 'ਨਾ ਨਾ' ਕਰਦਿਆਂ ਵੀ ਮੱਦਦ ਕੀਤੀ। ਸਕੰਜਵੀ ਪੀ ਕੇ ਅਸੀਂ ਫਿਰ ਗੱਲਾਂ ਕਰਨ ਲੱਗ ਪਏ। ਹੁਣ ਤਾਂ ਮਾਂ ਅਤੇ ਮਨੀ ਹੀ ਆਪਸ ਵਿੱਚ ਗੱਲਾਂ ਕਰ ਰਹੀਆਂ ਸਨ। ਮੈਂ ਤਾਂ ਕਦੇ ਕਦੇ ਵਿੱਚ ਬੋਲ ਪੈਂਦਾ ਸੀ। ਅੱਧਾ ਪੌਣਾ ਘੰਟਾ ਗੱਲਾਂ ਕਰ ਕੇ ਮਾਂ ਫਿਰ ਉੱਠ ਖੜ੍ਹੀ, "ਲੈ ਮੈਂ ਚਾਹ ਬਣਾ ਲਿਆਮਾਂ ਘੁੱਟ।"

"ਚਾਹ ਨੂੰ ਕੀ ਐ ਭੂਆ। ਹੁਣ ਤਾਂ ਅਜੇ ਪਾਣੀ ਪੀ ਕੇ ਹਟਿਆਂ।" ਉਸਨੇ ਮਾਂ ਨੂੰ ਰੋਕਣਾ ਚਾਹਿਆ।

"ਕੁਛ ਨੀ ਹੁੰਦਾ। ਤੇਰੇ ਬਹਾਨੇ ਨਾਲ ਅਸੀਂ ਪੀਲਾਂਗੇ।" ਮਾਂ ਉਸਦੀ ਗੱਲ ਨੂੰ ਅਣਸੁਣੀ ਕਰ ਕੇ ਚਾਹ ਬਣਾਉਣ ਲੱਗ ਪਈ।

"ਤੂੰ ਛੇਤੀ ਛੇਤੀ ਠੀਕ ਹੋ ਕੇ ਹੁਣ ਮੇਰੀ ਬੀੜ੍ਹੀ ਲਾਹ ਕੇ ਆਈਂ।" ਉਸਨੇ ਮੈਨੂੰ ਝੂਠੀ ਆਸ ਬੰਨ੍ਹਾਈ।

"ਜਦੋਂ ਠੀਕ ਹੋ ਗਿਆ, ਸਭ ਤੋਂ ਪਹਿਲਾਂ ਤੇਰੇ ਕੋਲ ਆਊਂ।" ਮੈਂ ਹੁਣ ਉਸ ਨੂੰ ਸੱਚ ਕਹਿ ਕੇ ਉਸਦਾ

ਦਿਲ ਨਹੀਂ ਤੋੜਨਾ ਚਾਹੁੰਦਾ ਸੀ।

ਅਸੀਂ ਥੋੜ੍ਹੀਆਂ ਜਿਹੀਆਂ ਗੱਲਾਂ ਹੋਰ ਕੀਤੀਆਂ, ਏਨੇ ਨੂੰ ਮਾਂ ਚਾਹ ਬਣਾ ਲਿਆਈ। ਚਾਹ ਪੀਂਦਿਆਂ ਮਾਂ ਉਸ ਨਾਲ ਫਿਰ ਗੱਲੀਂ ਪੈ ਗਈ। ਚਾਹ ਪੀ ਕੇ ਉਹ ਕੁਝ ਦੇਰ ਹੋਰ ਬੈਠੀ ਤੇ ਫਿਰ ਜਾਣ ਲਈ ਉੱਠ ਖੜ੍ਹੀ, "ਚੰਗਾ ਭੂਆ ਹੁਣ ਮੈਂ ਜਾਨੀ ਆਂ।"

"ਬੈਠ ਜਾ ਅਜੇ। ਸ਼ਾਮ ਦੀ ਰੋਟੀ ਖਾ ਕੇ ਜਾਈਂ ਪੁੱਤ।" ਮਾਂ ਨੇ ਸੁਲਾ ਮਾਰੀ।

"ਬੱਸ ਭੂਆ। ਸੁਰਜੀਤ ਭੂਆ 'ਡੀਕਦੀ ਹੋਣੀ।"

"ਚਲ ਚੰਗਾ ਜਿਉਂਦੀ ਰਹਿ ਭਾਈ। ਰੱਬ ਤੈਨੂੰ ਲੰਬੀਆਂ ਉਮਰਾਂ ਲਾਵੇ।" ਮਾਂ ਨੇ ਉਸਦਾ ਪਿਆਰ ਨਾਲ ਸਿਰ ਪਲੋਸਿਆ।

"ਚੰਗਾ ਬੰਤੀ।" ਉਸਨੇ ਮੈਥੋਂ ਵੀ ਜਾਣ ਦੀ ਇਜਾਜ਼ਤ ਮੰਗੀ। ਮੈਂ ਸਿਰ ਹਿਲਾ ਕੇ ਹਾਮੀਂ ਭਰ ਦਿੱਤੀ। ਉਹ ਸਬਾਤ 'ਚੋਂ ਬਾਹਰ ਨਿੱਕਲ ਗਈ। ਉਸ ਨੇ ਇੱਕ ਵਾਰ ਮੁੜ ਕੇ ਮੇਰੇ ਵੱਲ ਹਸਰਤ ਭਰੀਆਂ ਨਿਗਾਹਾਂ ਨਾਲ ਵੇਖਿਆ ਤੇ ਤੁਰ ਪਈ। ਮੈਂ ਉਸਨੂੰ ਜਾਂਦੀ ਨੂੰ ਵੇਖਦਾ ਰਿਹਾ। ਜਦੋਂ ਉਹ ਦਿਸਣੋਂ ਹਟ ਗਈ, ਮੈਂ ਹਾਉਕਾ ਲੈ ਕੇ ਅੱਖਾਂ ਮੀਟ ਲਈਆਂ। ਇਹ ਹਾਉਕਾ, ਸਾਡੀ ਹੁਣ ਕਦੇ ਨਾ ਮਿਲਣ ਦੀ ਮਰ ਗਈ ਆਸ ਦਾ ਸੀ। ਸ਼ਾਇਦ ਅਜਿਹਾ ਹਾਉਕਾ ਤੁਰਨ ਲੱਗਿਆਂ ਉਸ ਨੇ ਵੀ ਭਰਿਆ ਹੋਵੇ।

ਜਿਉਂ ਜਿਉਂ ਸਮਾਂ ਬੀਤ ਰਿਹਾ ਸੀ, ਜ਼ਿੰਦਗੀ ਦੀ ਬਾਂਹ ਮੇਰੇ ਹੱਥੋਂ ਤਿਲਕਦੀ ਜਾਂਦੀ ਸੀ। ਹੁਣ ਮੇਰੀ ਤਕਲੀਫ਼ ਏਨੀ ਵਧ ਗਈ ਸੀ ਜੀਅ ਕਰਦਾ ਸੀ ਕੁਝ ਖਾ ਕੇ ਮਰ ਜਾਵਾਂ ਤੇ ਇਸ ਦਰਦ ਤੋਂ ਸਦਾ ਲਈ ਮੇਰਾ ਖਹਿੜਾ ਛੁਟ ਜਾਵੇ। ਮੇਰਾ ਚਿਹਰਾ ਏਨਾ ਬਡਰੂਪ ਤੇ ਭਿਆਨਕ ਹੋ ਗਿਆ ਸੀ ਕਿ ਮੈਨੂੰ ਸ਼ੀਸ਼ੇ 'ਚ ਦੇਖਿਆਂ ਖ਼ੁਦ ਦੀ ਪਹਿਚਾਣ ਕਰਨੀ ਮੁਸ਼ਕਲ ਸੀ। ਬੇਹੋਸ਼ੀ ਦੇ ਦੌਰੇ ਹੋਰ ਲੰਬੇ ਹੋ ਗਏ ਸਨ। ਥੋੜ੍ਹੀ ਦੇਰ ਸੁਰਤ ਆਉਂਦੀ, ਮੇਰੀਆਂ ਅੱਖਾਂ ਅੱਗੇ ਮਾਂ, ਬਾਪੂ ਤੇ ਮਨੀ ਆ ਖੜ੍ਹਦੀਆਂ। ਮੈਂ ਉਨ੍ਹਾਂ ਨੂੰ ਕੁਝ ਕਹਿਣ ਦੀ ਕੋਸ਼ਿਸ਼ ਕਰਦਾ ਪਰ ਮੇਰੀ ਅਵਾਜ਼ ਨਾ ਨਿਕਲਦੀ। ਮੈਂ ਹੱਥ ਦੇ ਇਸ਼ਾਰੇ ਨਾਲ ਕੁਝ ਸਮਝਾਉਣ ਦੀ ਹਿੰਮਤ ਕਰਦਾ, ਮੈਥੋਂ ਬਾਹਵਾਂ ਨਾ ਚੁੱਕੀਆਂ ਜਾਂਦੀਆਂ। ਬੇਵਸੀ ਵਿੱਚ ਮੇਰੀਆਂ ਅੱਖਾਂ 'ਚ ਹੰਝੂ ਛਲਕ ਆਉਂਦੇ। ਮਾਂ ਮੇਰੇ ਹੰਝੂ ਪੂੰਝਦੀ ਆਪ ਰੋਣ ਲੱਗ ਜਾਂਦੀ। ਮਾਂ ਮੈਨੂੰ ਅਜੇ ਕੁਝ ਕਹਿਣ ਦੀ ਕੋਸ਼ਿਸ਼ ਕਰ ਰਹੀ ਹੁੰਦੀ ਕਿ ਮੈਂ ਮੁੜ ਬੇਹੋਸ਼ ਹੋ ਜਾਂਦਾ। ਅਖ਼ੀਰ ਇੱਕ ਦਿਨ ਮੈਂ ਅਜਿਹਾ ਬੇਹੋਸ਼ ਹੋਇਆ ਕਿ ਮੁੜ ਕਦੀ ਹੋਸ ਨਾ ਆਈ।

ਮੁਬਾਇਲ-95922-74200 ✪

ਪੰਜਾਬੀ ਦੇ ਚਰਚਿਤ ਗਲਪਕਾਰ ਜਸਵਿੰਦਰ ਸਿੰਘ ਛਿੰਦਾ ਦਾ ਨਵਾਂ ਕਹਾਣੀ ਸੰਗ੍ਰਹਿ

ਨਜ਼ੂਮੀ

ਜਸਵਿੰਦਰ ਸਿੰਘ ਛਿੰਦਾ

ਪ੍ਰਕਾਸ਼ਕ

ਸਾਹਿਬਦੀਪ ਪ੍ਰਕਾਸ਼ਨ ਭੀਖੀ, ਮਾਨਸਾ






## ਕਹਾਣੀ / **ਘੀਚਰ**/ ਗੁਰਿੰਦਰ ਸਿੰਘ ਕਲਸੀ

ਅੱਜ ਅੱਠਵੀਂ ਜਮਾਤ ਦਾ ਪਹਿਲਾ ਪੇਪਰ ਹੈ। ਸਕੂਲ ਦੇ ਅੰਦਰ ਗਰਾਊਂਡ ਵਿਚ ਖੜ੍ਹਾ। ਮੈਂ ਬਾਹਰ ਗੇਟ ਵੱਲ ਦੇਖ ਰਿਹਾ ਹਾਂ। ਸਕੂਲ ਦੀ ਬਾਹਰਲੀ ਸੜਕ ਉਤੇ ਬਹੁਤ ਸਾਰੇ ਬੱਚੇ ਸਕੂਲ ਵੱਲ ਨੂੰ ਤੁਰਦੇ ਆਉਂਦੇ ਦਿਖਾਈ ਦੇ ਰਹੇ ਹਨ, ਪਰ ਮੈਨੂੰ ਘੀਚਰ ਕਿਧਰੇ ਵੀ ਆਉਂਦਾ ਦਿਖਾਈ ਨਹੀਂ ਦੇ ਰਿਹਾ। ਅੱਜ ਤਾਂ ਉਸ ਦਾ ਪੇਪਰ ਹੈ।

ਸਕੂਲ ਲੱਗਣ ਦੀ ਘੰਟੀ ਵੱਜ ਚੁੱਕੀ ਹੈ। ਅਜੇ ਵੀ ਕੋਈ ਕੋਈ ਬੱਚਾ ਸਕੂਲ ਦੇ ਗੇਟ ਦੀ ਦੇਹਲੀ ਉਪਰ ਹੱਥ ਛੁਹਾ ਕੇ ਮੱਥੇ ਨੂੰ ਲਾਉਂਦਿਆਂ ਕਾਹਲੀ ਕਾਹਲੀ ਅੰਦਰ ਆ ਰਿਹਾ ਹੈ। ਸਵੇਰ ਦੀ ਸਭਾ ਵਾਸਤੇ ਵਿਦਿਆਰਥੀ ਪ੍ਰਾਥਨਾ ਗਰਾਊਂਡ ਵਿਚ ਇਕੱਠੇ ਹੋ ਰਹੇ ਹਨ। ਕੁਝ ਵਿਦਿਆਰਥੀਆਂ ਨੇ ਸਟੇਜ ਦੇ ਉਪਰ ਡਰੰਮ ਰੱਖ ਕੇ ਉਸ ਉਪਰ ਡੱਗਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਬਾਕੀ ਦੇ ਵਿਦਿਆਰਥੀ ਕਤਾਰਾਂ ਵਿਚ ਖੜ੍ਹਨੇ ਸ਼ੁਰੂ ਹੋ ਚੁੱਕੇ ਹਨ। ਅੱਠਵੀਂ ਜਮਾਤ ਦੇ ਵਿਦਿਆਰਥੀ ਪਰਲੇ ਕਮਰਿਆਂ ਵਿਚ ਬਣੇ ਪ੍ਰੀਖਿਆ ਕੇਂਦਰ ਵਿਚ ਪ੍ਰੀਖਿਆ ਲਈ ਜਾ ਚੁੱਕੇ ਹਨ। ਪਰ ਘੀਚਰ ਦਾ ਕਿਧਰੇ ਕੋਈ ਨਾਂ ਨਿਸ਼ਾਨ ਨਹੀਂ। ਉਸ ਦੀ ਉਡੀਕ ਕਰਦਾ ਮੈਂ ਲਗਾਤਾਰ ਗੇਟ ਵੱਲ ਹੀ ਦੇਖੀ ਜਾ ਰਿਹਾ ਹਾਂ।

ਘੀਚਰ...! ਚੰਗਾ ਭਲਾ ਤਾਂ ਨਾਮ ਸੀ ਉਸ ਦਾ ਸਤਵਿੰਦਰ ਸਿੰਘ ਪਰ ਪਤਾ ਨਹੀਂ ਕਿਵੇਂ ਵਿਗੜ ਵਿਗੜ ਕੇ ਘੀਚਰ ਬਣ ਗਿਆ। ਕੋਈ ਉਸ ਨੂੰ ਘੀਚਰ ਕਹਿ ਕੇ ਛੇੜਦਾ ਵੀ ਤਾਂ ਉਹ ਅਗਿਓਂ ਸਗੋਂ ਮੁਸਕਰਾ ਦਿੰਦਾ। ਸਤਵਿੰਦਰ ਤਾਂ ਉਸ ਨੂੰ ਕੋਈ ਕਹਿੰਦਾ ਹੀ ਨਹੀਂ ਸੀ।

ਉਹ ਮੇਰੇ ਕੋਲ ਹੀ ਛੇਵੀਂ ਜਮਾਤ ਵਿਚ ਦਾਖਲ ਹੋਇਆ ਸੀ। ਪਤਲਾ ਜਿਹਾ ਛੀਂਟਕਾ ਜਿਹਾ। ਉਸ ਦੀ ਮਾਸੂਮ ਜਿਹੀ ਮੁਸਕੁਰਾਹਟ ਇਕ ਵਿਸ਼ੇਸ਼ ਖਿੱਚ ਪਾਉਂਦੀ। ਉਸ ਦੀਆਂ ਅੱਖਾਂ ਬਹੁਤ ਭੋਲੀਆਂ ਸਨ। ਸਿਰ ਉਤੇ ਕਸ ਕੇ ਕੀਤਾ ਹੋਇਆ ਜੂੜਾ ਅਤੇ ਚਿੱਟਾ ਰੁਮਾਲ। ਮੈਂ ਛੇਵੀਂ ਜਮਾਤ ਦਾ ਇੰਚਾਰਜ ਸੀ ਅਤੇ ਉਹਨਾਂ ਨੂੰ ਗਣਿਤ ਅਤੇ ਵਿਗਿਆਨ ਵੀ ਮੈਂ ਹੀ ਪੜ੍ਹਾਉਂਦਾ ਸੀ।

ਛੋਟਾ ਜਿਹਾ ਮਿਡਲ ਸਕੂਲ ਜਿਸ ਵਿਚ ਸਿਰਫ਼ ਤਿੰਨ ਜਮਾਤਾਂ, ਛੇਵੀਂ, ਸੱਤਵੀਂ ਅਤੇ ਅੱਠਵੀਂ। ਸਾਰੇ ਸਕੂਲ ਵਿਚ ਲਗਭਗ ਪੰਜਾਹ ਦੇ ਕਰੀਬ ਬੱਚੇ। ਸਾਰੇ ਬੱਚੇ ਇਸੇ ਪਿੰਡ ਦੇ ਕਿਉਂਕਿ ਨਾਲ ਵਾਲੇ ਪਿੰਡਾਂ ਦੇ ਆਪਣੇ ਆਪਣੇ ਮਿਡਲ ਸਕੂਲ ਸਨ। ਵੀਹ ਬੱਚਿਆਂ ਦੀ ਇਸ ਛੇਵੀਂ ਜਮਾਤ ਵਿਚ ਸਾਰੇ ਹੀ ਨਵੇਂ ਬੱਚੇ ਸਨ। ਸਾਹਮਣੇ ਹੀ ਪ੍ਰਾਇਮਰੀ ਸਕੂਲ ਵਿਚੋਂ ਪੰਜਵੀਂ ਪਾਸ ਕਰ ਕੇ ਆਏ ਹੋਏ। ਸਾਰੇ ਹੀ ਬੱਚੇ ਗਰੀਬ ਅਤੇ ਮਜ਼ਦੂਰੀ ਕਰਨ ਵਾਲੇ ਦਲਿਤ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ।

ਮੈਂ ਉਹਨਾਂ ਨੂੰ ਪੜ੍ਹਾਈ ਦਾ ਕੰਮ ਕਰਵਾਉਣ ਤੋਂ ਬਾਅਦ ਜਦੋਂ ਉਹਨਾਂ ਨੂੰ ਖ਼ੁਦ ਕੋਈ ਸਵਾਲ ਕੱਢਣ ਲਈ ਕਹਿੰਦਾ ਤਾਂ ਆਮ ਤੌਰ ਤੇ ਸਾਰੇ ਹੀ ਬੱਚੇ ਕਾਪੀ ਕਿਤਾਬ ਆਪਣੇ ਮੂਹਰੇ ਖੋਲ੍ਹ ਕੇ ਚੁੱਪਚਾਪ ਬੈਠੇ ਰਹਿੰਦੇ। ਕੋਈ ਕੋਈ ਵਿਦਿਆਰਥੀ, ਖਾਸ ਕਰ ਕੇ ਕੁੜੀਆਂ ਕੁਝ ਸਵਾਲ ਹੱਲ ਕਰਨ ਦੀ ਕੋਸ਼ਿਸ਼ ਕਰਦੀਆਂ ਪਰ ਮੁੰਡਿਆਂ ਦਾ ਤਾਂ ਬਹੁਤਾ ਹੀ ਬੁਰਾ ਹਾਲ ਸੀ। ਪਿੱਛੇ ਬੈਠੇ ਦੋ ਚਾਰ ਤਾਂ ਸ਼ਰਾਰਤਾਂ ਹੀ ਕਰਦੇ ਰਹਿੰਦੇ।

ਅਜਿਹੇ ਹੀ ਇਕ ਦਿਨ ਜਦੋਂ ਮੈਂ ਬਲੈਕ ਬੋਰਡ ਉੱਤੇ ਚਾਰ ਪੰਜ ਸਵਾਲ ਹੱਲ ਕਰ ਕੇ ਉਹਨਾਂ ਨੂੰ ਸਮਝਾ ਦਿੱਤੇ ਅਤੇ ਉਹਨਾਂ ਨੂੰ ਸਮਝ ਸਮਝ ਕੇ ਆਪਣੀਆਂ ਕਾਪੀਆਂ ਉੱਤੇ ਉਤਾਰਨ ਲਈ ਕਿਹਾ ਤਾਂ ਮੈਂ ਕੁਝ ਹੀ ਦੇਰ ਬਾਅਦ ਦੇਖਿਆ ਕਿ ਉਹ ਇਕ ਕਾਲੇ ਸਕੈੱਚ ਪੈੱਨ ਨਾਲ ਆਪਣੇ ਹਰੇ ਰੰਗ ਦੇ ਜੁਮੈਟਰੀ ਬੌਕਸ ਉੱਤੇ ਵਾਰ ਵਾਰ ਆਪਣਾ ਨਾਮ ਲਿਖ ਰਿਹਾ ਸੀ,'ਸਤਵਿੰਦਰ ਸਿੰਘ ਗਿੱਲ, ਐੱਸ. ਐੱਸ. ਗਿੱਲ।

ਉਸ ਦਾ ਧਿਆਨ ਪੜ੍ਹਾਈ ਵਿਚ ਬਿਲਕੁਲ ਵੀ ਨਹੀਂ ਸੀ। ਮੈਂ ਉਸ ਦੇ ਕੋਲ ਜਾ ਕੇ ਪੁੱਛਿਆ, "ਹਾਂ ਬਈ, ਖੜ੍ਹਾ ਹੋ! ਕਿਆ ਕਰਦੈਂ ਤੂੰ? ਕਰ ਲਿਆ ਬਲੈਕ ਬੋਰਡ ਵਾਲਾ ਕੰਮ?"

ਉਹ ਕਾਪੀ ਚੁੱਕ ਕੇ ਨੀਵੀਂ ਜਿਹੀ ਪਾ ਕੇ ਖੜ੍ਹਾ ਹੋ ਗਿਆ ਅਤੇ ਆਸੇ ਪਾਸੇ ਮੁੰਡਿਆਂ ਵਿਚ ਖ਼ੁਸਰ-ਫੁਸਰ ਹੋਣ ਲੱਗੀ। ਉਹ ਨੀਵੀਂ ਪਾ ਕੇ ਮੁਸਕੁਰਾਉਂਦਾ ਰਿਹਾ। ਉਸ ਨੂੰ ਪਤਾ ਸੀ ਕਿ ਉਸ ਦੀ ਚੋਰੀ ਪਕੜੀ ਗਈ ਹੈ। ਮੁੰਡੇ ਹੌਲੀ ਹੌਲੀ ਦਬਵੀਂ ਆਵਾਜ਼ ਵਿਚ 'ਘੀਚਰ' 'ਘੀਚਰ' ਕਹਿ ਰਹੇ ਸਨ।

ਮੈਂ ਉਸ ਵੱਲੋਂ ਧਿਆਨ ਹਟਾ ਕੇ ਆਪਣੇ ਮੇਜ਼ ਕੋਲ ਆ ਗਿਆ ਅਤੇ ਸਾਰੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਬੋਲਿਆ, "ਦੇਖੋ ਬਈ ਤੁਸੀਂ ਸਾਰੇ, ਮੇਰੀ ਗੱਲ ਸੁਣੋ ਧਿਆਨ ਨਾਲ, ਤੁਸੀਂ ਇਸ ਮੁੰਡੇ ਨੂੰ ਘੀਚਰ ਕਿਉਂ ਕਹਿੰਦੇ ਹੋ? ਐਨਾ ਸੋਹਣਾ ਤਾਂ ਮੁੰਡਾ ਹੈ ਇਹ ਤੇ ਇਸ ਦਾ ਨਾਮ ਵੀ ਕਿੰਨਾ ਸੋਹਣਾ ਹੈ, ਸਤਵਿੰਦਰ ਸਿੰਘ ਗਿੱਲ, ਅੱਜ ਤੋਂ ਬਾਅਦ ਕਿਸੇ ਨੇ ਵੀ ਇਸ ਨੂੰ ਘੀਚਰ ਕਹਿ ਕੇ ਨਹੀਂ ਬੁਲਾਉਣਾ, ਪੂਰਾ ਨਾਮ ਲੈਣਾ ਹੈ, ਸਤਵਿੰਦਰ ਸਿੰਘ ਜਾਂ ਫੇਰ ਪਿਆਰ ਨਾਲ ਸਤਵਿੰਦਰ ਕਹਿ ਲਓ... ਪਰ ਘੀਚਰ ਤਾਂ ਬਿਲਕੁਰ ਵੀ ਨਹੀਂ ਕਹਿਣਾ, ਨਾਲੇ ਤੁਸੀਂ ਇਹ ਕੀ ਕਿਸੇ ਨੂੰ ਗੋਲੂ.. ਕਿਸੇ ਨੂੰ ਠੋਹਲੂ... ਕਿਸੇ ਦਾ ਵੀ ਕੋਈ ਹੋਰ ਨਾਮ ਨਹੀਂ ਰੱਖਣਾ... ਸਭ ਦਾ ਪੂਰਾ ਨਾਮ ਲੈਣਾ ਹੈ।"

ਸਾਰੇ ਬੱਚੇ ਮੁਸਕੁਰਾ ਰਹੇ ਸਨ। ਮੈਂ ਦੁਬਾਰਾ ਉਸ ਕੋਲ ਗਿਆ ਅਤੇ ਉਸ ਦੀ ਕਾਪੀ ਦੇਖੀ ਉਸ ਨੇ ਕਾਪੀ ਉੱਤੇ ਕੁਝ ਵੀ ਨਹੀਂ ਸੀ ਲਿਖਿਆ। ਮੈਂ ਕੁਝ ਤੈਸ਼ ਵਿਚ ਆਇਆ ਅਤੇ ਬੋਲਿਆ, "ਕੀ ਗੱਲ ਬਈ ਤੂੰ ਬਲੈਕ ਬੋਰਡ ਉਤੇ ਕੀਤਾ ਹੋਇਆ ਕੰਮ ਵੀ ਨਹੀਂ ਉਤਾਰ ਸਕਦਾ, ਹੋਰ ਤੈਂ ਆਪਣੇ ਆਪ ਸਵਾਲ ਤਾਂ ਕਿਆ ਕੱਢਣੇ ਐਂ।"

ਮੈਂ ਉਸ ਦਾ ਕੰਨ ਪਕੜਨ ਹੀ ਲੱਗਿਆ ਸੀ ਕਿ ਉਹ ਛੂਈਂ ਮੂਈਂ ਜਿਹਾ ਹੋ ਕੇ ਆਪਣਾ ਕੰਨ ਬਚਾਉਂਦਾ ਹੋਇਆ ਬੋਲਿਆ, "ਤਾਰਨ ਈ ਲੱਗਿਐਂ ਜੀ।"

"ਚੱਲ, ਛੇਤੀ ਛੇਤੀ ਕੰਮ ਲਿਖ ਕੇ ਦਿਖਾ ਮੈਨੂੰ।" ਇਹ ਕਹਿੰਦਿਆਂ ਮੈਂ ਹੋਰ ਮੁੰਡਿਆਂ ਦੀਆਂ ਕਾਪੀਆਂ ਦੇਖਣ ਲੱਗਿਆ।

ਪਰ ਇਥੇ ਤਾਂ ਸਾਰੇ ਮੁੰਡੇ ਹੀ ਘੀਚਰ ਬਣੀਂ ਬੈਠੇ ਸਨ। ਇਕ ਦੋ ਨੂੰ ਛੱਡ ਕੇ ਕਿਸੇ ਨੇ ਵੀ ਬਲੈਕ ਬੋਰਡ ਵਾਲਾ ਕੰਮ ਨਹੀਂ ਸੀ ਉਤਾਰਿਆ। ਜਿਹੜਿਆਂ ਨੇ ਉਤਾਰਿਆਂ ਵੀ ਸੀ ਉਹ ਵੀ ਬੜੀ ਭੱਦੀ ਲਿਖਾਈ ਵਿਚ ਜਿਵੇਂ ਖ਼ਾਨਾ-ਪੂਰਤੀ ਹੀ ਕੀਤੀ ਹੋਵੇ।

ਪੰਜ ਛੇ ਕੁੜੀਆਂ ਨੇ ਤਾਂ ਬਹੁਤ ਹੀ ਵਧੀਆ ਤਰੀਕੇ ਨਾਲ ਕੰਮ ਕੀਤਾ ਹੋਇਆ ਸੀ। ਮੋਤੀਆਂ ਵਾਂਗ ਪਰੋ ਪਰੋ ਕੇ ਅੱਖਰ ਲਿਖੇ ਹੋਏ ਸਨ, ਕਿਤੇ ਲਾਲ ਕਿਤੇ ਹਰੇ ਸਕੈੱਚ ਪੈਨਾਂ ਨਾਲ ਪੰਨਿਆਂ ਨੂੰ ਸਜਾਇਆ ਹੋਇਆ ਸੀ। ਮੇਰਾ ਕਹਿਣਾ ਮੰਨ ਕੇ ਕਾਪੀਆਂ ਉੱਤੇ ਬਹੁਤ ਖ਼ੂਬਸੂਰਤ ਜਿਲਦਾਂ ਵੀ ਚੜ੍ਹਾਈਆਂ ਹੋਈਆਂ ਸਨ।



ਕੁਝ ਹੀ ਦਿਨਾਂ ਵਿਚ ਮੈਂ ਜਾਣ ਗਿਆ ਕਿ ਇਹ ਮੁੰਡੇ ਪੰਜਵੀਂ ਦੇ ਪੱਧਰ ਦਾ ਤਾਂ ਕੀ ਦੂਜੀ ਤੀਜੀ ਦੇ ਪੱਧਰ ਦਾ ਗਣਿਤ ਵੀ ਨਹੀਂ ਜਾਣਦੇ। ਹੋਰ ਵਿਸ਼ਿਆਂ ਦੀ ਜਾਣਕਾਰੀ ਲੈਣ ਲਈ ਮੈਂ ਉਹਨਾਂ ਦੀਆਂ ਬਾਕੀ ਵਿਸ਼ਿਆਂ ਦੀਆਂ ਕਾਪੀਆਂ ਵੀ ਦੇਖੀਆਂ। ਉਥੇ ਵੀ ਰਾਮ ਨਾਮ ਸੱਤ। ਲਿਖਾਈ ਬਹੁਤ ਹੀ ਗੰਦੀ। ਸਮਝ ਹੀ ਨਾ ਲੱਗੇ ਕਿ ਕੀ ਲਿਖਿਆ ਹੋਇਆ ਹੈ। ਲਿਖੇ ਮੂਸਾ ਪੜ੍ਹੇ ਖ਼ੁਦਾ।

ਅਜਿਹੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ। ਇਹ ਸੋਚ ਕੇ ਮੈਂ ਇਹਨਾਂ ਕਮਜ਼ੋਰ ਵਿਦਿਆਰਥੀਆਂ ਨੂੰ ਪਹਾੜੇ, ਜੋੜ ਘਟਾਓ ਦੇ ਆਮ ਸਵਾਲ, ਭਾਗ, ਗੁਣਾਂ ਆਦਿ ਦੇ ਸਵਾਲ ਚਾਰਟਾਂ, ਮਾਡਲਾਂ ਅਤੇ ਹੋਰ ਗਤੀਵਿਧੀਆਂ ਦੀ ਸਹਾਇਤਾ ਨਾਲ ਕਰਵਾਉਣ ਲੱਗਿਆ। ਹਫ਼ਤਾਵਾਰੀ ਟੈਸਟ ਵੀ ਹੁੰਦਾ। ਪਰ ਸਿਲੇਬਸ ਵੀ ਨਾਲ ਦੀ ਨਾਲ ਚੱਲਣਾ ਸੀ। ਕਈ ਵਾਰ ਇਹਨਾਂ ਨਾਲ ਉਲਝਦਿਆਂ ਸਿਲੇਬਸ ਪਿੱਛੇ ਰਹਿ ਜਾਂਦਾ। ਕਦੇ ਕੋਈ ਸੈਮੀਨਾਰ ਆ ਜਾਂਦਾ ਅਤੇ ਕਦੇ ਕੰਪਲੈਕਸ ਸਕੂਲ ਜਾਂ ਡੀ. ਈ. ਓ. ਦਫ਼ਤਰ ਡਾਕ ਦੇਣ ਜਾਂ ਕਿਸੇ ਮੀਟਿੰਗ ਲਈ ਜਾਣ ਦੀਆਂ ਹਦਾਇਤਾਂ ਆ ਜਾਂਦੀਆਂ। ਦੋ ਚਾਰ ਦਿਨਾਂ ਬਾਅਦ ਉਹ ਫੇਰ ਮਸਤ-ਮਲੰਗ ਬਣ ਜਾਂਦੇ। ਉਹਨਾਂ ਦੇ ਕੰਮ ਨਾ ਕਰਨ ਕਰ ਕੇ ਦਿਮਾਗ਼ੀ ਤਣਾਓ ਵੀ ਝੱਲਣਾ ਪੈਂਦਾ। ਕਦੇ ਕਦੇ ਉੱਚਾ ਬੋਲ ਹੋ ਜਾਂਦਾ ਅਤੇ ਕਦੇ ਕਦੇ ਗੁੱਸੇ ਵਿਚ ਇਕ ਅੱਧੇ ਦੇ ਚਟਾਕਾ ਵੀ ਲੱਗ ਜਾਂਦਾ।

ਅਜਿਹੇ ਹੀ ਇਕ ਦਿਨ ਮੈਡਮ ਬਲਜਿੰਦਰ ਮੇਰੇ ਕੋਲ ਆ ਕੇ ਕਹਿਣ ਲੱਗੇ, ਕੀ ਗੱਲ ਸਰ, ਬੜਾ ਗੁੱਸਾ ਚੜ੍ਹਾਇਐ, ਦੇਖਿਓ ਕਿਤੇ ਬੀ ਪੀ ਨਾ ਵਧਾ ਲਿਓ ਤੁਸੀਂ, ਇਹਨਾਂ ਦਾ ਤਾਂ ਏਹੀ ਕੰਮ ਆ।" ਘਬਰਾਹਟ ਚੋਂ ਨਿਕਲ ਕੇ ਮੈਂ ਮੁਸਕੁਰਾਉਂਦਿਆਂ ਜਵਾਬ ਦਿੱਤਾ, "ਮੈਡਮ ਤੁਸੀਂ ਜਾਣਦੇ ਈ ਓ ਇਹ ਭੋਰਾ ਕੰਮ ਨੀਂ ਕਰਦੇ, ਆਹ ਪੰਜ ਛੇ ਮੁੰਡੇ ਤਾਂ ਜਮਾਂ ਈ ਨੀਂ ਪੜ੍ਹਦੇ, ਦੂਜੀ ਤੀਜੀ ਦਾ ਕੰਮ ਵੀ ਨੀਂ ਆਉਂਦਾ ਇਹਨਾਂ ਨੂੰ, ਦੇਖ ਲੋ ਮੈਂ ਅੱਜ ਕੱਲ੍ਹ ਇਹਨਾਂ ਨੂੰ ਪਹਾੜੇ ਕਰਵਾ ਰਿਹਾ ਹਾਂ।"

"ਏਹੀ ਹਾਲ ਹੈ ਸਰ ਇਹਨਾਂ ਦਾ, ਮੇਰੀ ਪੰਜਾਬੀ ਦਾ ਕੰਮ ਕਿਹੜੇ ਕਰਦੇ ਆਂ, ਸਿੱਧੇ ਅੱਖਰ ਨੀਂ ਪਾਉਣੇ ਆਉਂਦੇ ਇਹਨਾਂ ਨੂੰ, ਆਹ ਦਲਜੀਤ ਦੀ ਲਿਖਾਈ ਦੇਖਿਓ ਸਰ, ਕੁਸ਼ ਨੀਂ ਸਮਝ ਆਉਂਦਾ ਵੀ ਕੀ ਲਿਖਿਐ।" ਇਹ ਕਹਿ ਕੇ ਬਲਜਿੰਦਰ ਆਪਣੀ ਕਲਾਸ ਲੈਣ ਲਈ ਚਲੇ ਗਈ।

ਮਹੀਨਿਆਂ ਦੀ ਮਗ਼ਜ਼ ਪੱਚੀ ਕਰਨ ਦਾ ਨਤੀਜਾ ਇਹ ਨਿਕਲਿਆ ਕਿ ਕੁਝ ਮੁੰਡਿਆਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ, ਭਾਵੇਂ ਕਿ ਉਹ ਅਜੇ ਵੀ ਸਵਾਲ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਸਨ ਕਰਦੇ ਪਰ ਬਲੈਕ ਬੋਰਡ ਵਾਲਾ ਕੰਮ ਵੀ ਸਾਫ਼ ਸਾਫ਼ ਉਤਾਰਨ ਲੱਗੇ ਅਤੇ ਘਰ ਨੂੰ ਦਿੱਤਾ ਕੰਮ ਵੀ ਕਿਵੇਂ ਨਾ ਕਿਵੇਂ ਕਰ ਕੇ ਲਿਆਉਣ ਲੱਗੇ।

ਪਰ ਘੀਚਰ ਹਰ ਰੋਜ਼ ਕੁੱਤੇਹਾਣੀ ਕਰਵਾਉਂਦਾ। ਜੇ ਇਕ ਦਿਨ ਉਹ ਸਕੂਲ ਆਉਂਦਾ ਤਾਂ ਦੋ ਦਿਨ ਛੁੱਟੀ ਮਾਰ ਲੈਂਦਾ। ਜਦੋਂ ਸਕੂਲ ਆਉਂਦਾ ਤਾਂ ਨਵੇਂ ਤੋਂ ਨਵਾਂ ਬਹਾਨਾ ਘੜ ਕੇ-ਮੇਰੀ ਬੀਬੀ ਬਿਮਾਰ ਤੀ ਜੀ।

ਕਦੇ ਕਹਿੰਦਾ ਬਿਆਹ ਗਏ ਹੋਏ ਤੇ ਜੀ।

ਕਦੇ ਕੁਸ਼ -ਕਦੇ ਕੁਸ਼।

ਉਸ ਨੇ ਇਕ ਨਵਾਂ ਹੀ ਤਰੀਕਾ ਈਜ਼ਾਦ ਕਰ ਲਿਆ। ਚਾਰ ਪੰਜ ਦਿਨ ਦੀ ਛੁੱਟੀ ਮਾਰ ਕੇ ਜਦੋਂ ਉਹ ਸਕੂਲ ਆਉਂਦਾ ਤਾਂ ਇਕ ਨਵੀਂ ਕਾਪੀ ਉੱਪਰ ਪਹਿਲੇ ਦੋ ਤਿੰਨ ਪੰਨਿਆ ਉੱਤੇ

ਪਿਛਲੇ ਦਿਨ ਦਾ ਕੰਮ ਛੇਤੀ ਛੇਤੀ ਝਰੀਟ ਕੇ ਮੇਰੇ ਮੂਹਰੇ ਲਿਆ ਧਰਦਾ

"ਹਾਂ... ਪੁਰਾਣੀ ਕਾਪੀ ਕਿੱਥੇ ਆ? ਪਿਛਲਾ ਕੰਮ?" ਮੈਂ ਗੁੱਸੇ ਨਾਲ ਪੁੱਛਦਾ।

'ਕਾਪੀ ਭਰਗੀ ਜੀ।" ਉਹ ਨੀਵੀਂ ਪਾ ਕੇ ਜਵਾਬ ਦਿੰਦਾ।

"ਭਰਗੀ? ਪਰ ਕਾਪੀ ਹੈ ਕਿੱਥੇ?" ਮੈਂ ਕੜਕ ਕੇ ਬੋਲਦਾ।

"ਘਰ ਆ ਜੀ।" ਉਹ ਘਬਰਾ ਜਾਂਦਾ।

"ਭੇਜਾਂ ਹੁਣੇ ਘਰ ਨੂੰ ਕਾਪੀ ਲੈਣ, ਜੇ ਚੈਕਿੰਗ ਆਲੇ ਆ ਗਏ ਤਾਂ ਉਹਨਾਂ ਸਾਡੀ ਜਾਨ ਖਾ ਜਾਣੀ ਤੇ ਤੁਸੀਂ ਕੋਈ ਕੰਮ ਕਰ ਕੇ ਰਾਜੀ ਨਹੀਂ।" ਇਹ ਸੁਣ ਕੇ ਉਹ ਤ੍ਰੇਲੀਓ-ਤ੍ਰੇਲੀ ਹੋ ਜਾਂਦਾ।

ਸਿਰਫ ਮੇਰੇ ਨਾਲ ਹੀ ਨਹੀਂ, ਉਹ ਹੋਰ ਵਿਸ਼ਿਆਂ ਦੇ ਅਧਿਆਪਕਾਂ ਨਾਲ ਵੀ ਇੰਝ ਹੀ ਕਰਦਾ। ਅਗਲੇ ਕਿਸੇ ਪੀਰੀਅਡ ਦੇ ਸਮੇਂ ਉਹ ਉਸੇ ਕਾਪੀ ਵਿਚੋਂ ਗਣਿਤ ਦੇ ਕੰਮ ਦੇ ਉਹੀ ਦੋ ਤਿੰਨ ਪੰਨੇ ਫਾੜ ਦਿੰਦਾ ਅਤੇ ਕਾਹਲੀ ਕਾਹਲੀ, ਜਿੰਨੇ ਨੂੰ ਅਧਿਆਪਕ ਕੁਝ ਆਮ ਗੱਲਬਾਤ ਕਰਦਾ, ਉਨੇ ਉਹ ਉਸ ਵਿਸ਼ੇ ਦਾ ਕੰਮ ਕਰ ਕੇ ਦੋ ਤਿੰਨ ਪੰਨੇ ਭਰ ਲੈਂਦਾ।

ਚਾਰਾਂ ਪੰਜਾਂ ਅਧਿਆਪਕਾਂ ਪਾਸੋਂ ਸਾਰਾ ਦਿਨ ਡਾਂਟ ਖਾ ਕੇ ਉਹ ਘਰ ਚਲੇ ਜਾਂਦਾ ਤਾਂ ਚਾਰ ਪੰਜ ਦਿਨ ਫੇਰ ਨਾ ਆਉਂਦਾ। ਮੈਂ ਉਸ ਦੀ ਜਮਾਤ ਦਾ ਇੰਚਾਰਜ ਸਾਂ। ਜਮਾਤ ਵਿਚ ਸਾਰੇ ਬੱਚਿਆਂ ਦੇ ਸਾਹਮਣੇ ਸਮਝਾਉਣ ਤੋਂ ਬਾਅਦ ਮੈਂ ਉਸ ਨੂੰ ਇਕੱਲੇ ਨੂੰ ਵੀ ਸਮਝਾਇਆ। ਬਸ ਉਹ 'ਹੂੰ' 'ਹਾਂਅ' ਕਰ ਛੱਡਦਾ। ਮੈਂ ਉਸ ਨੂੰ ਕਿਹਾ ਕਿ ਆਪਣੇ ਪਿਤਾ ਨੂੰ ਬੁਲਾ ਕੇ ਲਿਆਵੇ ਪਰ ਉਸ ਦੇ ਕੰਨ ਉਤੇ ਜੂੰ ਨਾ ਸਰਕਦੀ।

ਕਿਸੇ ਦੇ ਹੱਥੀਂ ਸੁਨੇਹਾ ਭਿਜਵਾ ਕੇ ਉਸ ਦੇ ਪਿਤਾ ਨੂੰ ਬੁਲਾਇਆ ਤਾਂ ਇਕ ਦਿਨ ਸਵੇਰੇ ਸਵੇਰੇ ਮੇਰੇ ਸਾਹਮਣੇ ਇਕ ਮਾੜਕੂ ਜਿਹਾ ਰਿਕਸ਼ਾ ਰੇਹੜੀ ਚਲਾਉਣ ਵਾਲਾ ਬੰਦਾ ਖੜ੍ਹਾ ਸੀ। ਉਹ ਆਪਣੀ ਰਿਕਸ਼ਾ ਰੇਹੜੀ ਵੀ ਸਕੂਲ ਵਿਚ ਹੀ ਲੈ ਆਇਆ ਸੀ। ਉਸ ਦੀ ਹਾਲਤ ਦੇਖ ਕੇ ਮੈਂ ਖੁਦ ਹੀ ਬਹੁਤ ਪ੍ਰੇਸ਼ਾਨ ਹੋ ਗਿਆ।

"ਇਹ ਤੁਹਾਡਾ ਮੁੰਡਾ ਪੜ੍ਹਦਾ ਨੀਂ ਜਮਾਂ ਈ... ਘਰੇ ਇਸ ਨੂੰ ਪੜ੍ਹਨ ਬਿਠਾਇਆ ਕਰੋ।" ਮੈਂ ਕਿਹਾ।

"ਅੱਛਿਆ ਜੀ।" ਉਹ ਬੇਚੈਨੀ ਨਾਲ ਬੋਲਿਆ।

"ਇਹ ਛੁੱਟੀਆਂ ਬਹੁਤ ਕਰਦਾ ਹੈ... ਇਸ ਨੂੰ ਹਰ ਰੋਜ਼ ਸਕੂਲ ਭੇਜਿਆ ਕਰੋ।"

"ਅਸੀਂ ਤਾਂ ਜੀ ਬਹੁਤ ਕਹਿੰਦੇ ਆਂ ਇਸ ਨੂੰ ਬੀ ਪੜ੍ਹਿਆ ਕਰ, ਸਕੂਲ ਜਾਇਆ ਕਰ, ਬਾਕੀ ਤੁਸੀਂ ਓ ਆਂ ਜੀ ਜੀਹਨਾਂ ਨੇ ਇਹਨਾਂ ਦੀ ਜ਼ਿੰਦਗੀ ਬਨਾਉਣੀ।" ਉਹ ਤੋਲ ਤੋਲ ਕੇ ਸ਼ਬਦ ਬੋਲ ਰਿਹਾ ਸੀ।

ਮੈਂ ਉਸ ਨਾਲ ਕੀ ਗੱਲ ਕਰਦਾ। ਬਸ ਐਨੀ ਕੁ ਹੀ ਗੱਲਬਾਤ। ਉਸ ਗਰੀਬ ਮਜ਼ਦੂਰ ਨਾਲ ਮੈਨੂੰ ਹਮਦਰਦੀ ਹੋ ਗਈ ਸੀ। ਮੈਨੂੰ ਜਾਪਿਆ ਜਿਵੇਂ ਉਸ ਦਾ ਰੋਮ ਰੋਮ ਕਹਿ ਰਿਹਾ ਹੋਵੇ,

"ਤੁਸੀਂ ਓ ਆਂ ਜੀ ਇਹਨਾਂ ਦੇ ਅਸਲੀ ਮਾਂ ਬਾਪ ਜਿਹਨਾਂ ਨੇ ਇਹਨਾਂ ਦੀ ਜ਼ਿੰਦਗੀ ਬਨਾਉਣੀ, ਅਸੀਂ ਤਾਂ ਕਿਆ ਕਰ ਸਕਦੇ ਆਂ ਜੀ।"

ਉਹ ਚਲੇ ਗਿਆ। ਰਿਕਸ਼ਾ ਰੇਹੜੀ ਚਲਾਉਂਦੇ ਜਾਂਦੇ ਦੀ ਮੈਂ ਉਸ ਦੀ ਪਿੱਠ ਦੇਖਦਾ ਰਿਹਾ। ਮੈਨੂੰ ਯਾਦ ਆਇਆ ਕਿ ਇਕ ਸੈਮੀਨਾਰ ਦੌਰਾਨ ਇਕ ਰਿਸੋਰਸ ਪਰਸਨ ਨੇ ਏਹੀ ਕਿਹਾ ਸੀ ਕਿ ਇਹਨਾਂ ਬੱਚਿਆਂ ਦੇ ਮਾਤਾ ਪਿਤਾ ਆਪਾਂ ਅਧਿਆਪਕ ਹੀ ਹਾਂ।



ਵਾਰੀ ਵਾਰੀ ਸਾਰੇ ਅਧਿਆਪਕ ਆਪੋ ਆਪਣੇ ਵਿਸ਼ਿਆਂ ਦੇ ਸੈਮੀਨਾਰਾਂ ਵਿਚ ਜਾਂਦੇ ਸਨ। ਸਾਲ ਵਿਚ ਹਰ ਅਧਿਆਪਕ ਲਈ ਵੀਹ ਦਿਨਾਂ ਦਾ ਸੈਮੀਨਾਰ ਜ਼ਰੂਰੀ ਸੀ। ਕੋਈ ਅਧਿਆਪਕ ਸੈਮੀਨਾਰ ਵਿਚ ਚਲੇ ਜਾਂਦਾ। ਕੋਈ ਛੁੱਟੀ ਲੈ ਲੈਂਦਾ ਅਤੇ ਕੋਈ ਡਾਕ ਬਨਾਉਣ ਜਾਂ ਦਫ਼ਤਰ ਵਿਖੇ ਡਾਕ ਪਹੁੰਚਾਉਣ ਦੇ ਕੰਮਾਂ ਵਿਚ ਰੁਝ ਜਾਂਦਾ ਤਾਂ ਸਕੂਲ ਵਿਚ ਸਿੱਖਿਆ ਦਾ ਕਾਰਜ ਡਗਮਗਾ ਜਾਂਦਾ। ਛੋਟੇ ਸਕੂਲਾਂ ਦੀਆਂ ਤਾਂ ਆਪਣੀਆਂ ਹੀ ਸਮੱਸਿਆਵਾਂ ਹਨ। ਇੱਥੇ ਨਾ ਕੋਈ ਹੈੱਡਮਾਸਟਰ, ਨਾ ਕਲਰਕ, ਨਾ ਚਪੜਾਸੀ, ਨਾ ਮਾਲੀ ਤੇ ਨਾ ਕੋਈ ਚੌਂਕੀਦਾਰ। ਸਾਰਾ ਕੁਝ ਆਪ ਹੀ ਪ੍ਰਬੰਧ ਕਰਨਾ ਪੈਂਦਾ। ਸਫ਼ਾਈ ਅਤੇ ਰੱਖ-ਰਖਾਓ ਦਾ ਬਹੁਤਾ ਪ੍ਰਬੰਧ ਵਿਦਿਆਰਥੀ ਆਪ ਹੀ ਕਰਦੇ। ਸਵੇਰੇ ਆ ਕੇ ਜਿੰਦੇ ਖੋਲ੍ਹਦੇ ਅਤੇ ਜਾਣ ਲੱਗਿਆਂ ਲਗਾ ਕੇ ਜਾਂਦੇ। ਪੌਦਿਆਂ ਨੂੰ ਪਾਣੀ ਪਾਉਂਦੇ। ਘੰਟੀ ਵਜਾਉਂਦੇ। ਦੋ ਤਿੰਨ ਸੌ ਰੁਪਏ ਉਪਰ ਕੋਈ ਸਫ਼ਾਈ ਕਰਨ ਵਾਲੀ ਨਾ ਟਿਕਦੀ ਤਾਂ ਉਹ ਸਫ਼ਾਈ ਦਾ ਕੰਮ ਵਿਚਕਾਰੇ ਹੀ ਛੱਡ ਜਾਂਦੀ। ਫਿਰ ਸਫ਼ਾਈ ਦਾ ਸਾਰਾ ਕੰਮ ਵਿਦਿਆਰਥੀਆਂ ਉਪਰ ਹੀ ਆ ਜਾਂਦਾ।

ਸਬਮਰਸੀਬਲ ਪੰਪ ਚਲਾ ਕੇ ਪਾਣੀ ਵਾਲੀਆਂ ਟੈਂਕੀਆਂ ਵੀ ਉਹੀ ਭਰਦੇ। ਜਦੋਂ ਟੈਂਕੀ ਭਰ ਜਾਂਦੀ ਤਾਂ ਕਈ ਪ੍ਰਕਾਰ ਦੇ ਕੰਮਾਂ ਲਈ ਇਕ ਭੱਜ ਦੌੜ ਜਿਹੀ ਬਣੀ ਰਹਿੰਦੀ। ਇਸੇ ਭੱਜ ਦੌੜ ਵਿਚ ਸਕੂਲ ਦੇ ਕੰਮ ਕਾਰ ਅਤੇ ਪੜ੍ਹਾਈ ਚੱਲਦੀ ਰਹਿੰਦੀ ਅਤੇ ਸਮਾਂ ਬੀਤਦਾ ਰਹਿੰਦਾ।

ਇਕ ਦਿਨ ਸਵੇਰੇ ਸਵੇਰੇ ਜਦੋਂ ਮੈਂ ਆਪਣੀ ਕਲਾਸ ਲੈਣ ਗਿਆ ਤਾਂ ਮੁੰਡਿਆਂ ਨੇ ਉੱਚੀ ਉੱਚੀ ਰੌਲਾ ਪਾਇਆ ਹੋਇਆ ਸੀ ਜਿਵੇਂ ਉਹਨਾਂ ਨੂੰ ਕੋਈ ਨਵੀਂ ਗੱਲ ਪਤਾ ਲੱਗੀ ਹੋਵੇ। ਹੁਣ ਇਹ ਸੱਤਵੀਂ ਜਮਾਤ ਬਣ ਚੁੱਕੀ ਸੀ। ਮੇਰੇ ਪੁੱਛਣ 'ਤੇ ਟੀਟੂ ਨੇ ਦੱਸਿਆ, "ਘੀਚਰ ਅੱਜ ਫੇਰ ਨੀ ਆਇਆ ਜੀ, ਨਾਲੇ ਤੁਸੀਂ ਕੱਲ੍ਹ ਉਹਨੂੰ ਆਉਣ ਨੂੰ ਕਿਹਾ ਤਾ।"

"ਅੱਛਾ! ਅੱਛਾ! ਕਿੱਥੇ ਆ ਉਹ?" ਮੈਂ ਪੁੱਛਿਆ।

"ਉਹ ਤਾਂ ਜੀ ਰਾਤਾਂ ਨੂੰ ਡੀ. ਜੇ. ਲਗਾਉਣ ਜਾਂਦਾ ਬਿਆਹਾਂ ਵਿਚ।" ਰੂਬੀ ਨੇ ਨਿਸੰਗ ਕਹਿ ਦਿੱਤਾ।

"ਅੱਛਿਆ? ਡੀ. ਜੇ. ਲਾਉਂਦਾ? ਕੱਲ ਨੂੰ ਫੇਰ ਲਿਆਇਓ ਉਹਦੇ ਬਾਪੂ ਨੂੰ ਬੁਲਾ ਕੇ, ਅਠਾਰਾਂ ਸਾਲ ਤੋਂ ਘੱਟ ਦੇ ਬੱਚੇ ਤਾਂ ਊਂਈਓਂ ਨੀਂ ਕੋਈ ਕੰਮ ਕਰ ਸਕਦੇ, ਇਹ ਸਾਨੂੰ ਵੀ ਫਸਾਊਗਾ।" ਇਹ ਕਹਿ ਕੇ ਮੈਂ ਬਲੈਕ ਬੋਰਡ ਸਾਫ਼ ਕਰਨ ਲੱਗਿਆ। ਪਰ ਇਕ ਵਾਰੀ ਤਾਂ ਮਨ ਉੱਖੜ ਗਿਆ। ਜੋ ਉਪ ਵਿਸ਼ਾ ਮੈਂ ਪੜ੍ਹਾਉਣ ਲਈ ਤਿਆਰ ਕਰ ਕੇ ਲਿਆਇਆ ਸੀ ਉਹ ਹੱਥੋਂ ਤਿਲ੍ਹਕਦਾ ਜਾਂਦਾ। ਮਨ ਦੇ ਅੰਦਰ ਤਾਂ ਘੀਚਰ ਘੁੰਮ ਰਿਹਾ ਸੀ ਅਤੇ ਦਿਮਾਗ਼ ਵਿਚ ਅਜੋਕੇ ਅਸ਼ਲੀਲ ਗੀਤ ਘੁੰਮ ਰਹੇ ਸਨ। ਬੋਲਦਾ ਬੋਲਦਾ ਕਦੇ ਬਲੈਕ ਬੋਰਡ ਵੱਲੋਂ ਵਿਦਿਆਰਥੀਆਂ ਵੱਲ ਮੂੰਹ ਘੁਮਾਉਂਦਾ ਤਾਂ ਸਾਰੇ ਹੀ ਵਿਦਿਆਰਥੀ ਘੀਚਰ ਬਣੇ ਦਿਖਾਈ ਦਿੰਦੇ। ਜਿਵੇਂ ਘੀਚਰ ਦਾ ਚਿਹਰਾ ਹੀ ਸਾਰਿਆਂ ਦੇ ਲੱਗ ਗਿਆ ਹੋਵੇ।

ਦੂਸਰੇ ਦਿਨ ਉਸ ਦਾ ਪਿਤਾ ਤਾਂ ਨਾ ਆਇਆ ਪਰ ਮਾਂ ਆ ਗਈ। ਕਮਾਲ ਦੀ ਗੱਲ ਇਹ ਸੀ ਕਿ ਮਾਂ ਨੂੰ ਪਤਾ ਸੀ ਕਿ ਉਹ ਡੀ. ਜੇ. ਲਗਾਉਣ ਵਾਲਿਆਂ ਨਾਲ ਜਾਂਦਾ ਹੈ।

"ਤੁਸੀਂ ਇਸ ਨੂੰ ਸਕੂਲ ਤਾਂ ਭੇਜਦੇ ਨੀ ਪਰ ਡੀ. ਜੇ. ਵਾਲਿਆਂ ਨਾਲ ਜ਼ਰੂਰ ਭੇਜ ਦਿੰਦੇ ਓ... ਮੁੰਡੇ ਨੂੰ ਪੜ੍ਹਾਉਣਾ ਤੁਸੀਂ ਕਿ ਨਹੀਂ? ਕੁਸ਼ ਬਨਾਉਣਾ ਇਸ ਨੂੰ ਕਿ ਮਜ਼ਦੂਰੀ ਜੋਗਾ ਵੀ ਨੀ ਰਹਿਣ ਦੇਣਾ... ਉਥੇ ਵਿਗੜ ਜਾਣਾ ਇਸ ਨੇ...।" ਮੈਂ ਚਿੰਤਤ ਹੁੰਦਿਆਂ ਕਹਿ ਰਿਹਾ ਸੀ ਅਤੇ ਨਾਲ

ਦੀ ਨਾਲ ਇਹ ਵੀ ਸੋਚ ਰਿਹਾ ਸੀ ਕਿ ਜਿਹੜੇ ਮੁੰਡੇ ਸਕੂਲ ਆ ਰਹੇ ਨੇ, ਉਹ ਕਿਹੜੇ ਬਹੁਤ ਪੜ੍ਹਦੇ ਨੇ, ਉਹਨਾਂ ਦਾ ਧਿਆਨ ਵੀ ਮੋਬਾਇਲ ਫੋਨਾਂ, ਫ਼ਿਲਮਾਂ ਅਤੇ ਗਾਣਿਆਂ ਵੱਲ ਹੀ ਰਹਿੰਦਾ ਸੀ।

"ਆਪਣੇ ਚਾਚੇ ਦੇ ਮੁੰਡੇ ਨਾ ਚਲੇ ਜਾਂਦਾ ਜੀ ਕਦੇ ਕਦੇ।" ਉਸ ਦੀ ਮਾਂ ਨੇ ਬਸ ਐਨਾ ਹੀ ਕਿਹਾ।

"ਨਹੀਂ ਭੇਜਣਾ ਤੁਸੀਂ ਇਸ ਨੂੰ... ਹਾਲੇ ਇਸ ਦੀ ਪੜ੍ਹਨ ਦੀ ਉਮਰ ਹੈ, ਕਮਾਉਣ ਦੀ ਨਹੀਂ।" ਮੈਂ ਦੇਖ ਰਿਹਾ ਸੀ ਕਿ ਘੀਚਰ ਦੀ ਸ਼ਕਲ ਬਿਲਕੁਲ ਆਪਣੀ ਮਾਂ ਨਾਲ ਮਿਲਦੀ ਸੀ। ਦਿਨੋਂ ਦਿਨ ਉਹ ਮੋਟਾ ਹੁੰਦਾ ਜਾ ਰਿਹਾ ਸੀ। ਉਸ ਦੀਆਂ ਗੱਲਾਂ ਭਰਦੀਆਂ ਜਾ ਰਹੀਆਂ ਸਨ ਅਤੇ ਆਵਾਜ਼ ਭਾਰੀ ਹੋ ਰਹੀ ਸੀ। ਇਕ ਦਿਨ ਰੂਬੀ ਨੇ ਹੀ ਮੈਨੂੰ ਦੱਸਿਆ ਸੀ,

"ਸਰ ਡੀ. ਜੇ. ਵਾਲਿਆਂ ਨਾਲ ਵੀ ਨਾਲੇ ਇਹ ਬਿਆਹਾਂ ਵਿਚ ਵੇਟਰ ਬਣ ਕੇ ਵੀ ਜਾਂਦੈ, ਚਾਰ ਪੰਜ ਸੌ ਬਣਾ ਕੇ ਲਿਆਉਂਦੈ ਨਾਲੇ ਖਾਣ-ਪੀਣ ਨੂੰ ਫਰੀਅ ਮਟਰ-ਪਨੀਰ ਨੂੰ ਗੇੜੇ ਦਿੰਦੈ ਜੀ।"

"ਨਾਲੇ ਲੈੱਗ ਪੀਸ...।" ਕੋਲ ਬੈਠੇ ਜਸਵੀਰ ਦੇ ਮੂੰਹੋਂ ਨਿਕਲ ਗਿਆ ਤਾਂ ਮੈਂ ਉਸ ਨੂੰ ਝਿੜਕਿਆ।

ਉਸ ਦੀ ਮਾਂ ਦੀਆਂ ਅੱਖਾਂ ਵਿਚ ਮੈਨੂੰ ਮਜ਼ਬੂਰੀ ਵਿਚ ਲਿਪਟੇ ਹੋਏ ਪੈਸਿਆਂ ਦੀ ਬਰੀਕ ਜਿਹੀ ਚਮਕ ਦਿਖਾਈ ਦਿੱਤੀ ਸੀ ਜਿਵੇਂ ਕਹਿ ਰਹੀਆਂ ਹੋਣ ਕਿ ਸਰ ਹੋਰ ਕਰੀਏ ਵੀ ਕੀ? ਇਹ ਔਰਤ ਲਗਭਗ ਹਰ ਰੋਜ਼ ਸਵੇਰੇ ਮੈਨੂੰ ਪਿੰਡ ਦੇ ਬਾਹਰ ਸੜਕ ਉੱਤੇ ਦਿਖਾਈ ਦਿੰਦੀ ਹੈ। ਇਸ ਦੇ ਸਿਰ ਉਤੇ ਗੋਹੇ ਕੂੜੇ ਦਾ ਭਰਿਆ ਟੋਕਰਾ ਚੁੱਕਿਆ ਹੁੰਦਾ ਅਤੇ ਇਸ ਦੀਆਂ ਅੱਖਾਂ ਨੀਵੀਆਂ ਪਈਆਂ ਹੁੰਦੀਆਂ। ਰੰਗ ਪੱਕਾ, ਮਧਰੇ ਅਤੇ ਹਲਕੇ ਸਰੀਰ ਕਾਰਣ ਉਹ ਹੋਰ ਵੀ ਕਮਜ਼ੋਰ ਜਾਪਦੀ।

ਸਮਾਂ ਲੰਘਦਾ ਗਿਆ। ਘੀਚਰ ਸੱਤਵੀਂ ਤੋਂ ਅੱਠਵੀਂ ਵਿਚ ਹੋ ਗਿਆ। ਉਸ ਦੀ ਬੌਧਿਕ ਬਣਤਰ ਵਿਚ ਕੋਈ ਜਿਆਦਾ ਫ਼ਰਕ ਨਾ ਪਿਆ। ਜੇ ਫ਼ਰਕ ਪਿਆ ਤਾਂ ਉਸ ਦੀ ਸਰੀਰਕ ਬਣਤਰ ਵਿਚ। ਇਹ ਫ਼ਰਕ ਬੜੀ ਤੇਜ਼ੀ ਨਾਲ ਪੈ ਰਿਹਾ ਸੀ। ਉਸ ਦਾ ਕੱਦ ਸਾਢੇ ਪੰਜ ਫੁੱਟ ਨੂੰ ਅਪੜ ਗਿਆ। ਉਹ ਦਿਨੋਂ ਦਿਨ ਹੋਰ ਫਿੱਟਦਾ ਜਾ ਰਿਹਾ ਸੀ। ਉਸ ਦੇ ਪੱਟ ਭਿੜਨ ਲੱਗੇ। ਉਸ ਦਾ ਢਿੱਡ ਨਿਕਲ ਆਇਆ।

ਉਹ ਸਕੂਲ ਦੀ ਵਰਦੀ ਪਾਉਣੀ ਪਸੰਦ ਨਾ ਕਰਦਾ ਬਲਕਿ ਇਕ ਘਸੀ ਜਿਹੀ ਜੀਨ ਪਾ ਕੇ ਆਉਣ ਨੂੰ ਤਰਜੀਹ ਦਿੰਦਾ। ਜਦੋਂ ਸਟਾਫ਼ ਮੈਂਬਰਾਂ ਨੇ ਉਸ ਨੂੰ ਜੀਨ ਪਾ ਕੇ ਆਉਣ ਤੋਂ ਝਿੜਕਿਆ ਤਾਂ ਉਹ ਸਕੂਲ ਦੀ ਵਰਦੀ ਵਾਲੀ ਨੀਲੀ ਪੈਂਟ ਪਾ ਕੇ ਆਉਣ ਲੱਗਿਆ ਪਰ ਉਸ ਪੈਂਟ ਨੂੰ ਵੀ ਉਸ ਨੇ ਆਸੇ ਪਾਸੇ ਸਿਊਣਾਂ ਮਰਵਾ ਕੇ ਲੱਤਾਂ ਨਾਲ ਬਿੜ੍ਹਵੀਂ ਕਰਵਾ ਲਿਆ ਸੀ। ਨਵੀਂ ਨਵੀਂ ਜਵਾਨੀ ਆਪਣੇ ਸਮੇਂ ਤੋਂ ਕੁਝ ਪਹਿਲਾਂ ਹੀ ਚੜ੍ਹ ਰਹੀ ਸੀ ਉਸ ਉੱਤੇ। ਉਹ ਬੜੀ ਤੇਜ਼ੀ ਨਾਲ ਅੱਗ ਲਾਉਂਦੀ ਉਮਰ ਵਿਚੋਂ ਗੁਜ਼ਰ ਰਿਹਾ ਸੀ। ਉਹ ਰਤਾ ਕੁ ਟੇਢੇ ਦੰਦਾਂ ਨਾਲ ਭੋਲਾ ਜਿਹਾ ਮੁਸਕੁਰਾਉਂਦਾ ਤਾਂ ਚੰਗਾ ਚੰਗਾ ਵੀ ਲਗਦਾ।

ਅਸੀਂ ਬਹੁਤ ਵਾਰ ਸਕੂਲ ਵਿਚੋਂ ਉਸ ਦਾ ਨਾਂ ਕਟ ਦੇਣ ਦੀਆਂ ਧਮਕੀਆਂ ਦਿੰਦੇ, ਕਦੇ ਕਹਿੰਦੇ ਕਿ ਉਸ ਨੂੰ ਅੱਠਵੀਂ ਵਿਚੋਂ ਫੇਲ੍ਹ ਕਰ ਦਿੱਤਾ ਜਾਵੇਗਾ। ਉਸ ਨੂੰ ਦਰ ਦਰ ਦੀਆਂ ਠੋਹਕਰਾਂ ਖਾਣੀਆਂ ਪੈਣਗੀਆਂ। ਪਰ ਉਸ ਦੇ ਦਿਮਾਗ਼ ਉੱਤੇ ਇਹਨਾਂ ਗੱਲਾਂ ਦਾ ਬਹੁਤਾ ਅਸਰ ਨਾ ਹੁੰਦਾ।



ਇਕ ਦਿਨ ਕਈ ਦਿਨਾਂ ਦੀ ਧੁੰਦ ਪਿੱਛੋਂ ਸੂਰਜ ਨਿਕਲਿਆ ਸੀ। ਨਵੀਂ ਨਵੀਂ ਧੁੱਪ ਬੜੀ ਚੰਗੀ ਲੱਗ ਰਹੀ ਸੀ। ਮੈਂ ਸਕੂਲ ਵੱਲ ਦਾ ਮੋੜ ਮੁੜਿਆ ਤਾਂ ਅੱਗੇ ਸਕੂਲ ਦੇ ਗੇਟ ਕੋਲ ਉਹ ਚਾਰ ਪੰਜ ਮੁੰਡਿਆਂ ਨਾਲ ਖੜਾ ਸਕੂਲ ਗੇਟ ਦੇ ਲਾਗੇ ਲੱਗੇ ਵੱਡੇ ਸਾਰੇ ਬੋਰਡ ਵੱਲ ਬੜੇ ਧਿਆਨ ਨਾਲ ਦੇਖ ਰਿਹਾ ਸੀ। ਇਕ ਹੋਰ ਮੁੰਡਾ ਜੋ ਪਹਿਲਾਂ ਇਸ ਸਕੂਲ ਦਾ ਵਿਦਿਆਰਥੀ ਰਿਹਾ ਸੀ, ਉਹ ਬੋਰਡ ਉੱਤੇ ਛਪਿਆ ਉੱਚੀ ਉੱਚੀ ਬੋਲ ਕੇ ਦੱਸ ਰਿਹਾ ਸੀ।

"ਤੁਸੀਂ ਕਿਆ ਕਰਦੇ ਹੋ ਉਏ ਇੱਥੇ, ਚਲੋ ਭੱਜੋ ਆਪੋ ਆਪਣੀਆਂ ਜਮਾਤਾਂ ਨੂੰ... ਤੂੰ ਕਿਆ ਕਰਦੈਂ ਓ ਪ੍ਰਿੰਸ... ਚੱਲ ਭੱਜ ਆਪਣੇ ਘਰ ਨੂੰ...।" ਮੈਂ ਉਹਨਾਂ ਦੇ ਕੋਲ ਸਕੂਟਰ ਰੋਕ ਕੇ ਝਿੜਕਿਆ ਤਾਂ ਸਭ ਤਿਤਰ ਬਿਤਰ ਹੋ ਗਏ।

ਇਸ ਬੋਰਡ ਦੇ ਉਪਰ ਸਰਕਾਰ ਦੇ ਸਕੂਲਾਂ ਸਬੰਧੀ ਬਹੁਤ ਸਾਰੇ ਨਿਯਮ ਲਿਖੇ ਹੋਏ ਸਨ। ਉਹ ਤਾਂ ਕਦੋਂ ਦੇ ਜਾਣ ਚੁੱਕੇ ਸਨ ਕਿ ਕਿਸੇ ਵੀ ਵਿਦਿਆਰਥੀ ਨੂੰ ਫੇਲ੍ਹ ਨਹੀਂ ਕੀਤਾ ਜਾਵੇਗਾ, ਕਿਸੇ ਵੀ ਵਿਦਿਆਰਥੀ ਨੂੰ ਸਰੀਰਕ ਜਾਂ ਮਾਨਸਿਕ ਸਜ਼ਾ ਨਹੀਂ ਦਿੱਤੀ ਜਾਵੇਗੀ।

ਭੋਲਾ ਘੀਚਰ ਬੋਰਡ ਉੱਤੇ ਲਿਖੇ ਦੀ ਗਹਿਰਾਈ ਨੂੰ ਨਹੀਂ ਸੀ ਸਮਝ ਰਿਹਾ। ਉਸ ਨੂੰ ਤਾਂ ਇਕ ਖੇਡ ਹੀ ਜਾਪਦੀ ਸੀ ਇਹ ਪੜ੍ਹਾਈ। ਉਹ ਚੰਗੀ ਤਰ੍ਹਾਂ ਸਮਝ ਚੁੱਕਿਆ ਸੀ ਕਿ ਸਕੂਲ ਵਿਚੋਂ ਨਾਮ ਕਟ ਦੇਣ ਦੀਆਂ ਤਾਂ ਮਹਿਜ਼ ਧਮਕੀਆਂ ਹੀ ਹਨ।

ਸਰਕਾਰ ਨੇ ਅਚਾਨਕ ਹੀ ਐਲਾਨ ਕਰ ਦਿੱਤਾ ਕਿ ਪੰਜਵੀਂ ਅਤੇ ਅੱਠਵੀਂ ਜਮਾਤਾਂ ਦੇ ਸਾਲਾਨਾ ਇਮਤਿਹਾਨ ਹੁਣ ਬੋਰਡ ਲਵੇਗਾ। ਇਸ ਨਾਲ ਸਾਰੇ ਸਿੱਖਿਆ ਖੇਤਰ ਵਿਚ ਇਕ ਹਲਚਲ ਜਿਹੀ ਮਚ ਗਈ ਪਹਿਲਾਂ ਤੋਂ ਮਿਲੀ ਹੋਈ ਖੁੱਲ੍ਹ ਕਾਰਣ ਵਿਦਿਆਰਥੀਆਂ ਦੀਆਂ ਆਦਤਾਂ ਕਾਫ਼ੀ ਵਿਗੜੀਆਂ ਹੋਈਆਂ ਸਨ। ਵਿਦਿਆਰਥੀਆਂ ਦੀ ਪੜ੍ਹਾਈ ਵਿਚ ਮਾੜੀ ਹਾਲਤ ਦੇਖ ਕੇ ਮਿਹਨਤੀ ਅਧਿਆਪਕ ਵੀ ਚਿੰਤਤ ਹੋ ਗਏ ਸਨ।

ਪੇਪਰਾਂ ਤੋਂ ਲਗਭਗ ਇਕ ਮਹੀਨਾ ਪਹਿਲਾਂ ਉਸ ਨੇ ਸਕੂਲ ਤੋਂ ਬਹੁਤਾ ਹੀ ਗੈਰ ਹਾਜ਼ਰ ਰਹਿਣਾ ਸ਼ੁਰੂ ਕਰ ਦਿੱਤਾ। ਮੈਂ ਉਸ ਦੇ ਘਰ ਕਈ ਸੁਨੇਹੇ ਭੇਜੇ ਪਰ ਇਸ ਵਾਰ ਨਾ ਉਸ ਦਾ ਪਿਤਾ ਆਇਆ ਤੇ ਨਾ ਹੀ ਮਾਂ ਆਈ। ਜਮਾਤ ਵਿਚ ਮੁੰਡੇ ਬੈਠੇ ਘੁਸਰ-ਮੁਸਰ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਤਾੜ ਕੇ ਪੁੱਛਿਆ ਤਾਂ ਇਕ ਮੁੰਡਾ ਬੋਲਿਆ,

"ਉਸ ਨੇ ਤਾਂ ਸਕੂਲ ਤੋਂ ਹਟ ਜਾਣਾ ਜੀ, ਕਹਿੰਦਾ ਸਕੂਲ ਤੋਂ ਬੇਸ਼ੱਕ ਨਾਉ ਕੱਟ ਦੋ ਮੇਰਾ।"

"ਨਾਓਂ ਕੱਟ ਦੋ? ਐਸ ਤਰ੍ਹਾਂ ਨੀਂ ਅਸੀਂ ਨਾਓਂ ਕੱਟ ਸਕਦੇ ਹੁਣ, ਪੇਪਰਾਂ ਦੇ ਫ਼ਾਰਮ ਭਰੇ ਜਾ ਚੁੱਕੇ ਆ, ਪੇਪਰਾਂ ਵਿਚ ਬੈਠਣਾ ਜ਼ਰੂਰੀ ਆ, ਕੋਈ ਜਣਾ ਕੱਲ੍ਹ ਨੂੰ ਜਾ ਕੇ ਉਸ ਨੂੰ ਬੁਲਾ ਕੇ ਲਿਆਇਓ।" ਮੈਂ ਆਪਣੀ ਚਿੰਤਾ ਜ਼ਾਹਿਰ ਕੀਤੀ।

"ਉਹ ਕਹਿੰਦਾ ਜੀ, ਮੈਂ ਨੀਂ ਆਉਣਾ, ਕਰ ਲੋ ਜੋ ਕਰਨਾ।" ਦੂਸਰੇ ਦਿਨ ਰਵੀ ਨੇ ਆ ਕੇ ਮੈਨੂੰ ਸੂਚਨਾ ਦੇ ਦਿੱਤੀ।

ਪੇਪਰਾਂ ਦੀ ਡੇਟਸ਼ੀਟ ਆ ਚੁੱਕੀ ਸੀ ਪਰ ਘੀਚਰ ਸਕੂਲ ਨਹੀਂ ਸੀ ਆ ਰਿਹਾ। ਮੈਂ ਆਪਣਾ ਸਕੂਟਰ ਲੈ ਕੇ ਘੀਚਰ ਦੇ ਘਰ ਵੱਲ ਨੂੰ ਹੋ ਲਿਆ। ਪੁੱਛ ਪੁਛਾ ਕੇ ਘਰ ਲੱਭਿਆ। ਦਰਵਾਜ਼ਾ ਖੁੱਲ੍ਹਾ ਹੀ ਸੀ। ਥੋੜਾ ਜਿਹਾ ਖੜਕਾਇਆ ਤਾਂ ਅੰਦਰੋਂ ਘੀਚਰ ਹੀ ਨਿਕਲਿਆ। ਮੈਨੂੰ ਬਾਹਰ ਖੜ੍ਹਾ ਦੇਖ ਉਹ ਹੜਬੜਾ ਗਿਆ ਅਤੇ ਉਸ ਨੂੰ ਇਹ ਨਾ ਸੁੱਝੇ ਕਿ ਮੋਬਾਇਲ ਫੋਨ ਉੱਤੇ ਚੱਲ ਰਿਹਾ ਉਤੇਜਿਤ ਗਾਣਾ ਉਹ ਕਿਸ ਤਰ੍ਹਾਂ ਬੰਦ ਕਰੇ।

ਉਹ ਮੈਨੂੰ ਆਪਣੇ ਕਮਰੇ ਦੇ ਅੰਦਰ ਲੈ ਗਿਆ, ਛੇਤੀ ਹੀ ਪਾਣੀ ਦਾ ਗਿਲਾਸ ਲੈ ਆਇਆ। ਉਸ ਦਾ ਬਸਤਾ ਛੋਟੇ ਜਿਹੇ ਸਟੂਲ ਉਪਰ ਪਿਆ ਸੀ। ਕੁਝ ਕਾਪੀਆਂ ਕਿਤਾਬਾਂ ਮੰਜੇ ਦੇ ਉਪਰ ਖਿੰਡੀਆਂ ਪਈਆਂ ਸਨ। ਹੇਠਾਂ ਧਰਤੀ ਉਪਰ ਨਵੀਂ ਤਰਾਸ਼ੀ ਪੈਂਸਿਲ ਦੇ ਛਿਲਕੇ ਪਏ ਸਨ।

"ਹਾਂ ਬਈ... ਕਿਆ ਗੱਲ ਤੂੰ ਸਕੂਲ ਨੀਂ ਆਉਂਦਾ? ਪੇਪਰਾਂ ਦੀ ਤਾਂ ਡੇਟਸ਼ੀਟ ਵੀ ਆ ਗਈ... ਪੇਪਰ ਨੀ ਦੇਣੇ ਤੂੰ।" ਆਪਣੇ ਸਾਹਮਣੇ ਬਿਠਾਉਂਦਿਆਂ ਮੈਂ ਉਸ ਨੂੰ ਪੁੱਛਿਆ ਪਰ ਉਸ ਦਾ ਧਿਆਨ ਇਸ ਗੱਲ ਵੱਲ ਸੀ ਕਿ ਕਿਸੇ ਤਰ੍ਹਾਂ ਉਹ ਮੈਨੂੰ ਚਾਹ ਦਾ ਕੱਪ ਪਿਲਾ ਸਕੇ।

"ਦੱਸ ਵੀ!" ਮੈਂ ਫੇਰ ਦੁਹਰਾਇਆ। "ਆਊਂਗਾ ਜੀ, ਦਊਂਗਾ ਪੇਪਰ।" ਉਹ ਧਰਤੀ ਵਿਚ ਨਜ਼ਰਾਂ ਗੱਡ ਕੇ ਬੋਲਿਆ।

"ਕਦ ਆਊਂਗਾ? ਚੱਲ ਹੁਣੇ ਚੱਲ ਮੇਰੇ ਨਾਲ, ਬੈਠ ਸਕੂਟਰ ਪਿੱਛੇ।" ਮੈਂ ਕਿਹਾ।

"ਅੱਜ ਘਰ ਨ੍ਹੀਂ ਜੀ ਕੋਈ, ਬੀਬੀ ਬਿਮਾਰ ਆ ਉਹ ਦਵਾਈ ਨੂੰ ਗਈ ਹੋਈ ਆ, ਕੱਲ ਨੂੰ ਆਜੂੰਗਾ।" ਮੈਨੂੰ ਉਸ ਦੀਆਂ ਗੱਲਾਂ ਵਿਚ ਕੁਝ ਸੱਚਾਈ ਜਾਪੀ ਅਤੇ ਮੈਂ ਮਨ ਅੰਦਰ ਇਕ ਆਸ ਲੈ ਕੇ ਸਕੂਲ ਨੂੰ ਵਾਪਿਸ ਪਰਤ ਆਇਆ ਸੀ।

ਪਰ ਦੂਸਰੇ ਨਾ ਤੀਸਰੇ ਉਹ ਕਿਸੇ ਵੀ ਦਿਨ ਸਕੂਲ ਨਾ ਆਇਆ। ਮੈਂ ਲਗਭਗ ਬੇਆਸ ਹੀ ਹੋ ਚੁੱਕਿਆ ਸੀ ਕਿ ਹੁਣ ਉਹ ਕਦੇ ਆਵੇਗਾ। ਇਕ ਵਿਦਿਆਰਥੀ ਦੀ ਹਾਰ ਮੇਰੇ ਪਾਸੋਂ ਬਰਦਾਸ਼ਤ ਨਹੀਂ ਸੀ ਹੋ ਰਹੀ।

ਅੱਜ ਪਹਿਲੇ ਪੇਪਰ ਦਾ ਦਿਨ ਹੈ ਅਤੇ ਮੈਂ ਸਕੂਲ ਦੇ ਗੇਟ ਦੇ ਬਿਲਕੁਲ ਸਾਹਮਣੇ ਖੜ੍ਹਾ ਉਸ ਨੂੰ ਉਡੀਕ ਰਿਹਾ ਹਾਂ। ਬਾਕੀ ਦੇ ਵਿਦਿਆਰਥੀ ਪ੍ਰੀਖਿਆ ਕੇਦਰ ਦੇ ਅੰਦਰ ਜਾ ਚੁੱਕੇ ਹਨ। ਸਕੂਲ ਦੀ ਪ੍ਰਾਥਨਾ ਸਮਾਪਤ ਹੋ ਚੁੱਕੀ ਹੈ। ਪੇਪਰ ਸ਼ੁਰੂ ਹੋਣ ਹੀ ਵਾਲਾ ਹੈ।

ਮੈਂ ਉਡੀਕ ਰਿਹਾ ਹਾਂ। ਮੇਰੀ ਉਡੀਕ ਚਰਮ ਸੀਮਾ ਉੱਤੇ ਪਹੁੰਚ ਚੁੱਕੀ ਹੈ। ਮੈਂ ਨਮ ਅੱਖਾਂ ਨਾਲ ਧਰਤੀ ਵੱਲ ਦੇਖ ਰਿਹਾ ਹਾਂ। ਧਰਤੀ ਉਪਰ ਕੁਝ ਛੋਟੇ ਛੋਟੇ ਪੱਤੇ ਹਵਾ ਨਾਲ ਇੱਧਰ ਉਧਰ ਉਡ ਰਹੇ ਹਨ। ਮੈਨੂੰ ਉਹਨਾਂ ਵਿਚੋਂ ਘੀਚਰ ਦਾ ਚਿਹਰਾ ਦਿਖਾਈ ਦਿੰਦਾ ਹੈ। ਸ਼ਰਾਰਤੀ। ਮੁਸਕੁਰਾਉਂਦਾ ਹੋਇਆ।

ਜਦੋਂ ਧਰਤੀ ਉਪਰੋਂ ਅੱਖਾਂ ਚੁੱਕ ਕੇ ਦੁਬਾਰਾ ਗੇਟ ਵੱਲ ਦੇਖਦਾ ਹਾਂ ਤਾਂ ਅਚਨਕ ਸਾਹਮਣਿਓਂ ਘੀਚਰ ਆਉਂਦਾ ਦਿਖਾਈ ਦਿੰਦਾ ਹੈ। ਉਸ ਨੇ ਸਕੂਲ ਦੀ ਵਰਦੀ ਨਹੀਂ ਪਾਈ ਹੋਈ। ਉਸ ਨੇ ਘਸੀ ਪੁਰਾਣੀ ਜਿਹੀ ਜੀਨ ਦੀ ਪੈਂਟ ਕੱਸੀ ਹੋਈ ਹੈ। ਕਮੀਜ਼ ਬਿਲਕੁਲ ਤੰਗ ਹੈ ਅਤੇ ਗਲਮੇ ਕੋਲ ਉਪਰਲੇ ਦੋ ਬਟਨ ਖੁੱਲ੍ਹੇ ਹਨ। ਪੈਰਾਂ ਵਿਚ ਕੱਪੜੇ ਦੇ ਬੂਟ। ਉਹ ਮਸਤ ਹਾਥੀ ਵਾਲੀ ਤੋਰ ਤੁਰਿਆ ਆ ਰਿਹਾ ਹੈ।

ਉਹ ਮੇਰੇ ਨੇੜੇ ਆ ਗਿਆ ਹੈ। ਉਹ ਕੁਝ ਥੱਕਿਆ ਥੱਕਿਆ ਜਿਹਾ, ਆਲਸੀ ਜਿਹਾ ਲਗਦਾ ਹੈ। ਲਗਦਾ ਹੈ ਕਿ ਉਹ ਨਹਾ ਕੇ ਵੀ ਨਹੀਂ ਆਇਆ।

"ਹਾਂ ਬਈ ਆ ਗਿਆ ਅੱਜ? ਮਿਲ ਗਿਆ ਟੈਮ ਸਕੂਲ ਆਉਣ ਦਾ?" ਮੈਂ ਉਸ ਨੂੰ ਤਨਜ਼ ਜਿਹੀ ਨਾਲ ਪੁੱਛਦਾ ਹਾਂ ਪਰ ਮੇਰੇ ਸਵਾਲ ਦੇ ਜਵਾਬ ਵਿਚ ਉਹ ਚੁੱਪ ਹੀ ਰਹਿੰਦਾ ਹੈ ਅਤੇ ਆਪਣੀਆਂ ਨਜ਼ਰਾਂ ਹੇਠ ਧਰਤੀ ਵਿਚ ਗੱਡ ਦਿੰਦਾ ਹੈ।

"ਹਾਂ, ਦੱਸ ਫੇਰ ਅੱਜ ਕਿਆ ਕਰਨ ਆਇਐਂ? ਜਿਸ ਤਰ੍ਹਾਂ ਐਨਾ ਚਿਰ ਤੂੰ ਸਕੂਲ ਨਹੀਂ ਆਇਆ, ਹੁਣ ਵੀ ਨਾ ਆਉਂਦਾ।" ਮੈਂ ਅੰਦਰੋਂ ਅੰਦਰੀ ਆਪਣੀ ਜਿੱਤ ਮਹਿਸੂਸ ਕਰਦਿਆਂ



ਕਹਿੰਦਾ ਹਾਂ ਕਿ ਮੇਰੇ ਸਮਝਾਉਣ ਕਰ ਕੇ ਇਹ ਸਕੂਲ ਆ ਗਿਆ ਹੈ ਅਤੇ ਇਸ ਦੇ ਅੰਦਰ ਪੇਪਰਾਂ ਦਾ ਡਰ ਬੈਠ ਗਿਆ ਹੈ।

ਪਰ ਉਹ ਚੁੱਪ ਰਹਿੰਦਾ ਹੈ ਅਤੇ ਇਕ ਹਲਕੀ ਜਿਹੀ ਸ਼ਰਾਰਤੀ ਮੁਸਕੁਰਾਹਟ ਉਸ ਦੇ ਬੁੱਲ੍ਹਾਂ ਉੱਤੇ ਖੇਡਦੀ ਹੈ।

ਮੈਂ ਲਾਚਾਰ ਜਿਹਾ ਹੋ ਕੇ ਆਪਣਾ ਪ੍ਰਸ਼ਨ ਮੁੜ ਦੁਹਰਾਉਂਦਾ ਹਾਂ, "ਅੱਜ ਕਿਆ ਕਰਨ ਆਇਐਂ ਫੇਰ? ... ਪੇਪਰ ਦੇਣ?"

ਇਸ ਵਾਰ ਉਹ ਹਲਕਾ ਜਿਹਾ ਸਿਰ ਹਿਲਾਉਂਦਾ ਹੈ ਅਤੇ ਹਲਕੀ ਜਿਹੀ ਆਵਾਜ਼ ਵਿਚ ਕਹਿੰਦਾ ਹੈ, "ਹਾਂ ਜੀ ਸਰ, ਪੇਪਰ ਦੇਣ।"

"ਅੱਛਿਆ? ਕਾਹਦਾ ਪੇਪਰ ਹੈ ਅੱਜ?" ਮੈਂ ਉਸ ਨੂੰ ਮੁੜ ਪ੍ਰਸ਼ਨ ਕਰਦਾ ਹਾਂ।

ਪਰ ਉਹ ਚੁੱਪ।

"ਦੱਸ ਵੀ ਮੈਨੂੰ ਕਿਸ ਵਿਸ਼ੇ ਦਾ ਪੇਪਰ ਹੈ ਅੱਜ?" ਮੈਂ ਦੁਬਾਰਾ ਕੁਝ ਤਲਖੀ ਨਾਲ ਪੁੱਛਦਾ ਹਾਂ।

ਪਰ ਉਹ ਚੁੱਪ ਹੀ ਰਹਿੰਦਾ ਹੈ।

ਪ੍ਰੀਖਿਆ ਕੇਂਦਰ ਵਿਚੋਂ ਸਾਥੀ ਅਧਿਆਪਕ ਦੀ ਆਵਾਜ਼ ਆਉਂਦੀ ਹੈ ਕਿ ਮੈਂ ਛੇਤੀ ਦੇ ਕੇ ਇਸ ਨੂੰ ਪ੍ਰੀਖਿਆ ਕੇਂਦਰ ਵਿਚ ਭੇਜ ਦੇਵਾਂ। ਪਰ ਮੇਰਾ ਗੁੱਸਾ ਵਧਦਾ ਜਾ ਰਿਹਾ ਹੈ।

"ਯਾਰ ਦੱਸ ਵੀ ਕਿਹੜਾ ਪੇਪਰ ਹੈ ਅੱਜ?" ਮੈਂ ਝੁੰਜਲਾ ਕੇ ਫੇਰ ਪੁੱਛਦਾ ਹਾਂ।

"ਪਤਾ ਨਹੀਂ ਜੀ।" ਉਸ ਦੀ ਮਰੀ ਜਿਹੀ ਆਵਾਜ਼ ਨਿਕਲਦੀ ਹੈ।

ਇਹ ਸੁਣ ਕੇ ਮੇਰੇ ਹੱਥ ਪੈਰ ਠੰਢੇ ਪੈ ਜਾਂਦੇ ਹਨ। ਮੈਂ ਉਸ ਨੂੰ ਛੱਡ ਦਿੰਦਾ ਹਾਂ ਅਤੇ ਉਹ ਤੇਜ਼ੀ ਨਾਲ ਪ੍ਰੀਖਿਆ ਕੇਂਦਰ ਵੱਲ ਤੁਰ ਪੈਂਦਾ ਹੈ।

ਮੈਂ ਅਜੇ ਆਪਣੇ ਆਪ ਵਿਚ ਵੀ ਨਹੀਂ ਆਉਂਦਾ ਕਿ ਮੇਰੇ ਸਾਹਮਣੇ ਘੀਚਰ ਦਾ ਪਿਤਾ ਆ ਖਲੋਂਦਾ ਹੈ। ਪਤਾ ਨਹੀਂ ਕਿਹੜੇ ਵੇਲੇ ਉਹ ਮੇਰੇ ਸਿਰ 'ਤੇ ਆ ਖਲੋਂਦਾ ਹੈ।

"ਮਾਸਟਰ ਜੀ, ਮੈਂ ਤਾਂ ਇਹਦੇ ਮਗਰ ਤਾਂ ਆਇਆ ਬੀ ਤੁਹਾਨੂੰ ਦੱਸ ਕੇ ਆਵਾਂ ਬੀ ਇਹ ਲੇਟ ਹੋ ਗਿਆ, ਤੁਸੀਂ ਇਸ ਨੂੰ ਕੁਸ਼ ਨਾ ਕਿਹੋ, ਇਸ ਨੇ ਤਾਂ ਕਈ ਦਿਨਾਂ ਤੋਂ ਨਾ ਰੋਟੀ ਨਾ ਪਾਣੀ, ਬਸ ਪੜ੍ਹਾਈ ਹੀ ਪੜ੍ਹਾਈ, ਕਹਿੰਦਾ ਮੈਂ ਸਰ ਜੀ ਨੂੰ ਚੰਗੇ ਨੰਬਰਾਂ ਵਿਚ ਪਾਸ ਹੋ ਕੇ ਦਿਖਾਉਣਾ, ਤਾਂ ਹੀ ਨੀ ਇਹ ਕਈ ਦਿਨ ਸਕੂਲ ਆਇਆ।' ਆਪਣੇ ਸਾਹਮਣੇ ਖੜੇ ਘੀਚਰ ਦੇ ਪਿਤਾ ਨੂੰ ਮੈਂ ਮਾਣ ਨਾਲ ਭਰਦਿਆਂ ਦੇਖ ਰਿਹਾ ਹਾਂ। ਮੁਬਾਇਲ-98881-39135 ✪


**ਸ੍ਰ. ਸੁਰਜੀਤ ਸਿੰਘ ਲਾਇਲਪੁਰੀ ਵੱਲੋਂ ਲਿਖੀਆਂ**
**ਪਰਵਾਜ਼ ਪ੍ਰਕਾਸ਼ਨ ਵੱਲੋਂ ਛਪ ਰਹੀਆਂ ਦੋ ਨਵੀਆਂ ਪੁਸਤਕਾਂ**

**ਆਸਾ ਦੀ ਵਾਰ (ਸੱਚ ਦੇ ਖ਼ਜ਼ਾਨੇ)**

**ਜਪੁ ਜੀ ਸਾਹਿਬ (ਮਾਨਵਤਾ ਦਾ ਜੀਵਨ ਦਰਸ਼ਨ)**

## ਰੂਹ ਦੇ ਹਾਣੀ /- ਲਖਵੀਰ ਸਿੰਘ

"ਹਿਰਨ ਤੇ ਹਿਰਨੀ ਦੌੜ ਰਹੇ ਨੇ, ਕੂਲ੍ਹੇ ਕੂਲ੍ਹੇ ਪਿੰਡੇ ਵਾਲੇ, ਮਾਸੂਮ ਚੇਹਰਿਆਂ ਵਾਲੇ, ਹਿਰਨ ਤੇ ਹਿਰਨੀ।ਉਹਨਾਂ ਪਿੱਛੇ ਦੌੜ ਰਹੇ ਏ ਚਿੱਟੀਆਂ ਪੱਗਾਂ, ਚਿੱਟੀਆਂ ਦਾੜ੍ਹੀਆਂ ਅਤੇ ਚਿੱਟੇ ਕਪੜਿਆਂ ਵਾਲਿਆਂ ਦਾ ਇਕ ਝੁੰਡ, ਝੁੰਡ ਦੇ ਹੱਥਾਂ 'ਚ ਲਹੂ ਭਿੱਜੇ ਬਰਸੇ ਨੇ ਪਰ ਉਹਨਾਂ ਦੇ ਚਿੱਟੇ ਕਪੜਿਆਂ 'ਤੇ ਲਹੂ ਦਾ ਕੋਈ ਵੀ ਦਾਗ ਨਹੀਂ... ਹਿਰਨ ਤੇ ਹਿਰਨੀ ਦੌੜ ਰਹੇ ਨੇ ਜੰਗਲੋਂ-ਜੰਗਲ, ਪਹਾੜੋਂ-ਪਹਾੜ, ਗਲੀਓਂ-ਗਲੀ, ਰਾਹੋਂ-ਰਾਹ, ਸੜਕੋ-ਸੜਕ, ਪਿੰਡੋਂ-ਪਿੰਡ, ਸ਼ਹਿਰੋਂ-ਸ਼ਹਿਰ, ਨਗਰੋਂ-ਨਗਰ, ਦੇਸ਼ੋਂ-ਦੇਸ਼... ਹਿਰਨ ਤੇ ਹਿਰਨੀ ਦੌੜ ਰਹੇ ਨੇ, ਡਰੇ ਹੋਏ ਮਾਸੂਮ ਚੇਹਰਿਆਂ ਵਾਲੇ ਹਿਰਨ ਤੇ ਹਿਰਨੀ...।

ਪੱਖੇ ਦੇ ਖੜਕੇ ਨਾਲ ਇਕ ਦਮ ਉਸਦੀ ਜਾਗ ਖੁੱਲ੍ਹੀ, ਹੁਣੇ ਬਿਜਲੀ ਆਈ ਸੀ, ਸਵੇਰ ਦੀ ਗਈ ਹੋਈ, ਆਥਣ ਦੇ ਪੌਣੇ ਛੇ ਵੱਜ ਚੁਕੇ ਸਨ। ਬਿਜਲੀ ਨਾ ਹੋਣ ਤੇ ਵੀ ਉਸਨੂੰ ਅੱਜ ਦੁਪਿਹਰੇ ਗੂੜ੍ਹੀ ਨੀਂਦ ਆਈ ਤੇ ਨੀਂਦ 'ਚ ਇਹ ਹਿਰਨ ਤੇ ਹਿਰਨੀ ਵਾਲਾ ਚੰਦਰਾ ਡਰਾਉਣਾ ਜਿਹਾ ਸੁਪਨਾ। ਉਹ ਉਠਿਆ, ਸੁਪਨੇ 'ਚੋਂ ਬਾਹਰ ਆਉਣ ਲਈ ਉਸਨੂੰ ਕੁੱਝ ਪਲ ਲੱਗੇ, ਅੱਖਾਂ ਮਲਦਾ ਮਲਦਾ ਹੀ ਉਹ ਗੁਸਲਖ਼ਾਨੇ ਵਾਲੇ ਪਾਸੇ ਗਿਆ, ਉਸ ਨੇ ਟੂਟੀ ਛੱਡ ਕੇ ਅੱਖਾਂ 'ਤੇ ਛਿੱਟੇ ਮਾਰੇ ਤੇ ਦੋ ਬੁੱਕ ਪਾਣੀ ਦੇ ਪੀ ਕੇ ਕੁੜਤੇ ਦੇ ਪੱਲੇ ਨਾਲ ਹੀ ਹੱਥ ਪੂੰਝਦਿਆਂ ਉਹ ਬੈਠਕ ਵਿਚ ਆਇਆ, ਸੈਲਫ ਤੋਂ ਵਰਕਿਆਂ ਦੀ ਇਕ ਲੱਪ ਚੁੱਕੀ, ਪੈੱਨ ਤਾਂ ਉਸਦੀ ਜੇਬ 'ਚ ਹਮੇਸ਼ਾਂ ਰਹਿੰਦਾ ਸੀ, ਵਰਕੇ ਲੈ ਕੇ ਉਹ ਘਰ ਦੇ ਗੇਟੋਂ ਬਾਹਰ ਨਿਕਲ ਕੇ ਬੀਹੀ ਪੈ ਗਿਆ ਤੇ ਕੁੱਝ ਮਿੰਟਾਂ ਵਿਚ ਹੀ ਉਹ ਪਿੰਡੋਂ ਬਾਹਰ ਖੇਤਾਂ ਵਲ ਨੂੰ ਜਾਂਦੇ ਚੌੜੇ ਰਾਹ ਤੇ ਪਹੁੰਚ ਗਿਆ।

ਉਸਦੀ ਬੀ.ਏ. ਖਤਮ ਹੋ ਚੁੱਕੀ ਸੀ, ਐਮ.ਏ.ਦੇ ਦਾਖਲੇ ਅਜੇ ਹੋਣੇ ਸਨ।

ਉਸਨੂੰ ਕਹਾਣੀਆਂ ਲਿਖਣ ਦਾ ਸ਼ੌਕ ਸੀ, ਉਹ ਮਿੱਟੀ ਨੂੰ ਦੇਖਦਾ ਤਾਂ ਦੇਖਦਾ ਹੀ ਰਹਿੰਦਾ ਮਿੱਟੀ ਬਣਕੇ, ਤਾਰੇ ਦੇਖਦਾ ਦੇਖਦਾ ਤਾਰਾ ਬਣ ਜਾਂਦਾ, ਸੰਵੇਦਨਸ਼ੀਲਤਾ ਦਾ ਵਗਦਾ ਦਰਿਆ ਸੀ ਉਹ, ਪਰ ਦਰਿਆ ਨੂੰ ਥੋੜੀ ਪਤਾ ਹੁੰਦਾ ਏ ਕਿ ਉਹ ਦਰਿਆ ਏ, ਉਹ ਤਾਂ ਵਹਿੰਦਾ ਰਹਿੰਦਾ ਏ ਆਪਣੇ ਮਾਦੇ ਦੇ ਸੁਭਾਅ ਅਨੁਸਾਰ।

ਪਿੰਡ ਦੇ ਬਾਹਰ ਖੇਤਾਂ ਵਲ ਨੂੰ ਜਾਂਦੇ ਚੌੜੇ ਰਾਹ ਤੇ ਤੁਰਦਿਆਂ ਉਸਨੂੰ ਸੂਰਜ ਸਾਹਮਣੇ ਟਿਕਿਆ ਦਿਖ ਰਿਹਾ ਸੀ। ਉਸਨੂੰ ਲਗ ਰਿਹਾ ਸੀ ਕਿ ਜਿਵੇਂ ਅੱਜ ਸੂਰਜ ਨਹੀਂ ਡੁੱਬੇਗਾ, ਬੇਸ਼ਕ ਆਸਮਾਨ ਨੇ ਸੂਰਜ ਨੂੰ ਆਪਣੇ ਸਿਰ ਤੋਂ ਉਤਾਰ ਕੇ ਧਰਤੀ ਦੇ ਮੋਢੇ ਤੇ ਟਿਕਾ ਦਿੱਤਾ ਸੀ। ਰਾਹੇ ਰਾਹ ਉਹ ਦੂਰ ਤੱਕ ਨਿਕਲ ਗਿਆ। ਦੋਵੇਂ ਪਾਸੇ ਹਰੇ ਖੇਤ ਸਨ ਤੇ ਪੈਰਾਂ ਹੇਠਾਂ ਕਣਕ-ਵਿੰਨ੍ਹਾ ਰਾਹ, ਇਸੇ ਰਾਹ ਤੇ ਉਹ ਕਾਫੀ ਚਿਰ ਤੁਰਦਾ ਗਿਆ। ਅੱਗੇ ਰਾਹ ਤੋਂ ਖੱਬੇ ਪਾਸੇ ਨੂੰ ਹਟਕੇ ਇਕ ਸੰਘਣਾ ਜਿਹਾ ਤੂਤ ਸੀ। ਉਸਨੇ ਪਿੱਛੇ ਮੁੜ ਕੇ ਦੇਖਿਆ ਏਥੋਂ ਪਿੰਡ ਦੇ ਘਰ ਇੱਗੜ-ਦੁੱਗੜ ਪਈਆਂ ਇੱਟਾਂ ਵਾਂਗ ਦਿਖਾਈ ਦੇ ਰਹੇ ਸਨ। ਤੂਤ ਹੇਠਾਂ ਬੈਠ ਕੇ ਉਸਨੇ ਲੱਤਾਂ ਨਸਾਲਦਿਆਂ, ਤੂਤ ਦੇ ਤਣੇ ਨਾਲ ਢੋਅ ਲਗਾ ਕੇ ਵਰਕੇ ਠੀਕ ਕੀਤੇ ਤੇ ਕਹਾਣੀ ਲਿਖਣੀ ਸੂਰੂ ਕਰ ਦਿੱਤੀ

"ਮੀਤ ਮੈਨੂੰ ਲਗਦੈ ਜਿਵੇਂ ਮੈਨੂੰ ਕੋਈ ਫਰਿਸ਼ਤਾ ਆਪਣੀ ਬੁੱਕਲ 'ਚ ਲੈ ਕੇ ਸਵਰਗਾਂ 'ਚ ਛੱਡਣ ਚੱਲਿਆ ਹੋਵੇ" ਸਾਇਕਲ ਦੇ ਮਗਰ ਬੈਠੀ ਮੇਲੋ ਨੇ ਬਹੁਤ ਹੀ ਪਿਆਰ ਨਾਲ ਮੀਤੇ ਦੇ ਸੱਜੇ ਕੰਨ 'ਚ ਆਖਿਆ। ਮੀਤਾ ਵੀ ਸਹਜੇ ਸਹਜੇ ਸਾਇਕਲ ਚਲਾਉਂਦਾ ਹੋਇਆ ਜਿਵੇਂ ਸਵਰਗਾਂ ਦਾ ਝੂਟਾ ਹੀ ਲੈ



ਰਿਹਾ ਸੀ। ਮੀਤਾ ਮੇਲੋ ਨੂੰ ਬੱਸ ਅੱਡੇ ਤੱਕ ਛੱਡਣ ਜਾ ਰਿਹਾ ਸੀ, ਮੇਲੋ ਨੇ 8 ਵਜੇ ਤੋਂ ਪਹਿਲਾਂ ਪਹਿਲਾਂ ਲੁਧਿਆਣੇ, ਗੌਰਮਿੰਟ ਕਾਲਜ ਦੇ ਹੋਸਟਲ ਪਹੁੰਚਣਾ ਸੀ।

ਮੇਲੋ ਆਪਣੇ ਘਰਦਿਆਂ ਦੀ ਇਕੱਲੀ ਧੀ ਸੀ, ਮਸਾਂ ਮਸਾਂ ਮਿਲੀ ਸੀ ਸੌ ਸੁੱਖਾਂ ਸੁੱਖ ਕੇ ਤਾਂ ਹੀ ਉਸਦੇ ਦਾਦੇ ਨੇ ਬੜੇ ਚਾਅ ਨਾਲ ਉਸਦਾ ਨਾਮ ਮੇਲ ਕੌਰ ਰੱਖਿਆ ਸੀ। ਮੇਲੋ ਦਾ ਬੀ.ਏ. 'ਚ ਇਹ ਦੂਸਰਾ ਸਾਲ ਸੀ, ਬਾਰ੍ਹਵੀਂ ਉਸਨੇ ਪਿੰਡ ਦੇ ਸਕੂਲ ਤੋਂ ਹੀ ਕੀਤੀ ਸੀ। ਮੀਤੇ ਦਾ ਪੂਰਾ ਨਾਮ ਮਨਮੀਤ ਸਿੰਘ, ਉਸਦੇ ਪਿਓ ਕਾਮੂ ਤੇ ਮੇਲੋ ਤੋਂ ਬਿਨਾਂ ਸ਼ਾਇਦ ਹੀ ਕੋਈ ਜਾਣਦਾ ਸੀ, ਜਦੋਂ ਤੋਂ ਉਸਨੇ ਹੋਸ਼ ਸੰਭਾਲੀ ਸੀ ਉਦੋਂ ਤੋਂ ਉਸਨੇ ਲੋਕਾਂ ਮੂਹੋਂ ਆਪਣੇ ਲਈ ਮੀਤਾ ਨਾਮ ਹੀ ਸੁਣਿਆ ਸੀ। ਸਾਰੀ ਦੁਨੀਆ ਵਿਚੋਂ ਇਕੱਲੀ ਮੇਲੋ ਉਸਨੂੰ ਮੀਤ ਆਖਦੀ।

ਪਿਛਲੇ ਡੇਢ ਕੁ ਸਾਲ 'ਚ ਮੀਤਾ ਮੇਲੋ ਨੂੰ ਇਸ ਤਰਾਂ ਸਾਇਕਲ ਮਗਰ ਬਿਠਾ ਕੇ 5-6 ਵਾਰ ਹੀ ਬੱਸ ਅੱਡੇ ਤੱਕ ਛੱਡਣ ਆਇਆ ਸੀ , ਇਹ 5-6 ਝੂਟੇ ਮੇਲੋ ਤੇ ਮੀਤੇ ਲਈ ਸਤਰੰਗੀ ਪੀਂਘ ਤੇ ਬੈਠ ਕੇ ਲਏ ਕਿਸੇ ਸਵਰਗਾਂ ਦੇ ਝੂਟੇ ਤੋਂ ਘੱਟ ਨਹੀਂ ਸਨ।.

"ਮੀਤ ਮੈਨੂੰ ਸਾਇਕਲ ਤੇ ਲੁਧਿਆਣੇ ਤੱਕ ਈ ਛੱਡ ਆ।"

"ਲੱਤਾਂ ਟੁੱਟ ਜਾਣਗੀਆਂ।"

"ਲੈ ਅੱਧੇ ਰਾਹ ਸਾਇਕਲ ਮੈਂ ਚਲਾ ਲਊਂ।"

"ਆਂਏ ਤਾਂ ਫਿਰ ਤੇਰਾ ਅੱਧਾ ਰਾਹ ਏਥੋਂ ਲੁਧਿਆਣੇ ਤੱਕ ਬਣਦਾ, ਜਾਂਦੀ ਹੋਈ ਤੂੰ ਚਲਾ ਲੈ ਆਉਂਦਾ ਹੋਇਆ ਸਾਇਕਲ ਮੈਂ ਚਲਾ ਲਿਆਊਂ।"

ਦੋਵੇਂ ਹੱਸ ਪਏ , ਮੀਤੇ ਤੇ ਮੇਲੋ ਦਾ ਹਾਸਾ ਹਵਾ ਦੇ ਕੁਤਕਤਾੜੀਆਂ ਕੱਢਦਾ ਹੋਇਆ ਹਵਾ 'ਚ ਮਿਲ ਗਿਆ। ਸਾਇਕਲ ਤੇ ਹੀ ਹੋਈਆਂ ਇਹ 5-6 ਮੁਲਾਕਾਤਾਂ ਜਿਵੇਂ ਮੀਤੇ ਤੇ ਮੇਲੋ ਦੇ ਪਿਆਰ ਦੀ ਕਿਤਾਬ ਵਿਚ ਪਰਤ ਦਰ ਪਰਤ ਉਸਰੇ ਸੰਦਲੀ ਪਾਠਾਂ ਦਾ ਤਤਕਰਾ ਬਣ ਗਈਆਂ ।

ਮੀਤਾ ਤੇ ਮੇਲੋ ਇਕ ਦੂਸਰੇ ਨੂੰ ਕੱਚੀਆਂ ਜਮਾਤਾਂ ਤੋਂ ਜਾਣਦੇ ਸਨ। ਮਾਂ ਮੀਤੇ ਦੀ, ਮੀਤੇ ਨੂੰ ਦੁੱਧ ਚੁੰਘਦਾ ਛੱਡ ਕੇ ਪੂਰੀ ਹੋ ਗਈ ਸੀ, ਟੀ.ਬੀ. ਕਰਕੇ। ਇਕਲੌਤੇ ਮੀਤੇ ਦਾ ਪਿਓ ਕਾਮੂ, ਨਿੱਕੇ ਹੁੰਦੇ ਮੀਤੇ ਨੂੰ ਆਪਣੇ ਨਾਲ ਮੇਲੋ ਕੇ ਘਰ ਲੈ ਆਉਂਦਾ ਸੀ, ਮੀਤਾ ਮੇਲੋ ਕੇ ਘਰਾਂ ਅੱਗੇ ਖੇਡਦਾ ਰਹਿੰਦਾ, ਕਾਮੂ ਧਾਰਾਂ ਚੋ ਕੇ, ਪਸ਼ੂਆਂ ਨੂੰ ਪੱਠੇ ਪਾ ਕੇ , ਰੇੜ੍ਹੇ ਤੇ ਬਿਠਾ ਕੇ ਮੀਤੇ ਨੂੰ ਆਪਣੇ ਨਾਲ ਖੇਤ ਲੈ ਜਾਂਦਾ। ਮੀਤਾ ਉਥੇ ਮੋਟਰ ਤੇ ਪਿਓ ਨਾਲ ਨਹਾਉਂਦਾ ,ਤਿਤਲੀਆਂ ਫੜਦਾ, ਗੰਨੇ ਚੂਪਦਾ, ਮਿੱਟੀ ਦੇ ਘਰ ਬਣਾਉਂਦਾ, ਕਦੇ ਬਾਪੂ ਨਾਲ ਨਿੱਕਾ ਮੋਟਾ ਕੰਮ ਕਰਾ ਦਿੰਦਾ ਕਿਸੇ ਸਪਾਹੀ ਵਾਗੂੰ ਕਾਮੂ ਦਾ ਕਹਿਣਾ ਮੰਨਦਾ।

ਪਹਿਲਾਂ ਪਹਿਲਾਂ ਕਾਮੂ ਮੀਤੇ ਨੂੰ ਰੋਜ਼ ਨਾਲ ਲਿਆਉਂਦਾ ਫਿਰ ਪੰਜਾਂ ਸਾਲਾਂ ਬਾਅਦ ਮੀਤਾ ਸਕੂਲੇ ਜਾਣ ਲੱਗਾ ਤਾਂ ਦੁਪਿਹਰੋਂ ਬਾਅਦ ਰੋਜ ਮੀਤਾ ਕਾਮੂ ਕੋਲ ਆ ਜਾਂਦਾ। ਜਿਉਂ ਜਿਉਂ ਮੀਤਾ ਵੱਡਾ ਹੁੰਦਾ ਗਿਆ ਉਸਦਾ ਮੇਲੋ ਕੇ ਘਰ ਆਉਣਾ ਘਟਦਾ ਗਿਆ। ਦਸਵੀਂ ਤੋਂ ਬਾਅਦ ਐਤਵਾਰ ਦੀ ਐਤਵਾਰ ਮੀਤੇ ਨੂੰ ਕਾਮੂ ਆਪਣੇ ਨਾਲ ਲਿਆਉਂਦਾ।

ਕਾਮੂ ਨੂੰ ਇਸ ਘਰ 'ਚ ਸ਼ੀਰੀ ਰਲੇ ਨੂੰ 28 ਸਾਲ ਹੋ ਗਏ ਸਨ। ਘਰਦਿਆਂ ਵਾਂਗ ਹੀ ਸੀ ਸਭ ਕੁੱਝ ਫਰਕ ਸੀ ਤਾਂ ਬਸ ਕਾਮੂ ਰੋਟੀ ਹੇਠਾਂ ਬੈਠ ਕੇ ਖਾਂਦਾ, ਰਾਤ ਨੂੰ ਜਾਂ ਖੇਤ ਸੌਂਦਾ ਜਾਂ ਤੂੜੀ ਵਾਲੇ ਦਲਾਨ 'ਚ। ਕਦੇ ਕਦੇ ਪਿੰਡ ਗੇੜਾ ਮਾਰ ਆਉਂਦਾ ਮਹੀਨੇ 'ਚ ਇੱਕ-ਦੋ ਵਾਰ ਜੋ ਏਥੋਂ 3-4 ਕਿਲੋਮੀਟਰ ਸੀ।

ਮੇਲੋ ਜਦੋਂ ਵੀ ਲੁਧਿਆਣਿਓ ਘਰ ਆਉਂਦੀ ਕਿਸੇ ਨਾ ਕਿਸੇ ਬਹਾਨੇ ਮੀਤ ਨੂੰ ਕਦੇ ਇੱਕ ਮਿੰਟ ਲਈ ਕਦੇ ਸਬੱਬ ਨਾਲ 5-7 ਮਿੰਟ ਲਈ , ਕਦੇ ਬਹੁਤੀ ਚੰਗੀ ਕਿਸਮਤ ਨਾਲ 10 ਮਿੰਟ ਲਈ ਮਿਲਦੀ, ਬਹੁਤੀਆਂ ਗੱਲਾਂ ਉਹ ਬਿਨਾਂ ਗੱਲ ਕੀਤਿਆਂ ਹੀ ਕਰਦੇ ਅਸਲ 'ਚ ਉਹ ਗੱਲਾਂ ਨਹੀਂ ਸੀ ਕਰਦੇ, ਉਹ ਤਾਂ ਆਪਣੇ ਪਿਆਰ ਦੀਆਂ ਬਾਤਾਂ ਬੁਝਾਰਤਾਂ ਦਾ ਰੂਹ ਹੀ ਰੂਹ ਅੰਦਰ ਹੁੰਗਾਰਾ ਭਰਦੇ ਰਹਿੰਦੇ। ਉਹਨਾਂ ਨੇ ਇੱਕ ਦੂਜੇ ਨੂੰ ਪਿਆਰ ਕੀਤਾ ਜਾਂ ਉਹਨਾਂ ਨੂੰ ਇੱਕ ਦੂਜੇ ਨਾਲ ਪਿਆਰ ਹੋਇਆ ਸੀ, ਪਤਾ ਨਹੀਂ ? ਪਰ ਉਹ ਇਨਸਾਨੀਅਤ ਦੀ ਅਜੀਬ ਜਿਹੀ ਦਿਸ਼ਾ ਅਤੇ ਦਸ਼ਾ ਵਿਚ ਭਿੱਜ ਗਏ ਸਨ, ਪਿੰਡੇ ਤੋਂ ਲੈ ਕੇ ਰੂਹ ਤੱਕ।.

ਦੋ ਸਾਲਾਂ ਬਾਅਦ ਮੇਲੋ ਦੀ ਬੀ.ਏ. ਪੂਰੀ ਹੋ ਗਈ, ਇਸ ਤੋਂ ਅੱਗੇ ਪੜ੍ਹਨ ਲਈ ਮੇਲੋ ਦੇ ਪਿਓ ਜੋਰਾ ਸਿੰਘ ਨੇ ਇਜ਼ਾਜਤ ਨਾ ਦਿੱਤੀ। ਬੀ.ਏ. ਵੀ ਮਾਮਾ ਜੀ ਦੇ ਜ਼ੋਰ ਪਾਉਣ ਤੇ ਮਸ੍ਹਾਂ ਈ ਕਰਵਾਈ ਸੀ। ਸਾਲ ਬਾਅਦ ਹੀ ਮੇਲੋ ਦੇ ਵਿਆਹ ਦੀਆਂ ਗੱਲਾਂ ਸੁਰੂ ਹੋ ਗਈਆਂ , ਮੁੰਡਿਆਂ ਦੀਆਂ ਦੱਸਾਂ ਵੀ ਆਉਣ ਲੱਗ ਪਈਆਂ ।

ਮੇਲੋ ਕਿਹਨੂੰ ਦੱਸੇ ? ਕਿਵੇਂ ਦੱਸੇ ? ਆਪਣੇ ਮੀਤ ਬਾਰੇ। ਜਦੋਂ ਵੀ ਉਹ ਮੀਤ ਦੇ ਚੀਰੇ ਬਾਰੇ ਸੋਚਦੀ ਜੋਰਾ ਸਿੰਘ ਦੀ ਪੱਗ ਮੇਲੋ ਦੇ ਗਲ ਦਾ ਫਾਹਾ ਬਣ ਜਾਂਦੀ। ਮੇਲੋ ਅਕਸਰ ਰੂਹ ਦੇ ਸਾਗਰ ਕਿਨਾਰੇ ਚੁੱਪ-ਚਾਪ ਜਾ ਕੇ ਬੈਠ ਜਾਂਦੀ, ਆਥਣ-ਸਵੇਰੇ ਰੂਹ ਦੇ ਸਾਗਰ ਵਿਚੋਂ ਉਠਦੀਆਂ ਲਹਿਰਾਂ ਉਸਦੀਆਂ ਅੱਖਾਂ ਨੂੰ ਸਲਾਬ੍ਹਾ ਕਰ ਜਾਂਦੀਆਂ।

ਮੀਤਾ ਤਾਂ ਪੜ੍ਹਿਆ ਹੀ ਬਾਰ੍ਹਵੀਂ ਤੱਕ ਸੀ, ਫੌਜ 'ਚ ਭਰਤੀ ਹੋਣ ਦੇ ਸੁਪਨੇ ਉਸਦੇ ਜਿਹਨ ਵਿਚ ਦੌੜਦੇ ਰਹਿੰਦੇ ਪਰ ਉਹ ਆਪਣੇ ਆਪ ਨੂੰ ਹਮੇਸ਼ਾਂ ਬਾਪੂ ਨਾਲ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੁੰਦਿਆਂ ਜਾਂ ਕਿਸੇ ਮਿਸਤਰੀ ਨਾਲ ਮਜਦੂਰੀ ਕਰਦਿਆਂ, ਆਪਣੇ ਸੁਪਨਿਆਂ ਨੂੰ ਕੰਧਾਂ 'ਚ ਚਿਣਦੇ ਦੇਖਦਾ।

ਮੇਲੋ ਦੀ ਮੰਗਣੀ ਹੋ ਗਈ । ਵਿਆਹ ਦਾ ਦਿਨ ਪੱਕਾ ਹੋ ਗਿਆ। ਮੁੰਡਾ ਪੜ੍ਹਿਆ ਮੇਲੋ ਤੋਂ ਘੱਟ ਸੀ ਪਰ ਜ਼ਮੀਨ ਵਾਧੂ ਸੀ।

ਮੀਤਾ ਕੀ ਕਰ ਸਕਦਾ ਸੀ ?

ਮੇਲੋ ਦੇ ਵਿਆਹ ਵਾਲੇ ਦਿਨ ਕਾਮੂ ਮੀਤੇ ਨੂੰ ਆਪਣੇ ਨਾਲ ਲਿਆਇਆ ਕਿ ਕੰਮ 'ਚ ਹੱਥ ਬਟਾਵੇ। ਬਰਾਤ ਆਈ, ਸਾਰੇ ਜੀਅ ਦਰਾਂ 'ਤੇ ਆ ਗਏ ਬਰਾਤ ਢੁਕਦੀ ਨੂੰ ਦੇਖਣ ਲਈ। ਮੀਤਾ ਸਵੇਰ ਦਾ ਹਲਵਾਈ ਨਾਲ ਮੱਦਦ ਕਰਵਾ ਰਿਹਾ ਸੀ। ਇਸੇ ਸਮੇਂ ਮੀਤਾ ਲੱਡੂਆਂ ਦਾ ਟੋਕਰਾ ਚੁੱਕ ਕੇ ਅੰਦਰ ਕਮਰੇ 'ਚ ਰੱਖਣ ਗਿਆ, ਮੁੜਦੇ ਨੇ ਐਵੇਂ ਇੱਕ ਲੱਡੂ ਚੁੱਕ ਲਿਆ, ਇਸ ਕਮਰੇ ਤੋਂ ਇੱਕ ਕਮਰਾ ਛੱਡ ਕੇ ਪਰਲੇ ਪਾਸੇ ਬੈਠਕ ਵਿਚ ਇਕੱਲੀ ਮੇਲੋ ਦੁਲਹਨ ਦੇ ਕਪੜਿਆਂ 'ਚ ਬੈੱਡ 'ਤੇ ਬੈਠੀ ਸੀ। ਮੀਤਾ ਜਾ ਕੇ ਬੈਠਕ 'ਚ ਖਲੋ ਗਿਆ। ਮੇਲੋ ਨੇ ਅੱਖਾਂ ਪੱਟ ਕੇ ਦੇਖਿਆ ਤਾਂ ਉਸਨੂੰ ਲਗਿਆ ਜਿਵੇਂ ਉਸਦੇ ਅਤੀਤ ਦੀ ਪੇਟਿੰਗ ਬਣਾ ਕੇ ਕਿਸੇ ਨੇ ਉਸਦੇ ਸਾਹਮਣੇ ਰੱਖ ਦਿੱਤੀ ਹੋਵੇ। ਮੇਲੋ ਭੁੱਲ ਗਈ ਕਿ ਅੱਜ ਉਸ ਦਾ ਵਿਆਹ ਏ, ਉਹਦੇ ਲਾਲ ਕਪੜੇ ਪਾਏ ਹੋਏ ਨੇ , ਉਹ ਬੈਡ ਤੋਂ ਉਠ ਕੇ ਮੀਤੇ ਦੇ ਨੇੜੇ ਆ ਗਈ ਤੇ ਅਪਣਾ ਸਿਰ ਉਸਨੇ ਮੀਤੇ ਦੀ



ਛਾਤੀ 'ਤੇ ਰੱਖ ਦਿੱਤਾ, ਮੇਲੋ ਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਤੁਰ ਪਏ। ਮੀਤੇ ਨੇ ਆਪਣਾ ਸੱਜਾ ਹੱਥ ਉਸਦੇ ਸਿਰ ਤੇ ਰੱਖ ਕੇ ਅੱਖਾਂ ਮੀਚ ਲਈਆਂ, ਦੋਵੇਂ ਇੱਕ ਮੂਰਤੀ ਜਿਹੀ ਹੋ ਗਏ।

ਇਸ ਮੂਰਤੀ ਨੂੰ ਦੇਖਕੇ ਕੋਈ ਦੱਸ ਨਹੀਂ ਸਕਦਾ ਸੀ ਕਿ ਇਹ ਦੋਵੇਂ ਮਾਂ-ਪੁੱਤ ਨੇ, ਪਿਓ-ਧੀ ਨੇ, ਭੈਣ-ਭਰਾ ਨੇ , ਪਤੀ-ਪਤਨੀ ਨੇ ਜਾਂ ਰੂਹ ਦੇ ਹਾਣੀ ?

ਕਿਸੇ ਨੇ ਇੱਕੋ ਝਟਕੇ ਬਾਹੋਂ ਫੜਕੇ ਮੀਤੇ ਨੂੰ ਖਿੱਚਿਆ, ਬਾਂਹ ਖਿੱਚਣ ਵਾਲਾ ਜੋਰਾ ਸਿੰਘ ਸੀ। ਮੇਲੋ ਦੇ ਪੈਰਾਂ ਹੇਠੋਂ ਧਰਤੀ ਤੇ ਜੋਰਾ ਸਿੰਘ ਦੇ ਸਿਰ ਵਿੱਚੋਂ ਸੋਚ ਨਿਕਲ ਗਈ, ਮੀਤੇ ਦੇ ਹੱਥੋਂ ਲੱਡੂ ਛੁੱਟ ਕੇ ਰੁੜਦਾ ਹੋਇਆ ਕਿਸੇ ਹਨੇਰੇ ਖੂੰਜੇ ਵਲ ਚਲਿਆ ਗਿਆ। ਜੋਰਾ ਸਿੰਘ ਦੀਆਂ ਅੱਖਾਂ ਲਾਲ ਅਤੇ ਚੇਹਰੇ ਤੇ ਪਸੀਨਾ ਆ ਗਿਆ, ਉਹ ਚੁੱਪ ਚਾਪ ਮੀਤੇ ਨੂੰ ਘਰੋਂ ਬਾਹਰ ਲੈ ਗਿਆ। ਆਪਣੇ ਦੋ ਭਤੀਜਿਆਂ ਤੇ ਇੱਕ ਭਾਣਜੇ ਨੂੰ ਬੁਲਾਇਆ ਚਾਰੇ ਜਾਣੇ ਮੀਤੇ ਨੂੰ ਗੱਡੀ 'ਚ ਬੈਠਾ ਕੇ ਖੇਤਾਂ ਵਲ ਇੰਝ ਚਲੇ ਗਏ ਜਿਵੇਂ ਕਿਸੇ ਜਰੂਰੀ ਕੰਮ ਚੱਲੇ ਹੋਣ।

ਖੇਤ ਲਜਾ ਕੇ ਮੀਤੇ ਨੂੰ ਖਿੱਚ ਕੇ ਗੱਡੀ ਚੋਂ ਉਤਾਰਦਿਆਂ ਇੱਕੋ ਵਾਰ ਜੋਰਾ ਸਿੰਘ ਨੇ ਉਸਦੇ 10-12 ਥੱਪੜ ਬੇਰਹਿਮੀ ਨਾਲ ਮਾਰੇ ਤੇ ਗਾਲਾਂ ਕਢਦਿਆਂ ਮੁੰਡਿਆਂ ਨੂੰ ਕਿਹਾ "ਮਾਰ ਕੇ ਦੱਬ ਦਿਓ ਸਾਲੇ ਨੂੰ ਕਿਤੇ" ਜੋਰਾ ਸਿੰਘ ਆਪ ਲਾਲ ਲੋਹਾ ਹੋਇਆ ਗੱਡੀ ਚਲਾ ਕੇ ਵਾਪਸ ਘਰ ਆ ਗਿਆ।

ਪਿੱਛੋਂ ਮੁੰਡਿਆਂ ਨੇ ਮੀਤੇ ਦੀ ਕੋਈ ਨਾ ਸੁਣੀ, ਮੀਤੇ ਨੂੰ ਜ਼ਮੀਨ ਤੇ ਨਿਸ਼ਾਲ ਕੇ ਸਿਰ ਤੋਂ ਲੈ ਕੇ ਪੈਰਾਂ ਤੱਕ ਲੱਤਾਂ ਮੁੱਕੀਆਂ ਨਾਲ ਉਦੋਂ ਤੱਕ ਕੁਟਦੇ ਰਹੇ ਜਦੋਂ ਤੱਕ ਮੀਤਾ ਬੇਹੋਸ਼ ਨਾ ਹੋਇਆ... ਬੇਹੋਸ਼ ਹੋਣ ਤੱਕ ਮੀਤੇ ਦੇ ਮੂਹੋਂ ਇੱਕੋ ਗੱਲ ਨਿਕਲਦੀ ਰਹੀ , "ਬਾਈ ਮੇਰੀ ਗੱਲ ਤਾਂ ਸੁਣ ਲਓ", "ਬਾਈ ਮੇਰੀ ਗੱਲ ਤਾਂ ਸੁਣ ਲਓ।"

ਜੋਰਾ ਸਿੰਘ ਦੇ ਮੀਤੇ ਨੂੰ ਲਜਾਦਿਆਂ ਸਾਰ ਹੀ ਮੇਲੋ ਨੂੰ ਚੱਕਰ ਆ ਗਿਆ ਸੀ, ਓਹ ਵੀ ਬੇਹੋਸ਼ ਹੋ ਗਈ ਸੀ ਉਸਨੂੰ ਮਾਲਸ਼ਾਂ ਕਰਕੇ, ਪਾਣੀ ਦੇ ਛਿੱਟੇ ਮਾਰ ਕੇ ਹੋਸ਼ 'ਚ ਲਿਆਂਦਾ ਗਿਆ, ਡਾਕਟਰ ਵੀ ਬੁਲਾਇਆ ਗਿਆ।

ਮੇਲੋ ਦੇ ਚਿੱਤ 'ਚ ਡੋਬੂ ਪੈਂਦੇ ਰਹੇ, "ਮੀਤ ਕਿੱਥੇ ਏਂ ਵੇ ਤੂੰ ? ਚੰਦਰਿਆ ਮੂੰਹ ਦਿਖਾ ਜਾ, ਮੈਂ ਤਾਂ ਪਿਓ ਦੀ ਪੱਗ ਵੀ ਬਚਾ ਲਈ ਤੇਰੇ ਆਖਣ 'ਤੇ, ਤੂੰ ਹੈਂ ਕਿੱਥੇ? ਤੂੰ ਹੈਂ ਕਿਵੇਂ?"

ਮੀਤ ਦੇ ਬੇਹੋਸ਼ ਹੋਣ ਤੋਂ ਬਾਅਦ ਜੋਰਾ ਸਿੰਘ ਦੇ ਭਾਣਜੇ ਨੂੰ ਪਤਾ ਨਹੀਂ ਕੀ ਔੜਿਆ ਉਸਨੇ ਮੀਤੇ ਨੂੰ ਚੁੱਕ ਕੇ ਪਾਣੀ ਵਾਲੀ ਖੇਲ 'ਚ ਸੁੱਟ ਦਿੱਤਾ ਤੇ ਅੰਦਰੋਂ ਇੱਕ ਤਾਰ ਲਿਆ, ਤਾਰ ਦਾ ਇੱਕ ਸਿਰਾ ਖੇਲ਼ 'ਚ ਤੇ ਦੂਸਰਾ ਕੋਠੀ ਅੰਦਰ ਜਾ ਕੇ ਪਲੱਗ 'ਚ ਲਗਾ ਦਿੱਤਾ, ਮੀਤੇ ਦੇ ਪਿੰਡੇ 'ਚ ਬਿਜਲੀ ਫਿਰ ਗਈ, ਲਹੂ ਮੱਚ ਗਿਆ ਮੀਤਾ ਪੂਰਾ ਹੋ ਗਿਆ।

ਮੇਲੋ ਦੀ ਡੋਲੀ ਵਿਦਾ ਹੋਣ ਤੋਂ ਘੰਟਾ ਭਰ ਬਾਅਦ ਹੀ ਪਿੰਡ 'ਚ ਖ਼ਬਰ ਫੈਲੀ ਕਿ ਮੀਤੇ ਦੇ ਕਰੰਟ ਲੱਗ ਗਿਆ ਮੋਟਰ ਤੇ ਮਰ ਗਿਆ, ਮਰ ਗਿਆ, ਮਰ ਗਿਆ... ਕਾਮੂ ਅੱਧ ਕਮਲਾ ਜਿਹਾ ਹੋ ਕੇ ਖੇਤਾਂ ਵੱਲ ਭੱਜ ਗਿਆ ਪਿੰਡ ਦੇ ਹੋਰ ਲੋਕਾਂ ਤੋਂ ਅੱਗੇ ਅੱਗੇ...।

ਮੇਲੋ ਸਹੁਰੇ ਘਰ ਜਾ ਕੇ ਵੀ ਦੁਚਿੱਤੀਆਂ ਤੇ ਭੈੜੀਆਂ ਭੈੜੀਆਂ ਕਲਪਨਾਵਾਂ ਦੀ ਅੱਗ 'ਚ ਸੜਦੀ

ਰਹੀ, ਹਫ਼ਤੇ ਤੱਕ ਘਰੋਂ ਹੀ ਮੀਤੇ ਦੀ ਮੌਤ ਦੀ ਖ਼ਬਰ ਮੇਲੋ ਤੱਕ ਪਹੁੰਚ ਗਈ।.

ਮੇਲੋ ਬਹੁਤ ਰੋਈ, ਲਗਾਤਾਰ ਰੋਈ, ਸ਼ਰੇਆਮ ਰੋਈ, ਲੁਕ ਲੁਕ ਕੇ ਰੋਈ...। ਮੇਲੋ ਦੀ ਵਧੀ ਹੋਈ ਸੀ ਸ਼ਾਇਦ ਤਾਂ ਹੀ ਉਸਨੂੰ ਰੋਣਾ ਆਉਂਦਾ ਰਿਹਾ ਜੇ ਉਹ ਨਾ ਰੋਂਦੀ ਤਾਂ ਸ਼ਾਇਦ ਮਰ ਜਾਂਦੀ।

ਵਿਆਹ ਤੋਂ ਡੇਢ ਸਾਲ ਬਾਅਦ ਮੇਲੋ ਦੇ ਬੱਚਾ ਹੋਇਆ । ਇਹ ਇਤਫਾਕ ਸੀ ਜਾਂ ਸਾਧਾਰਨ ਵਰਤਮਾਨ ਕਿ ਗੁਰੂਦੁਆਰੇ ਦੇ ਗ੍ਰੰਥੀ ਦੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਵਾਕ ਲੈਣ ਤੇ 'ਮ' ਅੱਖਰ ਨਾਮ ਰੱਖਣ ਲਈ ਨਿਕਲਿਆ... ਬੱਚੇ ਦਾ ਨਾਮ 'ਮਨਮੀਤ ਸਿੰਘ' ਰੱਖਿਆ ਗਿਆ।

ਮੇਲੋ ਦਾ ਮਨ ਵਿਗਸਨ ਲੱਗਿਆ ਪਰ ਅਕਸਰ ਹੀ ਬਿਨਾਂ ਕਿਸੇ ਕਾਰਨ ਉਹ ਘਰ ਦੇ ਕਿਸੇ ਕੋਨੇ ਵਿਚ ਲੁਕ ਕੇ ਰੋਂਦੀ ਰਹਿੰਦੀ।

ਸਮਾਂ ਬੀਤਦਾ ਗਿਆ ਮੀਤੇ ਦੀ ਮੌਤ ਤੋਂ ਬਾਅਦ ਕਾਮੂ ਵੀ ਬਹੁਤੇ ਸਾਲ ਜੀਅ ਨਾ ਸਕਿਆ। ਮਨਮੀਤ ਨੂੰ ਇੱਕੀਵਾਂ ਸਾਲ ਚੜ੍ਹ ਗਿਆ ਸੀ। ਇੱਕ ਦਿਨ ਰੋਂਦਿਆਂ ਰੋਂਦਿਆਂ ਮੇਲੋ ਨੇ ਮੀਤੇ ਨਾਲ ਆਪਣੀ ਰੂਹ ਦੇ ਰਿਸ਼ਤੇ ਤੇ ਮੀਤੇ ਦੀ ਮੌਤ ਵਾਲਾ ਕਿੱਸਾ ਆਪਣੇ ਪੁੱਤ ਮਨਮੀਤ ਨੂੰ ਸੁਣਾ ਦਿੱਤਾ। ਉਸ ਤੋਂ ਬਾਅਦ ਜਿਵੇਂ ਮੇਲੋ ਅੰਦਰ ਹੰਝੂਆਂ ਦਾ ਜੋ ਦਰਿਆ ਵਗਦਾ ਸੀ, ਜੋ ਕਦੇ ਚੜ੍ਹ ਜਾਂਦਾ ਸੀ ਕਦੇ ਉਤਰ ਜਾਂਦਾ ਸੀ, ਉਹ ਦਰਿਆ ਜਿਵੇਂ ਮਨਮੀਤ ਅੰਦਰਲੇ ਸੰਤਾਨ-ਮੋਹ ਦੇ ਸਾਗਰ ਵਿਚ ਡੁੱਲ ਕੇ ਖਿੰਡ ਗਿਆ ਤੇ ਮੇਲੋ ਦੇ ਮਨ 'ਚ ਖਾਲੀ ਹੋਈ ਜਗ੍ਹਾ ਮਮਤਾ ਦੇ ਬਾਗ ਨੇ ਦਿਨਾਂ ਵਿਚ ਹੀ ਘੇਰ ਲਈ। ਮਨਮੀਤ ਨੂੰ ਅਤੀਤ ਦੱਸਣ ਤੋਂ ਬਾਅਦ ਮੇਲੋ ਕਦੇ ਨਾ ਰੋਈ। ਜਿਵੇਂ ਉਸਨੇ ਅੱਗ ਦਾ ਸਮੁੰਦਰ ਡੁੱਬ ਕੇ ਪਾਰ ਕਰ ਲਿਆ ਹੋਵੇ, ਤੇ ਆਪਣੀ ਹੋਂਦ ਸਮੇਤ ਉਹ ਸਾਗਰ ਦੇ ਪਰਲੇ ਕੰਡੇ ਪਹੁੰਚ ਗਈ ਹੋਵੇ ਜਿੱਥੇ ਰੂਹ ਆਪਣੇ ਅਸਲ 'ਚ ਮਿਲਕੇ ਅਸਲ ਹੋ ਜਾਂਦੀ ਏ।

ਅੱਜ ਪਹਿਲੀ ਵਾਰ ਕਹਾਣੀ ਲਿਖਣ ਤੋਂ ਬਾਅਦ ਉਸਦੀਆਂ ਅੱਖਾਂ ਭਰ ਆਈਆਂ ਸਨ। ਉਸਨੂੰ ਲਿਖੀ ਕਹਾਣੀ ਦੇ ਅੱਖਰ ਧੁੰਦਲੇ ਦਿਖਾਈ ਦੇਣ ਲੱਗੇ, ਇੱਕ ਹੰਝੂ ਕਹਾਣੀ ਉਪਰ ਡਿੱਗ ਪਿਆ, ਡਿੱਗੇ ਹੰਝੂ ਵਿਚ ਸਿਆਹੀ ਇਸ ਤਰਾਂ ਘੁਲ ਰਹੀ ਸੀ ਜਿਵੇਂ ਕੋਈ ਅੱਖਰ ਆਪਣੀ ਹੋਂਦ ਦੀ ਪ੍ਰਵਾਹ ਨਾ ਕਰਦੇ ਹੋਏ ਪਿਆਸ ਬੁਝਾਉਣ ਦੀ ਕੋਸ਼ਿਸ ਕਰ ਰਿਹਾ ਹੋਵੇ ਤੇ ਅਥਰੂ ਨੇ ਸਿਆਹੀ ਨੂੰ ਇਸ ਤਰਾਂ ਗਲਵਕੜੀ ਪਾ ਲਈ ਸੀ ਜਿਵੇਂ ਉਹ ਅਰਥਾਂ 'ਚ ਬਦਲਨਾ ਚਾਹੁੰਦਾ ਹੋਵੇ।

ਮੂੰਹ ਹਨੇਰਾ ਜਿਹਾ ਹੋ ਗਿਆ ਸੀ। ਉਸਨੇ ਅੱਖਾਂ ਕਮੀਜ ਦੀ ਕਫ਼ ਨਾਲ ਸਾਫ ਕੀਤੀਆਂ ਤੇ ਵਰਕੇ ਸਾਂਭਦਿਆਂ ਉਠ ਕੇ ਘਰ ਵਲ ਚਲ ਪਿਆ। ਸੋਚਾਂ ਉਸਦੀ ਲਗਾਤਾਰ ਪਰਿਕਰਮਾ ਕਰ ਰਹੀਆਂ ਸਨ, ੨੦ ਕੁ ਮਿੰਟਾਂ ਵਿਚ ਉਹ ਅਪਣੇ ਘਰ ਕੋਲ ਪਹੁੰਚ ਗਿਆ ਅਜੇ ਇੱਕੋ ਖੜਾਕ ਨਾਲ ਉਸਨੇ ਘਰ ਦਾ ਗੇਟ ਖੋਲਿਆ ਹੀ ਸੀ ਕਿ ਉਸਦੇ ਪਿਓ, ਜੋ ਸਾਹਮਣੇ ਵਿਹੜੇ 'ਚ ਮੰਜੇ ਤੇ ਬੈਠਾ ਗੜਵੀ ਚੋਂ ਪਾਣੀ ਨਾਲ ਹੱਥ ਧੋ ਰਿਹਾ ਸੀ ਨੇ ਸਹਿਜ ਸੁਭਾਅ ਹੀ ਕਿਹਾ, "ਮੇਲ ਕੁਰੇ ਲੈ ਆ ਗਿਆ ਤੇਰਾ ਮਨਮੀਤ ਸਿਹਾਂ ਐਵੇਂ ਭਾਲਦੀ ਫਿਰਦੀ ਸੀ ਕਮਲਿਆਂ ਵਾਂਗੂੰ ਸਾਰੇ ਪਿੰਡ 'ਚ।" ✪

**ਪਾਠਕਾਂ ਦੇ ਧਿਆਨ ਹਿੱਤ**

'ਕਹਾਣੀ ਧਾਰਾ' ਦੇ ਜਿਨ੍ਹਾਂ ਪਾਠਕਾਂ ਦੇ ਚੰਦੇ ਨਹੀਂ ਪਹੁੰਚੇ ਉਹ ਆਪਣਾ ਚੰਦਾ ਜਲਦੀ ਭੇਜ ਦੇਣ। ਪਰਚਾ ਮੁਫ਼ਤ ਪੜ੍ਹਨ ਦੀ ਆਦਤ ਚੰਗੀ ਨਹੀਂ ਹੁੰਦੀ। -ਸੰਪਾਦਕ



## ਲੋਅ ਤੋਂ ਸੱਖਣਾ ਦੀਵਾ/ - ਰਘਬੀਰ ਸਿੰਘ ਮਾਨਾਂਵਾਲੀ

ਅੱਧੀ ਰਾਤ ਤੋਂ ਮੀਂਹ ਲਗਾਤਾਰ ਇਕ ਰਫ਼ਤਾਰ ਨਾਲ ਪੈ ਰਿਹਾ ਸੀ। ਕੋਠਿਆਂ ਦੇ ਪ੍ਰਨਾਲਿਆਂ 'ਚੋਂ ਡਿੱਗਦਾ ਮੋਟਰ ਦੀ ਚੰਗੀ ਧਾਰ ਵਰਗਾ ਪਾਣੀ ਇਕ ਤਰ੍ਹਾਂ ਸੰਗੀਤ ਦੀ ਅਵਾਜ਼ ਪੈਦਾ ਕਰ ਰਿਹਾ ਸੀ। ਪਰ ਕਦੀ ਕਦੀ ਬੱਦਲਾਂ ਦੀ ਗਰਜ਼ ਅਤੇ ਅਸਮਾਨੀ ਬਿਜਲੀ ਦੀ ਅੱਖਾਂ ਚੁੰਧਿਆਉਣ ਵਰਗੀ ਲਿਸ਼ਕ ਮਾਹੌਲ ਨੂੰ ਡਰੌਣਾ ਬਣਾ ਹਰੇਕ ਨੂੰ ਸੁੰਨ ਕਰ ਰਹੀ ਸੀ। ਕਈ ਦਿਨਾਂ ਤੋਂ ਭੱਠੀ ਵਾਂਗ ਤਪਦੇ ਦਿਨਾਂ ਨੇ ਸਭ ਦੇ ਪਿੰਡੇ ਲੂਹ ਦਿਤੇ ਸਨ। ਰੱਜਵੇਂ ਮੀਂਹ ਨਾਲ ਮੌਸਮ ਇਕ ਤਰ੍ਹਾਂ ਖੁਸ਼ਗਵਾਰ ਹੋ ਗਿਆ ਸੀ। ਰਾਤ ਦਾ ਜਦੋਂ ਦਾ ਮੀਂਹ ਪੈਣਾ ਸ਼ੁਰੂ ਹੋਇਆ ਉਦੋਂ ਤੋਂ ਹੀ ਅੰਦਰੀਂ ਹੁਸੜ ਭਰੀ ਹੁੰਮਸ ਠੰਡ ਵਿੱਚ ਬਦਲ ਗਈ ਸੀ ਤੇ ਸਭ ਨੇ ਰਹਿੰਦੀ ਨੀਂਦ ਰੱਜ ਕੇ ਮਾਣੀ।

"ਮੀਂਹ ਤਾਂ ਧਰਲ-ਧਰਲ ਪਈ ਜਾਂਦੈ...।" ਮੇਰੀ ਪਤਨੀ ਨਿੰਮੋ ਨੇ ਬਾਥਰੂਮ 'ਚੋਂ ਬੁਰਸ਼ ਕਰਕੇ ਰਸੋਈ ਵੱਲ ਜਾਂਦੀ ਨੇ ਭੈਅ-ਭੀਤ ਜਿਹੇ ਲਹਿਜ਼ੇ 'ਚ ਕਿਹਾ।

ਮੈਂ ਸਵੇਰੇ ਮੂੰਹ-ਹਨੇਰੇ ਧਾਰੋ-ਧਾਰ ਪੈਂਦੇ ਮੋਹਲੇ ਮੀਂਹ 'ਚ ਹੀ ਆਪਣੇ ਖੂਹ 'ਤੇ ਪਸ਼ ਦਾ ਆਹਰ ਕਰਕੇ ਉਹਨੀ ਪੈਰੀਂ ਘਰ ਪਰਤ ਆਇਆ ਸੀ। ਗਿੱਲੇ ਕਪੜੇ ਬਦਲ ਕੇ ਬੈੱਡ 'ਤੇ ਬੈਠ ਸਿਰਹਾਣੇ ਪਈਆਂ ਕਿਤਾਬਾਂ ਅਤੇ ਰਸਾਲੇ ਫੋਲਦਾ ਰਿਹਾ। ਬਾਹਰ ਮੀਂਹ ਪੈਣ ਦੀ ਡਰੌਣੀ ਜਿਹੀ ਅਵਾਜ਼ ਮੈਂ ਅੰਦਰ ਬੈਠਾ ਵੀ ਮਹਿਸੂਸ ਕਰ ਰਿਹਾ ਸਾਂ। ਬੈੱਡ 'ਤੇ ਬੈਠਿਆਂ ਵੀ ਮੀਂਹ ਦੀ ਅਵਾਜ਼ ਨਾਲ ਮਨ ਅੱਚੋਆਈ ਜਿਹੀ ਵਿੱਚ ਕਾਹਲ੍ਹਾ ਪੈ ਰਿਹਾ ਸੀ। ਅਣ-ਸੁਖਾਵਾਂ ਜਿਹਾ ਮਹਿਸੂਸ ਕਰਦਾ ਮੈਂ ਕੁਝ ਦੇਰ ਬਾਅਦ ਪੜ੍ਹ ਰਿਹਾ ਹੱਥਲਾ ਰਸਾਲਾ ਬੰਦ ਕਰਕੇ ਬੈੱਡ ਦੀ ਢੋਅ 'ਤੇ ਰੱਖ ਦਿੱਤਾ ਅਤੇ ਆਪਣੀਆਂ ਚਪਲਾਂ ਪਾ ਕਮਰੇ 'ਚੋ ਬਾਹਰ ਨਿਕਲ ਪਿਆ। ਬਾਹਰਲੇ ਬਾਥਰੂਮ ਵਿੱਚ ਬੁਰਸ਼ ਕਰਦਿਆਂ ਕੋਠੇ ਦੀ ਛੱਤ ਤੋਂ ਪਾਇਪ ਰਾਹੀਂ ਇਕਵਾਰਗੀ ਹੀ ਡਿੱਗਦੇ ਪਾਣੀ ਦੀ ਡਰੌਣੀ ਅਵਾਜ਼ ਨਾਲ ਮੈਂ ਤ੍ਰਬਕ ਗਿਆ। ਪਾਣੀ ਐਂ ਡਿੱਗ ਰਿਹਾ ਸੀ ਜਿਵੇਂ ਛੱਤ ਤੋਂ ਕਿਸੇ ਨੇ ਪਾਣੀ ਦੀ ਪੰਡ ਖੋਲ੍ਹ ਦਿਤੀ ਹੋਵੇ। ਬੁਰਸ਼ ਕਰਕੇ ਮੈਂ ਬਾਹਰਲਾ ਗੇਟ ਖੋਲ੍ਹਿਆ ... ਚਾਨਣ ਹੋ ਚੁੱਕਿਆ ਸੀ। ਇਕ ਠੰਡੀ ਹਵਾ ਦਾ ਬੁਲ੍ਹਾ ਆਇਆ । ਠੰਡੀ ਹਵਾ ਦੇ ਬੁਲ੍ਹੇ ਨਾਲ ਭੱਠੀ ਵਾਂਗ ਤੱਪਦਾ ਮਹੀਨਾ ਚੇਤੇ 'ਚੋਂ ਵਿਸਰ ਗਿਆ ਸੀ। ਗੇਟ ਦੇ ਉਪਰ ਬਣੇ ਵਾਧਰੇ ਹੇਠ ਖੜ੍ਹ ਮੈਂ ਆਸੇ-ਪਾਸੇ ਨਿਗ੍ਹਾ ਮਾਰੀ। ਸੜਕ ਕਿਸੇ ਝੀਲ ਵਾਂਗ ਜਾਪ ਰਹੀ ਸੀ। ਘਰਾਂ ਦੇ ਆਲੇ-ਦੁਆਲੇ ਬਣੀਆਂ ਨਾਲੀਆਂ ਨਜ਼ਰ ਨਹੀਂ ਸੀ ਆ ਰਹੀਆਂ । ਸਾਰੇ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਸੀ। ਪਲ਼ ਦੀ ਪਲ਼ ਮੈਂ ਅਸਮਾਨ ਵੱਲ ਝਾਕਿਆ...ਮੀਂਹ ਦੀਆਂ ਮੋਟੀਆਂ ਮੋਟੀਆਂ ਕਿਣੀਆਂ ਇਕੋ ਅਕਾਰ ਅਤੇ ਇਕੋ ਰਫ਼ਤਾਰ ਨਾਲ ਪਾਣੀ ਨਾਲ ਭਰੀ ਸੜਕ 'ਤੇ ਡਿੱਗ ਕੇ ਇਕ ਹਲਕੀ ਜਿਹੀ ਅਵਾਜ਼ ਪੈਦਾ ਕਰ ਰਹੀਆਂ ਸਨ। ਨੱਕੋ-ਨੱਕ ਪਾਣੀ ਨਾਲ ਭਰੀ ਸੜਕ 'ਤੇ ਸੱਜੇ-ਖੱਬੇ ਮੈਨੂੰ ਕੋਈ ਜੀਅ-ਪਰਿੰਦਾ ਨਜ਼ਰ ਨਾ ਪਿਆ। ਸੜਕ ਸੁੰਨ-ਮਸਾਣ ਲੱਗ ਰਹੀ ਸੀ। ਧਾਰੋ-ਧਾਰ ਲਗਾਤਾਰ ਪੈ ਰਹੇ ਮੀਂਹ ਕਾਰਨ ਸਭ ਲੋਕੀਂ ਆਪੋ-ਆਪਣੇ ਘਰਾਂ ਅੰਦਰੀਂ ਦੁਬਕੇ ਪਏ ਸਨ। ਮੈਂ ਕੁਝ ਚਿਰ ਉਥੇ ਖੜ੍ਹਾ ਜੋ ਨਾਲ ਪੈਂਦੀਆਂ ਕਿਣੀਆਂ ਨੂੰ ਨੀਝ ਨਾਲ ਤੱਕ ਰਿਹਾ ਸੀ। ਬੇਲਗ਼ਾਮ ਹੋਏ ਮੀਂਹ ਦੇ ਪਾਣੀ ਬਾਰੇ ਕਈ ਸੋਚਾਂ ਮੇਰੇ ਜ਼ਿਹਨ ਵਿੱਚ ਆਈਆਂ ਅਤੇ ਵਿਸਰ ਗਈਆਂ। ਮੈਨੂੰ ਆਪਣੇ ਸੱਜੇ ਪਾਸੇ ਵਾਲੀ ਸੜਕ ਤੋਂ ਦੂਰੋਂ ਕੋਈ ਛੱਤਰੀ ਲੈ ਕੇ ਆਉਂਦਾ ਨਜ਼ਰ ਆਇਆ। ਮੈਂ ਉਸ ਵੱਲ ਵੇਖ ਕੇ ਅੰਦਾਜ਼ਾ ਲਾ ਰਿਹਾ ਸੀ ਕਿ ਕੌਣ ਹਉ ਜੋ ਐਨੇ ਮੀਂਹ ਵਿੱਚ ਆ ਰਿਹਾ ਹੈ? ਮੀਂਹ ਪੈ ਰਿਹਾ ਹੋਣ ਕਰਕੇ ਮੈਥੋਂ ਉਹ ਦੂਰੋਂ ਪਛਾਣਿਆਂ ਨਾ ਗਿਆ ਕਿਉਂਕਿ ਛੱਤਰੀ ਥੱਲੇ ਉਸ ਦਾ ਚਿਹਰਾ ਨਜ਼ਰ ਨਹੀਂ ਸੀ ਆ ਰਿਹਾ।

ਜਿਉਂ ਜਿਉਂ ਉਹ ਛੱਤਰੀ ਵਾਲਾ ਬੰਦਾ ਮੇਰੇ ਵੱਲ ਵੱਧ ਰਿਹਾ ਸੀ, ਮੇਰੇ ਮਨ ਵਿੱਚ ਉਸ ਨਾਲ ਮੀਂਹ ਬਾਰੇ ਗੱਲ ਕਰਨ ਅਤੇ ਮੀਂਹ ਪੈਣ ਕਾਰਨ ਆਸੇ-ਪਾਸੇ ਦੀ ਸਥਿਤੀ ਬਾਰੇ ਜਾਨਣ ਦੀ ਇੱਛਾ ਵੀ ਵੱਧ ਰਹੀ ਸੀ। ਜਦ ਉਹ ਮੇਰੇ ਕਾਫੀ ਨਜ਼ਦੀਕ ਆਇਆ ਤਾਂ ਉਹ ਮੇਰੀ ਪਛਾਣ ਵਿੱਚ ਆਇਆ। ਐਨੇ ਨੂੰ ਛੱਤਰੀ ਵਾਲੇ ਨੇ ਛੱਤਰੀ ਥੋੜ੍ਹਾ ਉੱਚੀ ਕਰਕੇ ਮੇਰੇ ਵੱਲ ਵੇਖਦਿਆਂ ਕਿਹਾ।

"ਭਾਜੀ ਸਸ ਸੀ ਕਾਲ...।"

"ਸਸ ਸ੍ਰੀ ਕਾਲ...।ਕੀ ਹਾਲ ਐ ਰੂਪੇ...?" ਰੂਪਾ ਸੜਕ ਦੇ ਵਿਚਕਾਰ ਪਾਣੀ ਵਿੱਚ ਹੀ ਮੇਰੇ ਸਾਹਮਣੇ ਖੜ੍ਹ ਗਿਆ ਸੀ। "ਕਿਧਰੋਂ ਆ ਰਿਹੈ...?" ਮੈਂ ਸਰਸਰੀ ਕਿਹਾ।

"ਭਾਜੀ ਝੋਨੇ ਦੇ ਖੇਤਾਂ ਵੱਲ ਨਿਗਾਹ ਮਾਰਨ ਗਿਆ ਸੀ। ਆਧਰਮੀਆਂ ਵਾਲੇ ਪਾਸੇ ਗੁਰਦੀਪ ਦੇ ਖੇਤਾਂ ਵਿੱਚ ਠੇਕੇ 'ਤੇ ਝੋਨਾ ਲਾਇਆ ਹੋਇਆ। ਮੈਂ ਖਿਆ ਕਿਤੇ ਬੱਟ-ਬੰਨੇ ਈ ਨਾ ਟੁੱਟ ਜਾਣ...। ਮੀਂਹ ਤਾਂ ਰਾਤ ਦਾ ਲਗਾਤਾਰ ਐਂ ਈ ਪਈ ਜਾਂਦਾ ਆ... ।" ਰੂਪੇ ਨੇ ਆਸੇ-ਪਾਸੇ ਰੱਜਵੇਂ ਮੀਂਹ ਦੇ ਬਾਵਰਿਆਂ ਵਾਂਗ ਫਿਰਦੇ ਪਾਣੀ ਵੱਲ ਵੇਖਦਿਆਂ ਕਿਹਾ। ਸੜਕ ਦੇ ਵਿਚਕਾਰ ਖੜ੍ਹੇ ਰੂਪੇ ਦੇ ਗਿੱਟਿਆਂ ਤੋਂ ਵੀ ਉਪਰ ਤੱਕ ਪਾਣੀ ਚੜ੍ਹਿਆ ਹੋਇਆ ਸੀ। ਭਾਂਵੇਂ ਉਹਨੇ ਗੋਡਿਆਂ ਤੱਕ ਪਜ਼ਾਮਾ ਟੰਗਿਆ ਹੋਇਆ ਸੀ। ਫਿਰ ਵੀ ਉਹਦਾ ਪਜਾਮਾ ਮੀਂਹ ਦੇ ਪਾਣੀ ਨਾਲ ਭਿੱਜਿਆ ਪਿਆ ਸੀ।

"ਲਗਦੈ ਅੱਜ ਰੱਬ ਕਰੋਪੇ ਹੋ ਗਿਆ ...।" ਮੈਂ ਵੀ ਮੀਂਹ ਵੱਲ ਵੇਖਦਿਆਂ ਕਿਹਾ।

"ਜੇ ਭਾਜੀ ਘੰਟਾ ਕੁ ਹੋਰ ਨਾ ਹੱਟਿਆ ਤਾਂ ਲਗਦਾ ਖੇਤ ਨੀ ਪਾਣੀ ਝੱਲਦੇ...। ਪਾਣੀ ਨਾਲ ਨੱਕੋ-ਨੱਕ ਭਰੇ ਪਏ ਆ ਖੇਤ ਅਜੇ ਵੀ ਬੱਦਲ ਐਨ ਘੁਲ਼ੇ ਪਏ ਆ...ਹੱਟਣ ਦਾ ਕੋਈ ਲੱਲ ਨੀ ਲਗਦਾ।" ਉਹਦੀ ਛੱਤਰੀ ਤੋਂ ਪਾਣੀ ਦੀਆਂ ਧਾਰਾਂ ਡਿੱਗ ਰਹੀਆਂ ਸਨ।

"ਹੁਣ ਤਾਂ ਬਈ ਮੀਂਹ ਹੱਟ ਜਾਣਾ ਚਾਹੀਦਾ...। ਬਹੁਤ ਹੋ ਗਿਆ ਪਾਣੀ ਆਸੇ-ਪਾਸੇ ਪਾਣੀਓ-ਈ-ਪਾਣੀ ਹੋਇਆ ਪਿਆ ਨਾ ਹੱਟਿਆ ਤਾਂ ਮੁਸ਼ਕਲ ਹੋ ਜਾਊ... ਫੇਅ ਤਾਂ ਹੜ੍ਹ ਵੀ ਆ ਸਕਦੈ। ਮਾਲ-ਡੰਗਰ ਦਾ ਵੀ ਔਖਾ ਬਈ ਐਸ ਹਾਲਤ 'ਚ ਤਾਂ ।" ਮੈਂ ਐਹੋ ਜਿਹੇ ਬਰਸਾਤ ਦੇ ਮੌਸਮ ਵਿੱਚ ਰੋਜ਼ਾਨਾ ਕੰਮਾਂ ਕਾਰਾਂ ਨੂੰ ਕਰਨ ਵਿੱਚ ਆਉਣ ਵਾਲੀ ਮੁਸ਼ਕਲ ਕਰਕੇ ਫਿਕਰਮੰਦ ਸੀ। ਮੀਂਹ ਦੇ ਮੌਸਮ ਵਿੱਚ ਕੰਮ-ਕਾਰ ਕਰਨ ਵਿੱਚ ਆਮ ਦਿਨਾਂ ਨਾਲੋਂ ਵੱਧ ਮੁਸ਼ਕਲ ਆਉਂਦੀ ਹੈ।

"ਭਾਜੀ ਕਿਸੇ ਗੱਲ ਦਾ ਪਤਾ ਲੱਗਾ?" ਰੂਪੇ ਨੇ ਪਲ਼ ਮਗਰੋਂ ਮੈਨੂੰ ਪੁੱਛਿਆ। "ਸਰੂਪੂ ਪੂਰਾ ਹੋ ਗਿਆ ਆਧਰਮੀਆਂ ਦਾ ।"

"ਹੈਂ ਅੱਛਾ ਬਈ ਮੈਨੂੰ ਨੀ ਪਤਾ ਲੱਗਾ।" ਮੈਂ ਮੋਈ ਜਿਹੀ ਸੱਤਿਆ ਨਾਲ ਆਖਦਿਆਂ ਤ੍ਰਬਕ ਗਿਆ ਸੀ। ਮੇਰੀ ਦੇਹ ਵਿੱਚ ਤਾਰ ਜਿਹੀ ਫਿਰ ਗਈ ਤੇ ਮੈਨੂੰ ਘੇਰ ਜਿਹੀ ਆਉਂਦੀ ਮਹਿਸੂਸ ਹੋਈ। "ਬਹੁਤ ਮਾੜਾ ਹੋਇਆ ਉਂ ਬੀਮਾਰ ਸੀ ਕਈ ਦਿਨਾਂ ਤੋਂ ਅਜੇ ਪਰਸੋਂ ਈ ਮੈਂ ਦੇਖ ਕੇ ਆਇਆ ਸੀ ।" ਮੈਂ ਰੂਪੇ ਨੂੰ ਦੱਸਿਆ।

"ਭਾਜੀ ਤੁਹਾਡੇ ਈ ਬਹੁਤਾ ਕੰਮ-ਕਾਰ ਲਈ ਆਉਂਦਾ ਹੁੰਦਾ ਸੀ ਉਹ ਬੰਦਾ ਚੰਗਾ ਸੀ।" ਸਰਸਰੀ ਰੂਪੇ ਨੇ ਤੁਰਦਿਆਂ ਜਿਹਾ ਆਖਿਆ। "ਚੰਗਾ ਭਾਜੀ ਫਲਾਹੀਆਂ ਵਾਲੇ ਖੂਹ 'ਤੇ ਜਾਣਾ ਹੁਣ ਓਦਰ ਵੀ ਖੇਤਾਂ ਨੂੰ ਵੇਖ ਆਵਾਂ।" ਤੇ ਰੂਪਾ ਤੁਰ ਪਿਆ ਸੀ। ਮੈਂ ਉਹਨੂੰ ਚਾਹ ਲਈ ਜੋਰ ਲਾਇਆ ਪਰ ਉਹ ਰੁਕਿਆ ਨਾ ।

ਮੱਲੋਂ-ਮੱਲੀਂ ਮੇਰੇ ਡੁੱਬਦੇ ਚਿੱਤ ਵਿੱਚ ਸਰੂਪ ਰਾਮ ਦੇ ਨਾਲ ਪਰਸੋਂ ਦਾ ਗੁਜ਼ਾਰਿਆਂ ਆਖਰੀ ਵੇਲ਼ੇ ਦਾ ਉਹ ਸੀਨ ਘੁੰਮਣ ਲੱਗ ਪਿਆ। ਜਦੋਂ ਮੈਂ ਨਿੰਮੋ ਨੂੰ ਨਾਲ ਲੈ ਕੇ ਉਹਦੇ ਘਰ ਉਹਦੀ ਬਿਮਾਰ ਦੀ ਖ਼ਬਰ ਲੈਣ ਗਿਆ ਸੀ। ਪਰਸੋਂ ਉਹਨੂੰ ਮੰਜੀ 'ਤੇ ਮਿੱਟੀ ਜਿਹੇ ਬਣੇ ਪਏ ਨੂੰ ਲਿੱਸੀ ਜਿਹੀ ਨਜ਼ਰ ਨਾਲ ਵੇਖ ਕੇ ਮੇਰਾ ਡੁੱਬਦਾ ਚਿੱਤ ਬਹੁਤ ਉਦਾਸ ਹੋ ਗਿਆ ਸੀ। ਉਹ ਇਕ ਕੋਠੜੀ ਜਿਹੀ ਵਿੱਚ ਅੱਧੋਰਾਣੀ ਮੰਜੀ 'ਤੇ ਪਿਆ



ਕੋਈ ਡਰੌਣੀ ਚੀਜ਼ ਮਹਿਸੂਸ ਹੋ ਰਿਹਾ ਸੀ। ਬਹੁਤ ਕਮਜ਼ੋਰ ਲਗ ਰਿਹਾ ਸੀ। ਬੱਸ ਹੱਡੀਆਂ ਦੀ ਮੁੱਠ ਵੜਾਛਾਂ ਲਿਬੜੀਆਂ ਪਈਆਂ ਸਨ। ਅੱਖਾਂ 'ਚ ਝਾਕਦੀ ਗਿੱਦ ਸਿਰ ਦੇ ਵਾਲ਼ ਮੁਨ ਕੇ ਐਨ ਗੰਜਾ ਕੀਤਾ ਹੋਇਆ ਸੀ। ਬੇਖ਼ਬਰ ਸਪਾਲ ਲੰਮੇ ਪਏ ਉਹਨੂੰ ਮੈਂ ਮੋਏ ਜਿਹੇ ਮਨ ਨਾਲ ਉੱਚੀ ਅਵਾਜ਼ ਵਿੱਚ ਬੁਲਾਇਆ ਪਰ ਉਹਨੇ ਮੇਰੀ ਕਿਸੇ ਗੱਲ ਦਾ ਹੁੰਗਾਰਾ ਸਹੀ ਤਰੀਕੇ ਨਾਲ ਨਾ ਦਿੱਤਾ ਜੋ ਉਹ ਬੋਲ ਰਿਹਾ ਸੀ ਮੇਰੀ ਸਮਝ ਵਿੱਚ ਨਾ ਆਇਆ। ਉਂ ਸਾਡਾ ਉਹਦੇ ਕੋਲ ਖੜ੍ਹੇ ਹੋਣ ਕਰਕੇ ਉਹ ਮੈਨੂੰ ਵੇਖ ਕੇ ਲੰਮਾ ਪਿਆ ਉਠ ਕੇ ਬੈਠਦਾ ਹੋ ਗਿਆ। ਉਹਦੀ ਇਹ ਨਿਘਰਦੀ ਹਾਲਤ ਵੇਖ ਕੇ ਮੇਰਾ ਗੱਚ ਜਿਹਾ ਭਰ ਗਿਆ।

"ਭਾਜੀ ਹੁਣ ਚਾਚਾ ਸਿਆਣਦਾ ਨਹੀਂ ਨਾ ਈ ਏਹਦੀ ਗੱਲ ਦੀ ਸਮਝ ਲਗਦੀ ਐ।" ਸਾਡੇ ਕੋਲ ਖੜ੍ਹੀ ਉਸ ਦੀ ਵੱਡੀ ਨੂੰਹ ਸ਼ਿਦੋ ਨੇ ਅਕਹਿ ਪੀੜ ਨਾਲ ਮੈਨੂੰ ਕਿਹਾ। ਸ਼ਿੰਦੋ ਲਗਦੀ ਤਾਂ ਮੇਰੀ ਨੂੰਹ ਹੀ ਸੀ ਪਰ ਉਹ ਮੈਨੂੰ ਭਾਜੀ ਕਿਹਾ ਕਰਦੀ ਸੀ ਕਿਉਂਕਿ ਉਸ ਦਾ ਰਿਸ਼ਤਾ ਮੇਰੀ ਮਾਤਾ ਨੇ ਆਪਣੇ ਪੇਕਿਆਂ ਤੋਂ ਲਿਆਂਦਾ ਸੀ। ਇਸ ਲਈ ਮੈਨੂੰ ਭਰਾ ਸਮਝਦੀ ਸੀ। ਸਰੂਪੂ ਦੇ ਸਾਰੇ ਮੁੰਡੇ ਅਤੇ ਨੂੰਹਾਂ ਉਹਨੂੰ ਚਾਚਾ ਹੀ ਕਿਹਾ ਕਰਦੇ ਸਨ।

ਜਿਥੇ ਸਰੂਪੂ ਦੀ ਮੰਜੀ ਡਿੱਠੀ ਹੋਈ ਸੀ। ਉਸ ਦੇ ਆਲ਼ੇ-ਦੁਆਲ਼ੇ ਕਾਫੀ ਕੂੜਾ-ਕਰਕਟ ਅਤੇ ਗੰਦਗੀ ਪਈ ਹੋਈ ਸੀ। ਸਿਰਫ਼ ਮੰਜੀ ਜਿੰਨੀ ਜਗਾਹ ਹੀ ਖ਼ਾਲੀ ਸੀ। ਉਹਦੇ ਗਲ਼ ਪਾਏ ਹੋਏ ਕਪੜੇ ਵੀ ਗੰਦੇ ਲੱਗ ਰਹੇ ਸਨ। ਤਿੱਲ-ਤਿੱਲ ਉਹਦੀ ਮੁੱਕ ਰਹੀ ਜਿੰਦ ਵੇਖ ਕੇ ਮੈਂ ਅੰਤਾਂ ਦਾ ਉਦਾਸ ਹੋ ਗਿਆ। ਮੈਂ ਪਲ ਦੋ ਪਲ ਉਥੇ ਹੁੰਮਸ ਅਤੇ ਬਦਬੂ ਵਾਲੇ ਸਥਾਨ 'ਤੇ ਖੜ੍ਹਨ ਤੋਂ ਬਾਅਦ ਉਦਾਸ ਤੇ ਢਿਲਕਵੀਂ ਤੋਰੇ ਬਾਹਰ ਵਿਹੜੇ ਵਿੱਚ ਆਣ ਖੜ੍ਹਿਆ ਉਹਦੇ ਘਰ ਵਾਲੀ ਜੀਤੋ ਬੁਝੀ ਜਿਹੀ ਮੇਰੇ ਕੋਲ ਖੜ੍ਹੀ ਸੀ। ਮੈਂ ਸੋਚ ਰਿਹਾ ਸੀ ਕਿ ਸਫਾਈ ਪਸੰਦ ਤੇ ਸਾਫ ਸੁਥਰਾ ਰਹਿਣ ਵਾਲਾ ਬੰਦਾ ਕਿਵੇਂ ਕੂੜੇ 'ਚ ਕੂੜਾ ਹੋਇਆ ਪਿਆ। ਰਸਮੀਂ ਜਿਹੀਆਂ ਇਕਾ-ਦੁਕਾ ਹੋਰ ਗੱਲਾਂ ਬਾਤਾਂ ਤੋਂ ਬਾਅਦ ਅਸੀਂ ਭਰੇ ਮਨ ਨਾਲ ਮੋਏ ਜਿਹੇ ਪੈਰੀਂ ਘਰ ਵਾਪਸ ਆ ਗਏ। ਮੈਨੂੰ ਸਰੂਪ ਦੀ ਹਾਲਤ ਇਸ ਤਰ੍ਹਾਂ ਮਹਿਸੂਸ ਹੋ ਰਹੀ ਸੀ ਜਿਵੇਂ ਘਰ ਦੀ ਕਿਸੇ ਚੀਜ਼ ਨੂੰ ਵਾਧੂ ਸਮਝ ਕੇ ਘਰ ਦੇ ਕਿਸੇ ਖੱਲ ਖੂੰਝੇ ਸੁੱਟ ਦਿਤਾ ਜਾਂਦਾ ਹੈ, ਛੇਕੜਲੀ ਉਮਰੇ ਮੈਨੂੰ ਉਹ ਇਸੇ ਤਰ੍ਹਾਂ ਹੀ ਲੱਗ ਰਿਹਾ ਸੀ, ਜਿਵੇਂ ਉਹ ਰੁਲ ਰਿਹਾ ਹੋਵੇ ਤੇ ਕਿਸੇ ਵਾਧੂ ਚੀਜ਼ ਵਾਂਗ ਇਸ ਕੋਠੜੀ ਵਿੱਚ ਪਿਆ ਹੋਵੇ। ਮਰਨ ਤੋਂ ਪਹਿਲਾਂ ਹੀ ਮੈਨੂੰ ਉਹ ਮਰ ਗਿਆ ਲਗਦਾ ਸੀ। ਮੇਰੀ ਦੇਹ ਟੁੱਟਦੀ ਜਿਹੀ ਹੋ ਗਈ।

"ਜੀ ਆ ਜਾਓ ਹੁਣ ਚਾਹ ਤਾਂ ਪਾਣੀ ਬਣ ਗਈ ਐ। ਕਦਾਂ ਦੀ ਪਾ ਕੇ ਰੱਖੀ ਹੋਈ ਐ।" ਨਿੰਮੋ ਨੇ ਅੰਦਰੋਂ ਹੀ ਵਾਜ਼ ਮਾਰੀ। ਮੈਂ ਆਪਣੀਆਂ ਪੀੜ੍ਹਤ ਸੋਚਾਂ ਚੋਂ ਪਰਤ ਆਇਆ ਤੇ ਗੇਟ ਬੰਦ ਕਰਕੇ ਅੰਦਰ ਆ ਗਿਆ।

"ਭਾਈਏ ਦਾ ਤਾਂ ਬੜਾ ਮਾੜਾ ਹੋਇਆ।" ਨਿੰਮੋ ਨੇ ਮੇਰੀਆਂ ਤੇ ਰੂਪੇ ਦੀਆਂ ਗੱਲਾਂ ਸੁਣ ਲਈਆਂ ਸਨ। ਉਸ ਕਿਸੇ ਸੰਤੋਸ਼ ਜਿਹੇ ਵਿੱਚ ਫਿਰ ਕਿਹਾ ।"ਚੱਲ ਇਕ ਗੱਲੋਂ ਤਾਂ ਜੀ ਚੰਗਾ ਹੋਇਆ ਰੱਬ ਨੇ ਪੜ੍ਹਦਾ ਦੇ ਦਿਤਾ ਹੁਣ ਉਹਦੀ ਕੋਈ ਸੀ ਰੁਲ ਰਿਹਾ ਸੀ ਵਿਚਾਰਾਓਦਣ ਦੇਖਿਆ ਸੀ ਗਲ਼ ਦੇ ਪਾਏ ਕਪੜੇ ਕਿੰਨੇ ਨੱਤੜ ਸਨ ਤੇ ਉਹਦੇ ਥੱਲੇ ਜਿਹੜੀ ਦਰੀ ਵਿੱਛੀ ਹੋਈ ਸੀ ਮੈਲ ਦੀ ਮੁੱਠ ਤੇ ਉਥੇ ਕਿੰਨੀ ਗਰਮੀ ਤੇ ਹੁੰਮਸ ਸੀ ਨਾ ਉੱਥੇ ਕੋਈ ਪੱਖਾ ਨਾ ਕੁਝ ਹੋਰ ਚੰਗਾ ਹੋਇਆ ਏਸ ਨਰਕ ਭਰੀ ਜਿੰਦਗੀ ਤੋਂ ਪਿੱਛਾ ਛੁਟਾ।" ਨਿੰਮੋ ਪੀੜ੍ਹਤ ਹਉਕਾ ਲੈਂਦੀਂ ਸ਼ਾਂਤ ਹੋ ਗਈ। ਮੈਨੂੰ ਵੀ ਉਹਦੀ ਨਰਕ ਜਿਹੀ ਜ਼ਿੰਦਗੀ ਵੇਖ ਕੇ ਨਿੰਮੋ ਦੀਆਂ ਇਹ ਗੱਲਾਂ ਚੰਗੀਆਂ ਲੱਗੀਆਂ। ਸ਼ਾਇਦ ਉਹ ਠੀਕ ਹੀ ਆਖ ਰਹੀ ਸੀ ।"ਬੰਦਾ ਰੁਲੇ ਨਾ ਬੱਸ ਸਾਹ ਮੁਕਣ 'ਤੇ ਆਉਣ ਤਾਂ ਤੁਰਦਾ ਫਿਰਦਾ ਈ ਚਲੇ ਜਾਵੇ।" ਆਖਦਿਆਂ ਮੈ ਚਾਹ ਦਾ ਗਲਾਸ ਚੁਕਦਿਆਂ ਫਿਰ ਕਿਹਾ। "ਮੀਂਹ ਤਾਂ ਅੱਜ ਹੱਟਣ ਦਾ ਨਾਂਅ ਨੀ ਲੈ ਰਿਹਾ।" ਮੈਂ ਗੱਲ ਨੂੰ ਬਦਲਦਿਆਂ ਕਿਹਾ।

"ਜੀ ਮੇਰੀ ਗੱਲ ਸੁਣੋ ਜੇ ਮੀਂਹ ਐਂ ਈ ਪੈਂਦਾ ਰਿਹਾ ਫੇਰ ਸੰਸਕਾਰ ਕਿਵੇਂ ਹਊ?" ਨਿੰਮੋ ਨੇ ਚਿੰਤਾ ਜਿਹੀ ਵਿੱਚ ਕਿਹਾ ਤਾਂ ਮੈਂ ਇਕਦਮ ਠਠੰਬਰ ਜਿਹਾ ਗਿਆ। ਬਾਹਰ ਲਗਾਤਾਰ ਪੈਂਦੇ ਮੀਂਹ ਕਰਕੇ ਗੰਭੀਰ ਬਣੀ ਹਾਲਤ ਦਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਇਕ ਚਮਕਾਰੇ ਵਾਂਗ ਲੰਘ ਗਿਆ। ਮੇਰੇ ਜ਼ਿਹਨ ਵਿੱਚ ਸੰਸਕਾਰ ਦੀ ਚਿੰਤਾਂ ਨੇ ਘੋਰੂ ਪਾਉਣਾ ਸ਼ੁਰੂ ਕਰ ਦਿਤਾ ।"ਗੱਲ ਤਾਂ ਤੇਰੀ ਨਿੰਮੋ ਫਿਕਰ ਵਾਲੀ ਐ। ਸਾਰੇ ਪਾਸੇ ਤਾਂ ਪਾਣੀ ਪਾਣੀ ਹੋਇਆ ਪਿਐ।" ਚਾਹ ਦੀਆਂ ਚੁਸਕੀਆਂ ਦਾ ਸੁਆਦ ਬੜੇ ਭਾਈ ਦੇ ਸੰਸਕਾਰ ਦੀ ਸੂਲੀ ਲਟਕੀ ਚਿੰਤਾ ਵਿੱਚ ਫਿੱਕਾ-ਫਿੱਕਾ ਹੋ ਗਿਆ।

"ਹੁਣ ਆਪਾਂ ਇਕ ਵਾਰੀ ਬੜੇ ਭਾਈ ਦੇ ਘਰ ਹੋ ਆਈਏ? ਸ਼ੈਦ ਕਿਸੇ ਕੰਮ-ਕਾਰ ਲਈ ਆਪਣੀ ਜਾਂ ਹੋਰ ਕਿਸੇ ਚੀਜ਼ ਦੀ ਉਹਨਾਂ ਨੂੰ ਲੋੜ ਹੋਵੇ। ਨਾਲੇ ਸੰਸਕਾਰ ਬਾਰੇ ਪੁੱਛ ਲਾਂ ਗੇ।" ਮੈਂ ਮੋਏ ਜਿਹੇ ਤਰਾਣ ਨਾਲ ਨਿੰਮੋ ਨਾਲ ਗੱਲ ਕੀਤੀ । ਕਿਉਂਕਿ ਬਹੁਤ ਪਹਿਲਾਂ ਤੋਂ ਹੀ ਸਰੂਪੂ ਦਾ ਸਾਡੇ ਘਰ ਨਾਲ ਨਾਤਾ ਜੁੜਿਆ ਹੋਇਆ ਸੀ। ਉਹਨਾ ਦੇ ਹਰ ਦੁੱਖ-ਸੁੱਖ ਵਿੱਚ ਅਸੀਂ ਸਭ ਤੋਂ ਪਹਿਲਾਂ ਉਹਨਾਂ ਦੇ ਮਦਦਗਾਰ ਬਣੇ ਸਾਂ। ਇਸ ਲਈ ਮੈਂ ਭਾਰੀ ਮੀਂਹ ਪੈ ਰਿਹਾ ਹੋਣ ਕਰਕੇ ਉਹਦੇ ਸੰਸਕਾਰ ਕਰਨ ਦਾ ਫਿਕਰ ਕਰ ਰਿਹਾ ਸਾਂ।

ਇਕ ਉਮਰ ਪਹਿਲਾਂ ਬੀਤ ਗਿਆ ਸਾਰਾ ਕੁਝ ਮੈਨੂੰ ਕਲ ਵਾਂਗ ਜਾਪਣ ਲੱਗਾ। ਸਰੂਪੂ ਨੂੰ ਮੈਂ ਹਮੇਸ਼ਾ 'ਬੜੇ ਭਾਈ ਹੀ ਆਖਿਆ ਕਰਦਾ ਸੀ ਤੇ ਉਹ ਮੈਨੂੰ 'ਛੋਟੇ ਭਾਈ' ਹੀ ਕਿਹਾ ਕਰਦਾ ਸੀ। ਅਸੀਂ ਛੋਟੇ-ਛੋਟੇ ਸਾਂ ਜਦੋਂ ਦਾ ਬੜੇ ਭਾਈ ਮੇਰੇ ਪਿਤਾ ਜੀ ਨਾਲ ਖੇਤਾਂ ਦਾ ਕੰਮ ਕਰਾਇਆ ਕਰਦਾ ਸੀ। ਦਿਹਾੜੀ-ਦੱਪੇ ਲਈ ਵੀ ਉਹ ਹੀ ਆਪਣੇ ਨਾਲ ਬਰਾਦਰੀ ਦੇ ਹੋਰ ਬੰਦੇ ਲੈ ਕੇ ਸਾਡੇ ਖੇਤਾਂ ਵਿੱਚ ਕੰਮ ਕਰਵਾਇਆ ਕਰਦਾ ਸੀ। ਕਣਕ ਹਮੇਸ਼ਾ ਬੜੇ ਭਾਈ ਹੀ ਪਰਿਵਾਰ ਨੂੰ ਨਾਲ ਲੈ ਕੇ ਵੱਢਿਆ ਕਰਦਾ ਸੀ। ਕਣਕ ਉਹ ਬਹੁਤ ਸੁਥਰੇ ਢੰਗ ਨਾਲ ਵੱਢਿਆ ਕਰਦਾ ਸੀ। ਜਾਹ ਮਜਾਲ ਕਿ ਕਣਕ ਦਾ ਇਕ ਵੀ ਛਿੱਟਾ ਖੇਤ 'ਚ ਪਿਆ ਰਹਿ ਜਾਏ। ਸਰਦੀਆਂ ਵਿੱਚ ਗੁੜ ਬਣਾਉਣ ਸਮੇਂ ਵੀ ਚੁੱਭਾ ਓਹੀ ਝੋਕਦਾ। ਗੁੜ ਬਨਾਉਣ ਸਮੇਂ ਉਹ ਪਹਿਲਾਂ ਹੀ ਸਾਨੂੰ ਆਖ ਦਿੰਦਾ ਕਿ 'ਛੋਟੇ ਭਾਈ ਜਿਨੇ ਪੱਤ ਕੱਢਣੀ ਆ ਉਹ ਨੱਕ 'ਚ ਉਂਗਲੀ ਨਾ ਪਾਵੇ ਨਾ ਈ ਨਲ੍ਹਾਂ 'ਤੇ ਖਾਜ ਕਰੇ ਛੋਟੇ ਭਾਈ ਚੰਗਾ ਨੀ ਲੱਗਦਾ ਇਹ ਗੰਦਾ ਕੰਮ ਐਂ ਗੁੜ ਆਪਾਂ ਖਾਣਾ ਸਫਾਈ ਵੀ ਆਪਾਂ ਨੂੰ ਈ ਰੱਖਣੀ ਚਾਹੀਦੀ ਆ। ਉਹ ਚੰਗੀ ਤਰ੍ਹਾਂ ਸਫਾਈ ਰੱਖਣ ਲਈ ਸਾਨੂੰ ਤਾਗੀਦ ਕਰ ਦਿੰਦਾ। ਉਸ ਦੀਆਂ ਇਹ ਗੱਲਾਂ ਮੈਂ ਅੱਜ ਵੀ ਲੜ ਬੰਨੀਆਂ ਹੋਈਆਂ ਆਂ। ਚੁੱਭੇ ਵਿੱਚ ਖੋਰੀ ਪਾਉਂਦਿਆਂ ਜਿਹੜੀ ਵੀ ਖੋਰੀ ਵਿਚ ਨਿੱਕੀ ਕੋਈ ਗੰਨੇ ਦੀ ਟੋਟੀ ਆ ਜਾਂਦੀ ਉਸ ਤੋਂ ਬੜੇ ਭਾਈ ਖੋਰੀ ਲਾਹ ਕੇ ਇਕ ਪਾਸੇ ਰੱਖੀ ਜਾਂਦਾ ਤੇ ਸ਼ਾਮ ਨੂੰ ਕੰਮ ਮੁਕਣ ਸਮੇਂ ਉਹ ਬੜੇ ਸੁਥਰੇ ਢੰਗ ਨਾਲ ਸਾਰੀਆਂ ਟੋਟੀਆਂ ਦੀ ਭਰੀ ਬੰਨ੍ਹ ਕੇ ਘਰ ਬਾਲਣ ਵਾਸਤੇ ਲੈ ਜਾਂਦਾ। ਚੁੱਭੇ ਦੇ ਮੂੰਹ ਮੁਹਰੇ ਅਤੇ ਆਸੇ-ਪਾਸੇ ਵਾਲੀ ਸਾਰੀ ਥਾਂ ਉਹ ਖੁਸਰੇ ਦੀ ਅੱਡੀ ਵਾਂਗ ਚਮਕਾਈ ਰੱਖਦਾ। ਆਪਣੇ ਆਪ ਦੀ ਵੀ ਕੰਮ ਕਰਦਿਆਂ ਉਹ ਹਮੇਸ਼ਾ ਸਫਾਈ ਰੱਖਦਾ।

"ਜੀ ਚੱਲੀਏ ਫੇਅ?" ਬੜੇ ਭਾਈ ਨਾਲ ਸਾਂਝੇ ਪਲਾਂ ਦੀਆਂ ਡੂੰਘੀਆਂ ਯਾਦਾਂ ਅਤੇ ਸੋਚਾਂ ਵਿੱਚ ਡੁੱਬੇ ਨੂੰ ਮੈਨੂੰ ਨਿੰਮੋ ਨੇ ਹਲੂਣਦਿਆਂ ਕਿਹਾ। "ਕਿਹੜੀਆਂ ਸੋਚਾਂ 'ਚ ਡੁੱਬ ਗਏ ਓ?"

"ਹਾਂਅਹਾਂ ਮੈਂ ਬੜੇ ਭਾਈ ਬਾਰੇ ਸੋਚ ਰਿਹਾ ਸੀ।" ਢੇਰ ਸਮਾਂ ਪਹਿਲਾਂ ਕਬਰ ਹੋ ਗਈਆਂ ਸੋਚਾਂ ਚੋਂ ਨਿਕਲਦਿਆਂ ਮੈਂ ਨਿੰਮੋ ਨੂੰ ਕਿਹਾ। "ਬੰਦਾ ਵਧੀਆ ਸੀ ਇਮਾਨਦਾਰ ਸੀ ਮਿਹਨਤੀ ਸੀ ਕਿਰਤੀ ਸੀ ਸਫਾਈ ਪਸੰਦ ਸੀ ਉਹਨਾਂ ਦੀ ਸਾਰੀ ਬਰਾਦਰੀ 'ਚੋਂ ਮੈਨੂੰ ਏਦਾਂ ਦਾ ਕੋਈ ਬੰਦਾ ਨਜ਼ਰ ਨੀ ਆ ਰਿਹੈ ਮੈਂ ਤਾਂ ਆਪਣੇ ਬਚਪਨ ਤੋਂ ਈਂ ਉਹਨੂੰ ਜਾਣਦਾ ਆਂ।" ਮੇਰੇ ਮਨ ਵਿੱਚ ਸਾਹਵੀਂ ਜਿਹੀ ਉਦਾਸੀ ਛਾਈ ਹੋਈ ਸੀ।

ਬੜੇ ਭਾਈ ਦੇ ਘਰ ਜਾਣ ਲਈ ਮੈਂ ਮੀਂਹ ਤੋਂ ਬੱਚਣ ਲਈ ਬਰਸਾਤੀ ਪਾ ਲਈ ਅਤੇ ਨਿੰਮੋ ਨੇ ਛੱਤਰੀ



ਲੈ ਲਈ ਸੀ। ਪਾਏ ਹੋਏ ਕਪੜੇ ਵੀ ਅਸੀਂ ਭਿੱਜਣ ਤੋਂ ਸੂਤ ਜਿਹੇ ਕਰ ਲਏ।

"ਹੈ ਹਾਅ ਆਹ ਤਾਂ ਪਾਣੀਓ ਪਾਣੀ ਹੋਇਆ ਪਿਐ। ਮੀਂਹ ਵਾਲਾ ਤਾਂ ਲਗਦੈ ਕੜ ਈ ਟੁੱਟ ਗਿਐ ਅੱਜ।" ਗੇਟ 'ਤੇ ਖੜ੍ਹੀ ਨਿੰਮੋ ਨੇ ਛੱਪੜ ਵਾਂਗ ਭਰੀ ਸੜਕ ਵੱਲ ਵੇਖਦਿਆਂ ਚੀਕਣ ਵਾਂਗ ਕਿਹਾ। ਉਸ ਮਲਕੜੇ ਜਿਹੇ ਡਰਦੀ-ਡਰਦੀ ਨੇ ਤਲਾਅ ਬਣੀ ਸੜਕ 'ਚ ਪੈਰ ਧਰਦਿਆਂ ਫਿਰ ਕਿਹਾ। "ਮੈਨੂੰ ਤਾਂ ਹਟਕੋਰੇ ਆਉਣ ਡਹੇ ਆ।"

"ਅੱਧੀ ਰਾਤ ਦਾ ਐਂ ਈ ਪੈ ਰਿਹੈ। ਤੂੰ ਮੇਰੇ ਮਗਰ ਮਗਰ ਈ ਤੁਰੀ ਆ।" ਮੈਂ ਉਹਨੂੰ ਇਸ਼ਾਰਾ ਕਰਦਿਆਂ ਕਿਹਾ। ਛੱਤਰੀ ਅਤੇ ਬਰਸਾਤੀ 'ਤੇ ਪੈ ਰਹੀਆਂ ਮੀਂਹ ਦੀਆਂ ਮੋਟੀਆਂ ਮੋਟੀਆਂ ਕਣੀਆਂ ਦੀ ਅਵਾਜ਼ ਨਾਲ ਸਾਨੂੰ ਇਕ ਦੂਸਰੇ ਦੀ ਗੱਲ ਸਾਫ਼ ਸੁਣਾਈ ਨਹੀਂ ਸੀ ਦੇ ਰਹੀ। ਸੜਕ ਦੇ ਨਾਲ ਲੱਗਦੇ ਖੇਤਾਂ ਵੱਲ ਨਿਗ੍ਹਾ ਮਾਰੀ ਤਾਂ ਆਲੇ-ਦੁਆਲੇ ਦੇ ਸਾਰੇ ਖੇਤ ਤਾਲੋ-ਤਾਲ ਹੋਏ ਪਏ ਸਨ। ਸਾਡੇ ਲਾਗਿਓਂ ਦੀ ਇਕ ਕਾਰ ਲੰਘੀ ਤੇ ਪਾਣੀ ਦੀਆਂ ਕਾਫੀ ਛਿੱਟਾਂ ਸਾਡੇ ਕਪੜਿਆਂ 'ਤੇ ਪੈ ਗਈਆਂ। ਕਾਰ ਦਾ ਡਰਾਇਵਰ ਪਾਣੀ ਵਿੱਚ ਵੀ ਕਾਫੀ ਤੇਜ਼ ਰਫ਼ਤਾਰ ਵਿੱਚ ਕਾਰ ਚਲਾਅ ਰਿਹਾ ਸੀ। ਮੈਨੂੰ ਉਸ 'ਤੇ ਗੁੱਸਾ ਵੀ ਆਇਆ ਪਰ ਉਹ ਜਾ ਚੁੱਕਿਆ ਸੀ। ਬੜੇ ਭਾਈ ਦੇ ਘਰ ਪਹੁੰਚ ਕੇ ਵਿਹੜੇ ਵਿੱਚ ਨਿਗਾਹ ਮਾਰੀ ਤਾਂ ਵਿਹੜਾ ਪਾਣੀ ਨਾਲ ਭਰਿਆ ਪਿਆ ਸੀ। ਅਸੀਂ ਵਿਹੜੇ ਵਿੱਚ ਪੈਰ ਧਰਿਆ ਹੀ ਸੀ ਕਿ ਬੜੇ ਭਾਈ ਦੀ ਘਰਵਾਲੀ ਜੀਤੋ ਨੇ ਸਾਡੇ ਵੱਲ ਵੇਖ ਕੇ ਡੁਸਕਣਾ ਸ਼ੁਰੂ ਕਰ ਦਿਤਾ ਸੀ। ਵਿਹੜੇ ਵਿੱਚ ਬੜੀ ਸੰਘਣੀ ਮਾਤਮੀ ਚੁੱਪ ਕਿਸੇ ਜਾਲ ਵਾਂਗ ਤਣੀ ਪਈ ਸੀ। ਜੋ ਹਟਕੋਰੇ ਅਤੇ ਸਿਸਕੀਆਂ ਵਾਲਾ ਵੈਰਾਗ਼ ਮਈ ਮਾਹੌਲ ਸਿਰਜ ਰਹੀ ਸੀ। ਅਸੀਂ ਕੰਧ ਦੇ ਨਾਲ-ਨਾਲ ਆਹਿਸਤਾ ਆਹਿਸਤਾ ਬੋਚ-ਬੋਚ ਪੈਰ ਧਰਦੇ ਅਗਾਂਹ ਵਰਾਂਡੇ ਤੱਕ ਪਹੁੰਚ ਗਏ । ਬੜੇ ਭਾਈ ਦੀ ਦੇਹ ਵਰਾਂਡੇ ਵਿੱਚ ਮੰਜੇ 'ਤੇ ਪਾਈ ਹੋਈ ਸੀ।

"ਤੇਰਾ ਵੱਡਾ ਭਰਾ ਚਲੇ ਗਿਆ ।" ਭਰਜਾਈ ਨੇ ਹੂਕ ਵਰਗਾ ਇਕ ਹਾਉਕਾ ਲੈ ਅੱਖਾਂ ਭਰ ਲਈਆਂ। "ਮੈਨੂੰ 'ਕੱਲੀ ਨੂੰ ਰੁਲਣ ਲਈ ਛੱਡ ਗਿਆ।" ਡੁਸਕਦਿਆਂ ਉਸ ਦੀ ਹਿਚਕੀ ਜਿਹੀ ਬੱਝ ਗਈ ਸੀ। ਬਰਸਾਤੀ ਖੋਲ੍ਹ ਇਕ ਪਾਸੇ ਟੰਗਦਿਆਂ ਤੱਕ ਮੈਂ ਵੀ ਗ਼ਮਗ਼ੀਨ ਜਿਹਾ ਹੋ ਗਿਆ ਸੀ। ਫਿਰ ਮੈਂ ਚੁਪ-ਚਾਪ ਬੜ੍ਹੇ ਭਾਈ ਦੇ ਮੂੰਹ ਤੋਂ ਚਾਦਰ ਚੁੱਕ ਕੇ ਉਸ ਦਾ ਚਿਹਰਾ ਤੱਕਿਆ ਤੇ ਮੁੜ ਚਾਦਰ ਨਾਲ ਮੂੰਹ ਢੱਕ ਕੇ ਚੁਪ-ਚਾਪ ਸਿਸਕੀਆਂ ਭਰਦੀ ਭਰਜਾਈ ਦੇ ਕੋਲ ਬੈਠ ਗਿਆ। ਉਹਨੇ ਆਪਣਾ ਇਕ ਹੱਥ ਬੜੇ ਭਾਈ ਦੇ ਸਿਰਹਾਣੇ ਮੰਜੇ 'ਤੇ ਰੱਖਿਆ ਹੋਇਆ ਸੀ। ਮੈਂ ਭਰਜਾਈ ਨੂੰ ਹੌਂਸਲਾ ਦੇਣ ਲਈ ਉਹਦੇ ਮੋਢੇ 'ਤੇ ਹੱਥ ਰੱਖਦਿਆਂ ਲੰਮਾ ਜਿਹਾ ਹਾਉਕਾ ਲਿਆ। ਉਸ ਦੇ ਧਾਰੋ-ਧਾਰ ਹੰਝੂ ਡੁੱਲ ਪਏ। ਮੈਨੂੰ ਯਾਦ ਆਇਆ ਜਦੋਂ ਬੜੇ ਭਾਈ ਕਦੇ ਕਦੇ ਮੇਰੇ ਘਰ ਆਇਆ ਕਰਦਾ ਸੀ ਤਾਂ ਨਿੰਮੋ ਉਸ ਨੂੰ ਚਾਹ ਨਾਲ ਕੋਈ ਨਾ ਕੋਈ ਚੀਜ਼ ਖਾਣ ਲਈ ਜ਼ਰੂਰ ਦਿੰਦੀ ਤਾਂ ਬੜੇ ਭਾਈ ਅੱਧੀ ਚੀਜ਼ ਖਾ ਕੇ ਬਾਕੀ ਬਚਦੀ ਅੱਧੀ ਚੀਜ਼ ਨੂੰ ਉਹ ਖੀਸੇ ਵਿਚੋਂ ਇਕ ਲਿਫ਼ਾਫ਼ਾ ਕੱਢ ਕੇ ਉਸ ਵਿੱਚ ਪਾ ਲੈਂਦਾ ਤੇ ਹਸਦਾ ਹੋਇਆ ਸਾਨੂੰ ਸੰਬੋਧਨ ਹੋ ਕੇ ਕਹਿੰਦਾ। "ਵੀਰਾ ਇਹ ਤੇਰੀ ਭਰਜਾਈ ਲਈ ਲੈ ਜਾਊਂਗਾ ਉਹ ਵੀ ਖਾ ਲਊ ਵਿਚਾਰੀ।" ਉਹਦੀ ਇਹ ਗੱਲ ਸੁਣ ਕੇ ਸਾਡੇ ਲਾਗੇ ਹੀ ਬੈਠੀ ਨਿੰਮੋ ਬਹੁਤ ਹੱਸਦੀ ਤੇ ਫਿਰ ਮੈਨੂੰ ਕਹਿੰਦੀ, "ਦੇਖ ਲਓ ਜੀ ਕਿੰਨਾ ਤੇਹ ਐ ਭਾਈਏ ਨੂੰ ਮੇਰੀ ਜਠਾਣੀ ਨਾਲ।" ਨਿੰਮੋ ਫਿਰ ਕਹਿੰਦੀ "ਭਾਈਆਂ ਤੂੰ ਇਹ ਖਾ ਲੈ ਮੈਂ ਆਪਣੀ ਜਠਾਣੀ ਲਈ ਹੋਰ ਪਾ ਦਿੰਦੀ ਆ।"

"ਕੋਈ ਨਾ ਕੁੜੀਏ ਬਹੁਤ ਐ ਏਹੀ।" ਉਹ ਸ਼ਰਮੋਂਦਾ ਜਿਹਾ ਹੱਸਦਾ ਆਖਦਾ। ਉਹ ਕਿਸੇ ਗੱਲ ਦਾ ਲਾਲਚ ਨਹੀਂ ਸੀ ਕਰਦਾ। ਨਿੰਮੋ ਸਾਡੇ ਕੋਲੋਂ ਉੱਠ ਕੇ ਰਸੋਈ ਵਿੱਚੋਂ ਕਿਸੇ ਹੋਰ ਲਿਫ਼ਾਫ਼ੇ ਵਿਚ ਚੀਜ਼ ਪਾ ਕੇ ਬੜੇ ਭਾਈ ਨੂੰ ਦੇ ਦਿੰਦੀ।

ਜਦੋਂ ਕਦੇ ਵੀ ਉਹ ਮੇਰੇ ਘਰ ਆਉਂਦਾ ਤਾਂ ਮੈਂ ਉਸ ਨੂੰ ਸੌ-ਪੰਜਾਹ ਰੁਪਏ ਦੇ ਦਿੰਦਾ। ਮੈਥੋਂ ਰੁਪਏ ਫੜ੍ਹਦਿਆਂ ਕੋਈ ਖੁਸ਼ੀ ਜਿਵੇਂ ਹਨੇਰੀ ਵਾਂਗ ਉਹਦੇ ਅੰਗ ਅੰਗ ਝੁਲ ਜਾਂਦੀ। ਉਹ ਆਪਣੀਆਂ ਵੜਾਛਾਂ ਫੈਲਾਅ ਕੇ ਖੁਸ਼ ਹੋ ਜਾਂਦਾ ਉਸ ਤੋਂ ਇਹ ਖੁਸ਼ੀ ਸਾਂਭੀ ਨਾ ਜਾਂਦੀ । ਫਿਰ ਉਹ ਮੇਰੇ ਬੱਚਿਆਂ ਨੂੰ ਅਸੀਸਾਂ ਦੇ ਢੇਰ ਲਾ ਦਿੰਦਾ।

"ਸੱਚੀਂ ਭੈਣ ਜੀ ਤੂੰ ਕੱਲੀ ਰਹਿ ਗਈ ਏ ਭਾਂਵੇਂ ਸਾਰੇ ਨਿਆਣੇ ਘਰ ਈ ਆ ਪਰ ਆਪਣੇ ਸਾਥੀ ਨਾਲ ਤਾਂ ਬੇਪ੍ਰਵਾਹੀਆਂ ਈ ਹੁੰਦੀਆਂ ਆਪਣਾ ਸਾਥੀ ਹੋਵੇ ਤੀਮੀਂ ਕਿਸੇ ਦੀ ਪ੍ਰਵਾਹ ਨੀ ਕਰਦੀ।" ਨਿੰਮੋ ਵੀ ਵੈਰਾਗ ਵਿੱਚ ਆ ਗਈ ਸੀ। ਉਸ ਅੱਖਾਂ ਪੂੰਝਦਿਆਂ ਕਿਹਾ।

ਬੜੇ ਭਾਈ ਦੀ ਔਲਾਦ ਬਹੁਤੀ ਚੰਗੀ ਨਹੀਂ ਸੀ ਨਿਕਲੀ। ਵੱਡਾ ਮੁੰਡਾ ਸ਼ਿੰਦੋ ਦੇ ਘਰ ਵਾਲਾ ਵਿਹਲਾ ਰਹਿੰਦਾ ਤੇ ਜਿੰਨਾ ਕੰਮ ਕਰਦਾ ਸ਼ਰਾਬ ਪੀ ਲੈਂਦਾ ਅਤੇ ਸ਼ਰਾਬੀ ਹਾਲਤ ਵਿੱਚ ਕਾਫੀ ਸਮਾਂ ਪਹਿਲਾਂ ਇਕ ਸੜਕ ਹਾਦਸੇ ਦਾ ਸ਼ਿਕਾਰ ਹੋ ਕੇ ਇਸ ਦੁਨੀਆਂ ਤੋਂ ਤੁਰ ਗਿਆ ਸੀ। ਵਿਚਕਾਰਲਾ ਮੁੰਡਾ ਇੱਟਾਂ ਦੇ ਭੱਠੇ 'ਤੇ ਕੰਮ ਕਰਦਾ ਸੀ ਉਥੇ ਹੀ ਉਸ ਨੇ ਕਿਸੇ ਪਰਵਾਸੀ ਮਜ਼ਦੂਰਾਂ ਦੀ ਕੰਮ ਕਰਦੀ ਇਕ ਕੁੜੀ ਨਾਲ ਵਿਆਹ ਕਰਾ ਲਿਆ ਸੀ। ਹੁਣ ਉਹ ਘਰ ਨਹੀਂ ਸੀ ਆਉਂਦਾ ਉਥੇ ਈ ਰਹਿੰਦਾ ਸੀ। ਸਭ ਤੋਂ ਛੋਟਾ ਕਾਰਖਾਨੇ ਵਿੱਚ ਕੰਮ ਕਰਦਾ ਸੀ ਤੇ ਹਰ ਰੋਜ਼ ਪਊਏ ਦਾ ਪਿਆਕੜ ਸੀ।

"ਸ਼ਿੰਦੋ।" ਮੈਂ ਵੱਡੀ ਨੂੰਹ ਵੱਲ ਮੂੰਹ ਕਰਕੇ ਕੁਝ ਸਮੇਂ ਬਾਅਦ ਉਹਨੂੰ ਕਿਹਾ। "ਸੰਸਕਾਰ ਦੀ ਕੀ ਸਲਾਹ ਬਣਾਈ ਐ।" ਬੱਦਲ ਪਾਟਣ ਵਰਗੇ ਪਏ ਮੀਂਹ ਕਰਕੇ ਮੈਨੂੰ ਸੰਸਕਾਰ ਦੀ ਚਿੰਤਾ ਪ੍ਰੇਸ਼ਾਨ ਕਰ ਰਹੀ ਸੀ। ਮੇਰਾ ਮਨ ਅੰਦਰੋਂ-ਅੰਦਰੀਂ ਸੰਸਕਾਰ ਬਾਰੇ ਜਾਨਣ ਲਈ ਕਾਹਲਾ ਪਿਆ ਹੋਇਆ ਸੀ।

"ਭਾਜੀ ਸੰਸਕਾਰ ਤਾਂ ਕਰਨਾ ਈ ਐ। ਪਰ ਮੀਂਹ ਨੀ ਹੱਟਦਾ ਕੀ ਕਰੀਏ ਮੀਂਹ ਵੀ ਨਿਮਾਣਾ ਅੱਜ ਈ ਪੈਣਾ ਸੀ। ਕੱਲ ਚੰਗਾ ਭਲਾ ਮੌਸਮ ਸੀ।" ਬਾਹਰ ਵੱਲ ਰੀਣ ਮਾਤਰ ਝਾਕਦੀ ਉਹ ਹਾਰਿਆਂ ਵਾਂਗ ਬੋਲੀ।

"ਪਰ ਸੰਸਕਾਰ ਕਿਥੇ ਕਰਨਾ?" ਮੈਨੂੰ ਪਤਾ ਸੀ ਕਿ ਉਹਨਾ ਦੇ ਸਿਵਿਆਂ ਵਿੱਚ ਤਾਂ ਪਾਣੀ ਹੋਵੇਗਾ। ਉਥੇ ਮੀਂਹ ਦੇ ਮੌਸਮ ਵਿੱਚ ਸੰਸਕਾਰ ਕਰਨ ਦਾ ਕੋਈ ਯੋਗ ਪ੍ਰਬੰਧ ਵੀ ਨਹੀਂ ਸੀ । ਉਹਨਾਂ ਦੇ ਸਿਵਿਆਂ ਨੂੰ ਜਾਣ ਦਾ ਸਾਰਾ ਰਸਤਾ ਕੱਚਾ ਸੀ। ਖੇਤਾਂ ਵਿਚਕਾਰ ਸੀ। ਸਿਵੇ ਪਿੰਡੋਂ ਕਾਫੀ ਦੂਰ ਸਨ। ਮੀਂਹ ਵਿੱਚ ਉਥੇ ਜਾਣਾ ਬਹੁਤ ਔਖਾ ਸੀ।

"ਭਾਜੀ ਰੌਕੀ ਨੂੰ ਸਿਵਿਆਂ 'ਚ ਨਿਗ੍ਹਾ ਮਾਰਨ ਲਈ ਭੇਜਿਆ ਸੀ। ਇਹਨੇ ਆ ਕੇ ਦੱਸਿਆ ਪਈ ਉਥੇ ਤਾਂ ਪਾਣੀ ਬਹੁਤ ਖੜ੍ਹਾ ਐ ਸਾਰਾ ਰਸਤਾ ਕੱਚਾ ਹੋਣ ਕਰਕੇ ਖੋਭਾ ਹੋਇਆ ਪਿਆ। ਉਥੇ ਸੰਸਕਾਰ ਨੀ ਹੋ ਸਕਦਾ।" ਲਾਚਾਰਗੀ ਬੇਵਸੀ ਤੇ ਤਰਸ ਵੀਂ ਨਜ਼ਰ ਨਾਲ ਨੇ ਮੇਰੇ ਵੱਲ ਵੇਖਿਆ। "ਭਾਜੀ ਤੁਹਾਡੇ ਸਿਵਿਆਂ 'ਚ ਈ ਸੰਸਕਾਰ ਕਰਨਾ ਪਊ ਸਵੇਰੇ ਕੁੰਦੇ ਪੰਚ ਨੂੰ ਪੁਛਿਆ ਸੀ ਉਹ ਕਹਿੰਦਾ 'ਮੈਂ ਨੀ ਕੁਸ਼ ਕਹਿ ਸਕਦਾ ਤੁਸੀਂ ਸੁੱਚੇ ਭਾਜੀ ਨਾਲ ਗੱਲ ਕਰ ਲਓ। ਭਾਜੀ ਸੁੱਚਾ ਤਾਂ ਸਾਡੇ ਨਾਲ ਬਹੁਤ ਖਹਿ ਰੱਖਦਾ ਜਦੋਂ ਦਾ ਰੌਕੀ ਨਾਲ ਉਹਦਾ ਝਗੜਾ ਹੋਇਆ ਸੀ ਉਦੋਂ ਦਾ ਈ ਵਿੰਗਾ ਜਿਆ ਹੋਇਆ ਹੋਇਆ ਆ ਸਾਡੇ ਨਾਲ। ਸਾਨੂੰ ਤਾਂ ਕਦੀ ਬੁਲਾਇਆ ਈ ਨੀ ਓਨੇ।" ਸ਼ਿੰਦੋ ਨੇ ਦੱਸਿਆ।

"ਇਹ ਸੁੱਚਾ ਸੌਂਹ ਨਾ ਪਿੰਡ ਦਾ ਸਰਪੰਚ ਐ ਨਾ ਪੰਚ ਐ ਫਿਰ ਵੀ ਪਿੰਡ ਦਾ ਪ੍ਰਧਾਨ ਬਣਿਆ ਫਿਰਦਾ।" ਬੜੇ ਭਾਈ ਦੇ ਛੋਟੇ ਮੁੰਡੇ ਲੈਂਬਰ ਨੇ ਕ੍ਰੋਧ ਨਾਲ ਕਿਹਾ। "ਜਦੋਂ ਦਾ ਇਹ ਫੌਜ ਚੋਂ ਰਟੈਰ ਹੋ ਕੇ ਆਇਆ ਤੇ 'ਕਾਲੀਆਂ ਦਾ ਲੀਡਰ ਬਣਿਆ ਉਦੋਂ ਦਾ ਈ ਬੱਸ ਪਿੰਡ 'ਚ ਪਸਾਦ ਪਾਈ ਰੱਖਦਾ ਕਿਹੇ ਦਾ ਫੈਸਲਾ ਨੀ ਹੋਣ ਦਿੰਦਾ। ਵਿਚੋਂ-ਵਿੱਚੀਂ ਇਕ ਦੂਸਰੇ ਨੂੰ ਲੜਾਈ ਜਾਂਦਾ। ਗੱਲੇ-ਕੱਥੇ ਲੇਅ ਲਦਾਖ਼ 'ਚ ਨੌਕਰੀ ਕਰਨ ਦਾ ਰੋਅਬ ਝਾੜਦਾ ਰਹਿੰਦਾ। ਏਹਨੇ ਕਿਹੜੀ ਅਨੌਖੀ ਨੌਕਰੀ ਕੀਤੀ ਆ ਸਾਰੇ ਕਰਦੇ ਆ।" ਲੈਂਬਰ



ਕੁੜੱਤਣ ਜਿਹੀ ਨਾਲ ਤਿੜਕਦੇ ਮਨੀਂ ਗੱਲ ਕਰ ਰਿਹਾ ਸੀ।

"ਗੁਰਦੁਆਰੇ ਦਾ ਪ੍ਰਧਾਨ ਵੀ ਬਣਿਆ ਹੋਇਆ।" ਦੇ ਲੜਕੇ ਰੌਕੀ ਨੇ ਕਿਹਾ।

"ਅੱਛਾ ਐਂ ਕਰਦੇ ਆਂ।" ਮੈਂ ਸਾਰਿਆਂ ਦੀਆਂ ਗੱਲਾਂ ਸੁਣਨ ਤੋਂ ਬਾਅਦ ਕੁਝ ਚਿਰ ਮਨ ਨਾਲ ਸੋਚ ਵਿਚਾਰ ਕੇ ਕਿਹਾ। "ਮੈਂ ਇਕ ਵਾਰੀ ਜਾ ਕੇ ਆਪ ਸੁੱਚਾ ਸਿੰਘ ਨਾਲ ਗੱਲ ਕਰਕੇ ਆਉਨਾਸਾਰੇ ਪਿੰਡ ਨੇ ਓਹਨੂੰ ਈ ਮੋਹਰੇ ਕੀਤਾ ਹੋਇਐ ਦੇਖਦੇ ਆਂ ਕੀ ਕਹਿੰਦਾ ਉਹਨੂੰ ਪਤਾ ਈ ਐ ਪਈ ਮੌਸਮ ਖਰਾਬ ਐ ਸੰਸਕਾਰ ਹੋਰ ਕਿਥੇ ਕਰਨਾ। ਇਹ ਕਿਹੜੀ ਕੋਈ ਵੱਡੀ ਗੱਲ ਐ। ਏਸ ਸਬੰਧ ਵਿੱਚ ਸਰਪੰਚ ਨੂੰ ਪੁੱਛਣ ਦਾ ਤਾਂ ਕੋਈ ਫੈਦਾ ਨੀ ਓਨ ਵੀ ਏਹੀ ਕਹਿਣਾ ਪਈ ਸੁੱਚਾ ਸਿੰਘ ਨੂੰ ਪੁੱਛ ਲਓ।" ਮੈਂ ਠਰ੍ਹਮੇ ਜਿਹੇ ਨਾਲ ਸਾਰਿਆਂ ਨੂੰ ਕਿਹਾ। ਪਿੰਡ ਦਾ ਕੋਈ ਵੀ ਮਸਲਾ ਹੁੰਦਾ ਫੌਜੀ ਸੁੱਚਾ ਸਿੰਘ ਉਸ ਵਿੱਚ ਸ਼ਾਮਲ ਹੁੰਦਾ ਕਿਸੇ ਦਾ ਝਗੜਾ ਹੋ ਜਾਂਦਾ ਤਾਂ ਪੰਚਾਇਤ ਦਾ ਇਕੱਠ ਸੁੱਚਾ ਸਿੰਘ ਦੇ ਘਰ ਜੁੜਦਾ ਜੇ ਕਿਤੇ ਹੋਰ ਥਾਂ ਪੰਚਾਇਤ ਜੁੜਦੀ ਤਾਂ ਸਾਰੀ ਗੱਲ ਸੁੱਚਾ ਸਿੰਘ ਕਰਦਾ ਸਰਪੰਚ ਤੇ ਬਾਕੀ ਪੰਚਾਇਤ ਮੈਂਬਰ ਤਾਂ ਜਿਵੇਂ ਮੂੰਹ ਵਿੱਚ ਘੂੰਗਣੀਆਂ ਪਾ ਕੇ ਚੁੱਪ ਬੈਠੇ ਰਹਿੰਦੇ। ਕਿਉਂਕਿ ਸੁੱਚਾ ਸਿੰਘ ਦੀ ਇਲਾਕੇ ਦੇ ਸਿਆਸੀ ਲੀਡਰਾਂ ਨਾਲ ਦੰਦ-ਟੁਕਵੀਂ ਰੋਟੀ ਦੀ ਸਾਂਝ ਸੀ। ਇਸ ਲਈ ਪਿੰਡ ਦੇ ਲੋਕੀਂ ਵੀ ਉਸ ਦੇ ਸਾਹਮਣੇ ਕੋਈ ਉਸ ਦੀ ਬੁਰਾਈ ਜਾਂ ਵਿਰੋਧ ਕਰਨ ਦੀ ਜਿੱਦ ਨਾ ਕਰਦਾ। ਧਾਰਮਿਕ ਰੁਚੀਆਂ ਵਾਲਾ ਹੋਣ ਕਰਕੇ ਜਦੋਂ ਦਾ ਫੌਜ 'ਚੋਂ ਆਇਆ ਸੀ ਉਦੋ ਦਾ ਈ ਗੁਰਦੁਆਰੇ ਦਾ ਵੀ ਮੋਹਰੀ ਬਣਿਆਂ ਹੋਇਆ ਸੀ। "ਉਹ ਗੁਰੂ ਘਰ ਦਾ ਪ੍ਰੇਮੀ ਆ ਬਾਣੀ ਪੜ੍ਹਦੈ ਉਹਨੂੰ ਗਿਆਨ ਐਂ ਕੋਈ ਨਾਬਰ ਥੋੜ੍ਹਾ ਈ। ਬੰਦਾ ਈ ਬੰਦੇ ਦਾ ਦਾਰੂ ਐ।" ਮੈਂ ਉਹਨਾਂ ਨੂੰ ਇਕ ਤਰ੍ਹਾਂ ਸੰਸਕਾਰ ਦੀ ਚਿੰਤਾ ਵਿਚੋਂ ਕੱਢਣ ਲਈ ਤਸੱਲੀ ਜਿਹੀ ਕਰਵਾ ਦਿਤੀ। ਮੈਨੂੰ ਆਪ ਵੀ ਆਸ ਸੀ ਕਿ ਸੁੱਚਾ ਸਿੰਘ ਸਾਡੇ ਨਾਲ ਸਹਿਮਤ ਹੋ ਜਾਏਗਾ ਉਚੇਚਾ ਹਮਦਰਦੀ ਦਿਖਾਏਗਾ। ਮੈਂ ਤਕੜੇ ਹੌਂਸਲੇ ਨਾਲ ਛੱਤਰੀ ਚੁੱਕੀ 'ਤੇ ਸੁੱਚਾ ਸਿੰਘ ਦੇ ਘਰ ਵੱਲ ਤੁਰ ਪਿਆ। ਮੀਂਹ ਪਈ ਜਾ ਰਿਹਾ ਸੀ। ਸੜਕ 'ਤੇ ਕੋਈ ਟਾਵਾਂ ਟਾਵਾਂ ਬੰਦਾ ਹੀ ਮੈਨੂੰ ਮਿਲਿਆ ਤੇ ਹਰ ਕਿਸੇ ਦੇ ਮਨ ਵਿੱਚ ਮੀਂਹ ਨਾਲ ਆਪ-ਮੁਹਾਰੇ ਹੋਏ ਪਾਣੀ ਦੀ ਦਹਿਸ਼ਤ ਅਤੇ ਸਰੂਪ ਰਾਮ ਦੇ ਸੰਸਕਾਰ ਦੀ ਚੱਲਵੀਂ ਜਿਹੀ ਫਿਕਰ ਸੀ।

"ਆ ਬਈ ਸੁਖਦੇਵ ਸਿਆਂ ਲੰਘ ਆਓ।" ਜਦੋਂ ਮੈਂ ਸੁੱਚਾ ਸਿੰਘ ਦੇ ਘਰ ਦਾ ਗੇਟ ਖੜਕਾਇਆ ਤਾਂ ਉਹਨੇ ਮੇਰੇ ਵੱਲ ਵੇਖਦਿਆਂ ਤਪਾਕ ਨਾਲ ਮੈਨੂੰ ਅੰਦਰ ਆਉਣ ਲਈ ਕਿਹਾ। ਉਹ ਘਰ ਦੇ ਬਰਾਂਡੇ ਵਿੱਚ ਕੁਰਸੀ 'ਤੇ ਬੈਠਾ ਕੋਈ ਵੱਡੇ ਅਕਾਰ ਵਾਲੀ ਧਾਰਮਿਕ ਪੁਸਤਕ ਪੜ੍ਹ ਰਿਹਾ ਸੀ।

"ਅੱਜ ਤਾਂ ਬਈ ਮੀਂਹ ਹੱਟਣ ਦਾ ਨਾਂ ਨੀ ਲੈ ਰਿਹੈ।" ਮੈਂ ਲਾਗਲੀ ਕੁਰਸੀ 'ਤੇ ਬੈਠਦਿਆਂ ਵਿਹੜੇ ਵਿੱਚ ਪੈ ਰਹੇ ਮੀਂਹ ਵੱਲ ਵੇਖਦਿਆਂ ਕਿਹਾ।

"ਧਰਤੀ ਦੀ ਸਾਰੀ ਗਰਮੀ ਕੱਢ ਦਿਤੀ ਮੀਂਹ ਨੇ ।" ਸੁੱਚਾ ਸਿੰਘ ਨੇ ਖੁਸ਼ ਹੁੰਦਿਆਂ ਕਿਹਾ ਤੇ ਹੱਥਲੀ ਕਿਤਾਬ ਬੰਦ ਕਰਕੇ ਪਰ੍ਹੇ ਰੱਖਦਾ ਫਿਰ ਬੋਲਿਆ। "ਹੋਰ ਕਿਦਾਂ ਦੇਵ ਸਿਆਂ ਕਿਧਰ ਤੁਰਿਆਂ ਫਿਰਦਾ ਐਨੇ ਮੀਂਹ 'ਚ ਸੁੱਖ ਤਾਂ ਐ ?" ਸੁੱਚਾ ਸਿੰਘ ਨੇ ਦਾੜ੍ਹੀ 'ਤੇ ਹੱਥ ਫੇਰਦਿਆਂ ਸਵਾਲੀਆ ਨਜ਼ਰਾਂ ਨਾਲ ਮੇਰੇ ਵੱਲ ਤੱਕਦਿਆਂ ਕਿਹਾ।

"ਆਹ ਆਧਰਮੀ ਸਰੂਪ ਰਾਮ ਚਲਾਣਾ ਕਰ ਗਿਆ ਨਾ ਰਾਤੀਂ ਮੈਂ ਉਧਰ ਗਿਆ ਸੀ।" ਮੈਂ ਸੰਖੇਪ ਜਿਹੇ ਵਿੱਚ ਉਹਨੂੰ ਦੱਸਿਆ।

"ਹਾਂਹਾਂ ਪਤਾ ਲੱਗਾ ਸੀ ਮੈਨੂੰ।" ਲਾਪ੍ਰਵਾਹੀ 'ਚ ਐਨੀ ਕੁ ਗੱਲ ਆਖ ਕੇ ਸੁੱਚਾ ਸਿੰਘ ਚੁੱਪ ਜਿਹਾ ਕਰ ਗਿਆ। ਓਹਦੇ ਇਸ ਤਰ੍ਹਾਂ ਗੱਲ ਕਰਨ 'ਤੇ ਮੈਂ ਹੈਰਾਨ ਜਿਹਾ ਹੋ ਗਿਆ। ਤੇ ਮੇਰਾ ਉਹਦੇ ਘਰ ਆਉਂਣ ਦਾ ਉਤਸ਼ਾਹ ਢੈਲ਼ਾ ਜਿਹਾ ਪੈ ਗਿਆ।

"ਮੈਂ ਸਰੂਪ ਰਾਮ ਦੇ ਘਰੋਂ ਆ ਰਿਹੈ ਉਹਨਾ ਨੇ ਮੈਨੂੰ ਦੱਸਿਆ ਪਈ ਉਹਨਾਂ ਦੇ ਸਿਵਿਆਂ 'ਚ ਤਾਂ ਪਾਣੀ ਭਰਿਆ ਖੜ੍ਹਾ ਉਥੇ ਸੰਸਕਾਰ ਨੀ ਹੋ ਸਕਦਾ ।ਸਿਵਿਆਂ ਦਾ ਸਾਰਾ ਰਸਤਾ ਪਾਣੀ ਨਾਲ ਭਰਿਆ ਪਿਆ। ਰਸਤਾ ਵੀ ਕੱਚਾ ਐ।ਉਹ ਬੜ੍ਹੀ ਚਿੰਤਾ 'ਚ ਡੁੱਬੇ ਪਏ ਆਪ ਈ 'ਸੰਸਕਾਰ ਕਿਥੇ ਕਰੀਏ? ਮੈਂ ਉਹਨਾ ਨੂੰ ਕਿਹਾ ਪਈ ਕੋਈ ਨਾ ਤੁਸੀਂ ਚਿੰਤਾ ਨਾ ਕਰੋ ਮੈਂ ਸੁੱਚਾ ਸਿੰਘ ਨਾਲ ਸੰਸਕਾਰ ਬਾਰੇ ਸਲਾਹ ਕਰਕੇ ਆਉਂਨਾ ਕਿ ਜੇ ਸਰੂਪ ਰਾਮ ਦਾ ਸੰਸਕਾਰ ਇਧਰ ਆਪਣੇ ਸਿਵਿਆਂ ਵਿੱਚ ਕਰ ਦੇਈਏ।" ਮੈਂ ਆਪਣੀ ਗੱਲ ਉਹਨੂੰ ਨਾਲ ਬੜੇ ਮਾਣ ਨਾਲ ਆਖ ਕੇ ਉਸ ਦਾ ਪ੍ਰਤੀਕਰਮ ਉਡੀਕਣ ਲੱਗਾ।ਮੇਰੀ ਉਤਸੁਕਤਾ ਪਲ਼ ਪਲ਼ ਵੱਧ ਰਹੀ ਸੀ।ਪਰ ਉਸ ਦੇ ਚਿਹਰੇ 'ਤੇ ਬਦਲ ਰਹੇ ਹਾਵ-ਭਾਵ ਕੋਈ ਵਧੀਆ ਸੰਕੇਤ ਨਹੀਂ ਦੇ ਰਹੇ ਸਨ।ਉਸ ਦੇ ਬੋਲਾਂ ਵਿੱਚ ਪਹਿਲਾਂ ਵੀ ਕੋਈ ਹਮਦਰਦੀ ਮੈਨੂੰ ਨਜ਼ਰ ਨਹੀਂ ਸੀ ਆਈ।ਅੱਥਰੇ ਜਿਹੇ ਅਹਿਸਾਸ ਨਾਲ ਮੇਰਾ ਚਿੱਤ ਕਾਹਲਾ ਜਿਹਾ ਪੈਣ ਲੱਗ ਪਿਆ ਸੀ।

"ਬੰਦਾ ਤਾਂ ਚੰਗਾ ਸੀ ਪਰ ਔਲਾਦ ਚੰਗੀ ਨੀ ਨਿਕਲੀ।" ਸੁੱਚਾ ਸਿੰਘ ਦੇ ਬੋਲਾਂ ਵਿੱਚ ਕੋਈ ਹਰਖ਼ ਤੇ ਡੂੰਘੇ ਗੁੱਸੇ ਦਾ ਇਜ਼ਹਾਰ ਸੀ।"ਦੇਖ ਦੇਵ ਸਿਆਂ ਮੀਂਹ ਤਾਂ ਜ਼ਰੂਰ ਕਹਿਰ ਕਰੀ ਜਾਂਦਾ ਹਰ ਥਾਂ ਪਾਣੀ ਨਾਲ ਤਲੋ-ਤੱਲ ਹੋਇਆ ਪਿਆ।ਪਰ ਮੁਰਦੇ ਨੂੰ ਫੂਕਣ ਦਾ ਪ੍ਰਬੰਧ ਤਾਂ ਉਹਨਾਂ ਦੀ ਬਰਾਦਰੀ ਨੇ ਹਰ ਮੌਸਮ ਨੂੰ ਧਿਆਨ ਵਿੱਚ ਰੱਖ ਕੇ ਆਪ ਹੀ ਕਰਨਾ ਸੀ ਨਾ ਹੁਣ ਜਦੋਂ ਸਿਵੇ ਹੀ ਅਲੱਗ-ਅਲੱਗ ਐ ਸਰਕਾਰ ਵੱਲੋਂ ਸਿਵਿਆਂ ਲਈ ਗ੍ਰਾਂਟ ਵੀ ਦੇਰ ਸਵੇਰ ਉਹਨਾ ਨੂੰ ਵੱਖਰੀ ਮਿਲਦੀ ਐ। ਤੇ ਉਹਨਾਂ ਨੂੰ ਇਹ ਫਿਕਰ ਹੋਣਾ ਚਾਹੀਦੈ ਕਿ ਸਿਵਿਆਂ ਵਿੱਚ ਪ੍ਰਬੰਧ ਵੀ ਸਹੀ ਕਰੀਏ। ਜੇ ਸਿਵਿਆਂ ਦੀ ਥਾਂ ਨੀਵੀਂ ਹੋ ਗਈ ਆ ਤਾਂ ਆਈ ਗ੍ਰਾਂਟ ਨਾਲ ਸਿਵੇ ਪੱਕੇ ਕਰਨ ਤੋਂ ਪਹਿਲਾਂ ਭਰਤ ਪਾ ਲੈਂਦੇ।ਰਸਤਾ ਪੱਕਾ ਕਰਨ ਲਈ ਸਰਕਾਰ ਤੋਂ ਹੋਰ ਗ੍ਰਾਂਟ ਮੰਗਦੇ।" ਸੁੱਚਾ ਸਿੰਘ ਦੀਆਂ ਗੱਲਾਂ ਤਾਂ ਠੀਕ ਸਨ ਪਰ ਐਸ ਸਮੇਂ ਇਹ ਸੁਣ ਕੇ ਮੈਂ ਸਿੱਲ ਪੱਥਰ ਜਿਹਾ ਹੋ ਸੁੰਨ ਹੋਈ ਜਾ ਰਿਹਾ ਸੀ।ਉਹ ਅਸਲੀ ਗੱਲ ਕਰਨ ਦੀ ਬਜਾਇ ਬੁਝਾਰਤਾਂ ਪਾ ਗੱਲ ਨੂੰ ਲਮਕਾਅ ਰਿਹਾ ਲਗਦਾ ਸੀ। ਮੈਂ ਮੋਏ ਜਿਹੇ ਮਨ ਥਾਂਏ ਅਹਿੱਲ ਬੈਠਾ ਰਿਹਾ। ਉਹਦੀਆਂ ਗੱਲਾਂ ਵਿੱਚੋਂ ਘੁਮੰਢ ਤੇ ਰੁੱਖੇਪਨ ਦੀ ਗੰਧ ਆ ਰਹੀ ਸੀ।ਉਸ ਦੇ ਅੜ੍ਹਬ ਅਤੇ ਰੰਗੜੂ ਸੁਭਾਅ ਬਾਰੇ ਤਾਂ ਮੈਨੂੰ ਚੰਗੀ ਤਰ੍ਹਾਂ ਪਤਾ ਸੀ। ਉਹ ਹਮੇਸ਼ਾ ਆਪਣੇ ਆਪ ਨੂੰ ਹੀ ਸਭ ਤੋਂ ਅਕਲਮੰਦ ਸਮਝਣ ਦੇ ਭੁਲੇਖੇ ਵਿੱਚ ਰਹਿੰਦਾ ਸੀ। ਮੈਨੂੰ ਲੱਗ ਰਿਹਾ ਸੀ ਕਿ ਉਹ ਨਾਂਹ ਕਰਨ ਵੱਲ ਹੌਲੀ-ਹੌਲੀ ਵੱਧ ਰਿਹਾ ਹੈ ।"ਦੇਖ ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ ਭਾਈ ਜਿਹੜੀ ਸੱਚੀ ਗੱਲ ਐ ਜੱਟਾਂ ਦੇ ਸਿਵਿਆਂ 'ਚ ਸਰੂਪੂ ਦਾ ਸੰਸਕਾਰ ਕਿਹੇ ਤਰ੍ਹਾਂ ਵੀ ਨਹੀਂ ਹੋ ਸਕਦਾ।" ਥਾਂ ਸੋਟਾ ਮਾਰਨ ਵਾਂਗ ਉਹਦੇ ਲੀਰਾਂ ਬਰੋਬਰ ਕਰਦੇ ਬੋਲ ਸੁਣ ਮੈਂ ਪੈਰੋਂ ਹਿੱਲ ਗਿਆ।ਮੈਂ ਅੰਦਰੋਂ-ਅੰਦਰੀਂ ਤਲਖ਼ੀ ਵਿੱਚ ਉਬਲ ਰਿਹਾ ਸੀ।ਮੀਂਹ ਦੇ ਠੰਡੇ ਮੌਸਮ ਵਿੱਚ ਵੀ ਮੈਨੂੰ ਤ੍ਰੇਲੀ ਜਿਹੀ ਆ ਗਈ।ਮੈਂ ਸੁੱਚਾ ਸਿੰਘ ਦੀਆਂ ਅੱਖਾਂ ਵਿੱਚ ਗੱਡਵਾਂ ਝਾਕਿਆ।ਉਹ ਤੈਸ਼ ਵਿੱਚ ਫਿਰ ਬੋਲਿਆ।"ਉਹ ਨੀਚ ਜ਼ਾਤ ਐ ਅਸੀਂ ਤਾਂ ਉਹਨਾਂ ਦੇ ਭਾਂਡੇ ਵੀ ਵੱਖਰੇ ਰੱਖਦੇ ਆ।" ਗੁੱਸੇ ਨਾਲ ਬੋਲਦਿਆਂ ਉਸ ਦੇ ਭਰਵੱਟੇ ਫੜਕ ਰਹੇ ਸਨ।ਸਰਬ ਸਾਂਝੀਵਾਲਤਾ ਅਤੇ ਜ਼ਾਤਾਂ-ਪਾਤਾਂ ਰੱਦ ਕਰਦੀ ਮੇਰੀ ਸੋਚ ਸੁੱਚਾ ਸਿੰਘ ਦੀਆਂ ਹਉਮੈ ਭਿੱਜੀਆਂ ਚੀਰਵੀਆਂ ਗੱਲਾਂ ਨਾਲ ਮੇਰੇ ਸੰਘ ਵਿਚਾਲੇ ਥੋਹਰ ਦੀਆਂ ਤੂਈਆਂ ਵਾਂਗ ਅਟਕ ਗਈ।"ਜੇ ਮੈਂ ਤੈਨੂੰ ਉਹਦਾ ਸੰਸਕਾਰ ਕਰਨ ਲਈ ਆਪਣੇ ਸਿਵਿਆਂ 'ਚ ਹਾਂ ਕਰ ਦਿਆਂ ਤਾਂ ਕੱਲ ਨੂੰ ਸਾਰਾ ਪਿੰਡ ਮੇਰੇ ਵਿਰੁੱਧ ਹੋ ਜਊ ਪਿੰਡ 'ਚ ਫਸਾਦ ਖੜ੍ਹ ਜਾਊ ਪਿੰਡ ਦੋ ਧੜ੍ਹਿਆ 'ਚ ਵੰਡਿਆ ਜਾਊ।ਮੇਰੀ ਗੱਲ ਧਿਆਨ ਨਾਲ ਸੁਣ ਦੋਹਾਂ ਧਿਰਾਂ ਦੇ ਗੁਰਦੁਆਰੇ ਵੱਖਰੇ ਸਿਵੇ ਵੱਖਰੇ ਫੇਰ ਹੁਣ ਕਿਸੇ ਗੱਲ ਦੀ ਗੁੰਜਾਇਸ਼ ਤਾਂ ਬਾਕੀ ਹੈ ਈ ਨੀ।ਤੂੰ ਸਿਆਣੈ ਤੈਨੂੰ ਮੇਰੇ ਕੋਲ ਆਉਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ ਕਿ ਇਹ ਗੱਲ ਬਣਦੀ ਵੀ ਐ ਕਿ ਨਈ?" ਮੇਰੀ ਸੋਚ ਵਿੱਚ ਪਸਰੀ ਰਹਿੰਦੀ ਚੁੱਪ ਵੀ ਟੋਟੇ-ਟੋਟੇ ਹੋ ਗਈ।ਉਹਦੀਆਂ ਗੱਲਾਂ ਮੇਰੇ ਪਿੰਡੇ



ਸਾੜ ਪਾਉਂਦੀਆਂ ਰਹੀਆਂ।ਉਹ ਹੱਥ ਹਿਲਾਅ ਕੇ ਕੋਰੀ ਨਾਂਹ ਕਰ ਰਿਹਾ ਸੀ।ਮੈਨੂੰ ਕੁਝ ਸਮਾਂ ਤਾਂ ਕੋਈ ਗੱਲ ਨਾ ਔੜੀ।ਮੈਂ ਸੁੰਨ ਵੱਟਾ ਬਣਿਆ ਫਿਰ ਕੁਝ ਕੁ ਸੋਚ ਕੇ ਆਪਣਾ ਜੇਰਾ ਇਕੱਠਾ ਕਰਦਿਆਂ ਕਿਹਾ। "ਐਨੇ ਮੀਂਹ ਵਿੱਚ ਫੇਅ ਸੰਸਕਾਰ ਕਿਥੇ ਹਊ?" ਮੈਂ ਅੰਦਰੋਂ ਇਕ ਤਰ੍ਹਾਂ ਤੜਫ਼ ਰਿਹਾ ਸੀ।ਮੈਂ ਨਿਰਜਿੰਦ ਜਿਹਾ ਹੋਇਆ ਪਿਆ ਸੀ।ਅਜਿਹੇ ਸੰਜੀਦਾ ਮਸਲੇ ਅਤੇ ਮੌਕੇ 'ਤੇ ਉਸ ਦੇ ਵਿਚਾਰ ਜਾਣ ਕੇ ਮੈਨੂੰ ਦਿਲੋਂ ਦੁੱਖ ਹੋਇਆ।ਮੈਂ ਖੂਹ ਜਿੱਡਾ ਪੀੜਤ ਹਾਉਕਾ ਲਿਆ।ਮੇਰਾ ਗਲ਼ਾ ਸੁਕ ਚੁਕਿਆ ਸੀ।ਪਰ ਮੈਂ ਅਜੇ ਹਾਰ ਮੰਨਣ ਨੂੰ ਤਿਆਰ ਨਹੀਂ ਸੀ ਤੇ ਉਸ ਨੂੰ ਫਿਰ ਕਿਹਾ ।"ਗੁਰੂ 'ਸਾਬ ਨੇ ਤਾਂ ਬਾਣੀ ਵਿੱਚ ਜ਼ਾਤਾਂ-ਪਾਤਾਂ ਦਾ ਥਾਂ-ਥਾਂ ਖੰਡਨ ਕੀਤਾ ਐ ਆਪਾਂ ਨੂੰ ਗੁਰੂ 'ਸਾਬ ਦਾ ਹੁਕਮ ਮੰਨਣਾ ਚਾਹੀਦਾ ਐ ਸਮਸ਼ਾਨ ਘਾਟ ਅਲੱਗ-ਅਲੱਗ ਨਹੀਂ ਹੋਣੇ ਚਾਹੀਦੇ ਨਾਲੇ ਸੁੱਚਾ ਸਿੰਘ ਜੀ ਮੁਰਦੇ ਦੀ ਤਾਂ ਕੋਈ ਜ਼ਾਤ ਈ ਨੀ ਹੁੰਦੀ।" ਮੈਂ ਇਸ ਆਸ ਨਾਲ ਧਾਰਮਿਕ ਭਾਵਨਾ ਦਾ ਤਿੱਖਾ ਵਾਰ ਉਸ 'ਤੇ ਕਰਨਾ ਚਾਹਿਆ ਕਿ ਉਹ ਧਾਰਮਿਕ ਬੰਦਾ ਐ ਸ਼ੈਦ ਬਾਣੀ ਦਾ ਮਨੁੱਖਤਾ ਲਈ ਦਿਤਾ ਗਿਆਨ ਉਸ ਅੰਦਰ ਪ੍ਰਗਟ ਹੋ ਜਾਏ।

"ਮੈਂ ਮੰਨਦਾ ਬਾਣੀ ਵਿੱਚ ਗੁਰੂਆਂ ਨੇ ਜ਼ਾਤਾਂ-ਪਾਤਾਂ ਦਾ ਖੰਡਨ ਕੀਤੈ ਪਰ ਇਹ ਗੱਲਾਂ ਇਕ-ਦੂਸਰੇ ਨੂੰ ਸਿਰਫ਼ ਕਹਿਣ ਦੀਆਂ ਹੁੰਦੀਆਂ ਕਰਨਾ ਬਹੁਤ ਔਖਾ ਹੁੰਦਾ ਨਾਲ਼ੇ ਮੈਂ ਸਾਰੇ ਪਿੰਡ ਤੋਂ ਵੱਖਰਾ ਨਹੀਂ ਹੋ ਸਕਦਾ।ਤੂੰ ਦੱਸ ਪਈ ਉਹਨਾਂ ਦੇ ਸਿਵਿਆਂ 'ਚ ਭਰਤੀ ਹੁਣ ਆਪਾਂ ਪਾਉਣੀ ਆ? ਇਹ ਸਾਰੇ ਲੋਕ ਤਾਂ ਹੱਥ 'ਤੇ ਹੱਥ ਧਰ ਕੇ ਬੈਠੇ ਰਹਿੰਦੇ ਆ।ਸਿਗਟਾਂ ਬੀੜੀਆਂ ਫੂਕਦੇ ਰਹਿੰਦੇ ਆ।" ਸੁੱਚਾ ਸਿੰਘ ਮੇਰੇ ਨਾਲ ਤਲਖ਼ੀ ਵਿੱਚ ਗੱਲ ਕਰ ਰਿਹਾ ਸੀ।ਜਿਵੇਂ ਸਾਰੀ ਗਲ਼ਤੀ ਮੇਰੀ ਹੀ ਹੋਵੇ।ਮੈਂ ਥੋਹਰ ਵਾਂਗ ਪੱਛਿਆ ਗਿਆ ਮਹਿਸੂਸ ਕਰ ਰਿਹਾ ਸਾਂ।

"ਸੁੱਚਾ ਸਿੰਘ ਜੀ ਸੰਸਕਾਰ ਈ ਕਰਨੈ ਕੋਈ ਸਿਵਿਆਂ ਦੀ ਰਜਿਸਟਰੀ ਤਾਂ ਨਹੀਂ ਕਰਵਾ ਲੈਣੀ ਉਹਨਾਂ।" ਥੋੜ੍ਹਾ ਮੈਂ ਵੀ ਸਰੂਪ ਰਾਮ ਦੇ ਹੱਕ ਵਿੱਚ ਤੱਤੇ ਸ਼ਬਦਾਂ ਦੀ ਵਰਤੋਂ ਕਰਨੀ ਚਾਹੀ।

"ਭਾਂਵੇਂ ਕੁਸ਼ ਵੀ ਆ ਤੂੰ ਸੋਚ ਪਈ ਜੇ ਅੱਜ ਸਰੂਪੂ ਦਾ ਸੰਸਕਾਰ ਆਪਣੇ ਸਿਵਿਆਂ 'ਚ ਕਰ ਦਿੰਦੇ ਆਂ ਤਾਂ ਕੱਲ ਨੂੰ ਕੋਈ ਹੋਰ ਮਰ ਗਿਆਫੇਰ ਉਹ ਵੀ ਕਹਿਣਗੇ ਕਿ ਸਰੂਪੂ ਦਾ ਸੰਸਕਾਰ ਇਥੇ ਹੋਇਆ ਸੀ ਅਸੀਂ ਵੀ ਸੰਸਕਾਰ ਇਥੇ ਕਰਨਾ ਇਹ ਤਾਂ ਰਿਵਾਜ ਪੈ ਜਊ ! ਗੱਲ ਸਹੇ ਦੀ ਨਹੀਂ ਪੈਹੇ ਦੀ ਆਹ ਦੇਵ ਸਿੰਆਂ। ਸਾਰਾ ਪਿੰਡ ਫੇਰ ਸੁੱਚਾ ਸਿੰਘ ਦੇ ਸਿਰ ਈ ਭਾਂਡਾ ਭੱਨੂੰ।ਮੈਂ ਸੂਝਵਾਨ ਆ ਹੌਲਦਾਰੀਆਂ ਐਮੇਂ ਨੀ ਮਿਲਦੀਆਂ ਮੈਂ ਲੇਅ ਲਦਾਖ਼ 'ਚ ਨੌਕਰੀ ਕੀਤੀ ਆ ਕੋਈ ਖੇਲ ਨੀ ਉਥੇ ਨੌਕਰੀ ਕਰਨੀ।ਦੁਨੀਆ ਚਾਰੀ ਆ ਮੈਂ।" ਸੁੱਚਾ ਸਿੰਘ ਐਂ ਹੰਕਾਰ 'ਚ ਅਕੜ ਕੇ ਗੱਲ ਕਰਦਾ ਸੀ ਜਿਵੇਂ ਉਹਦੀ ਧੌਣ ਵਿੱਚ ਕਿੱਲ ਠੁਕ ਗਿਆ ਹੋਵੇ। "ਉਹ ਸੰਸਕਾਰ ਜਿਥੇ ਮਰਜ਼ੀ ਕਰਨ ਇਹ ਉਹਨਾਂ ਦੀ ਸਿਰਦਰਦੀ ਐ।ਜੇ ਅੱਜ ਉਹ ਔਖੇ ਹੋਣਗੇ ਤਾਂ ਕੱਲ ਨੂੰ ਆਪੇ ਇਸ ਬਰਾਦਰੀ ਵਾਲੇ ਆਪਣੇ ਸਿਵੇ ਸੁਆਰਨ ਦਾ ਫਿਕਰ ਕਰਨਗੇ ਤੂੰ ਐਮੇਂ ਕਿਉਂ ਟੈਨਸ਼ਨ ਲੈਂਦਾ ਫਿਰਦਾਂ?" ਸੁੱਚਾ ਸਿੰਘ ਐਂ ਬੋਲਿਆ ਜਿਵੇਂ ਉਹ ਮੈਨੂੰ ਸਿੱਖਿਆ ਵਰਗੀ ਨਾਂਹ ਕਰਕੇ ਆਪ ਟੈਨਸ਼ਨ ਫ੍ਰੀ ਹੋ ਗਿਆ ਹੋਵੇ। ਉਹਦੇ ਚੀਰਵੇਂ ਜਿਹੇ ਬੋਲ ਮੈਨੂੰ ਕ੍ਰੋਧਤ ਕਰ ਰਹੇ ਸਨ। ਪਰ ਮੈਂ ਸ਼ਾਂਤ ਰਹਿਣਾ ਹੀ ਠੀਕ ਸਮਝਿਆ।

"ਸਾਡੇ ਪਰਿਵਾਰ ਨਾਲ ਪਹਿਲਾਂ ਤੋਂ ਹੀ ਸਰੂਪ ਰਾਮ ਦੇ ਪਰਿਵਾਰ ਦੀ ਬਹੁਤ ਸਾਂਝ ਰਹੀ ਆ ਮੈਨੂੰ ਉਹਦੇ ਪਰਿਵਾਰ ਦੇ ਦੁੱਖ ਨਾਲ ਹਮਦਰਦੀ ਆ ਇਸ ਕਰਕੇ ਮੈਨੂੰ ਉਸ ਦੇ ਸੰਸਕਾਰ ਦਾ ਹੇਜ਼ ਐਚਿੰਤਾ ਆਹ।" ਮੈਂ ਨਿਢਾਲ ਜਿਹਾ ਹੋਇਆ ਐਂ ਬੋਲਿਆ ਜਿਵੇਂ ਗਹਿਰੀ ਉਦਾਸੀ ਦੇ ਖੱਫਣ 'ਚ ਲਿਪਟਿਆ ਗਿਆ ਹੋਵਾਂ। ਮੈਨੂੰ ਸੁੱਚਾ ਸਿੰਘ 'ਤੇ ਖਿੱਝ ਜਿਹੀ ਆ ਰਹੀ ਸੀਉਹ 'ਮਨ ਹੋਰਿ ਮੁਖ ਹੋਰ' ਵਾਲੀ ਗੱਲ ਕਰ ਰਿਹਾ ਸੀ।ਜੋ ਐਹੋ ਜਿਹੀ ਭੇਸ ਵਾਲੇ ਬੰਦੇ ਲਈ ਗਲ਼ਤ ਸੀ।ਇਹੋ ਜਿਹੇ ਪਾਖੰਡੀਆਂ ਨੂੰ ਮਨ ਹੀ ਮਨ ਭਰਵੀਆਂ ਗਾਲ਼ਾਂ

ਦੇਣ ਲਈ ਮੇਰਾ ਚਿੱਤ ਕਰ ਰਿਹਾ ਸੀ। ਮੇਰੀ ਸਾਰੀ ਦੇਹ ਝੂਠੀ ਜਿਹੀ ਪੈ ਗਈ ਸੀ। ਮੈਂ ਛਿੱਥਾ ਜਿਹਾ ਪੈ ਗਿਆ ਸੀ। ਮੈਨੂੰ ਆਪਣਾ ਆਪ ਨਿਤਾਣਾ ਤੇ ਮਿੱਟੀ ਹੋ ਗਿਆ ਜਾਪ ਰਿਹਾ ਸੀ। ਮੈਂ ਸੁੱਚਾ ਸਿੰਘ ਵੱਲ ਝਾਕਿਆ ਕਿ ਸ਼ਾਇਦ 'ਸਰਬਤ ਦੇ ਭਲੇ ਨੂੰ ਧਿਆਨ ਵਿੱਚ ਰੱਖ ਕੇ ਇਸ ਮਾਮਲੇ ਵਿੱਚ ਨਰਮੀ ਵਰਤੇਗਾ ਪਰ ਉਹਦੀਆਂ ਨਾਸਾਂ ਤਾਂ ਕ੍ਰੋਧ ਨਾਲ ਫੁਲ ਰਹੀਆਂ ਸਨ ਜਿਵੇਂ ਉਹਦੇ ਜ਼ਿਹਨ ਵਿੱਚ ਗੁੱਸਾ, ਹਊਮੈ ਅਤੇ ਆਕੜ ਉਸਲ ਵੱਟੇ ਲੈ ਰਹੀ ਹੋਵੇ।

"ਜੇ ਤੈਨੂੰ ਸੁਖਦੇਵ ਸਿਆਂ ਸਰੂਪੂ ਦੇ ਸੰਸਕਾਰ ਦਾ ਐਨਾ ਈ ਹੇਜ਼ ਆਂ ਤਾਂ ਤੂੰ ਉਹਦਾ ਸੰਸਕਾਰ ਆਪਣੇ ਖੂਹ 'ਤੇ ਬਣੇ ਸ਼ੈਡ ਥੱਲੇ ਕਿਉਂ ਨੀ ਕਰ ਦਿੰਦਾ ਨਾਲੇ ਉਥੇ ਤਾਂ ਪਾਣੀ ਵਨੀ ਹੋਣਾ ਨਾਲੇ ਤੇਰੇ ਖੂਹ ਤੱਕ ਜਾਣ ਲਈ ਸੜਕ ਵੀ ਬਣੀ ਹੋਈ ਐ ਥੁਆਨੂੰ ਕੋਈ ਮੁਸ਼ਕਲ ਨੀ ਆਊ।" ਮੈਂ ਤ੍ਰਬਕ ਕੇ ਸੁੱਚਾ ਸਿੰਘ ਦੀਆਂ ਅੱਖਾਂ ਵਿੱਚ ਝਾਕਿਆ ਉਹਦੀ ਗੱਲ ਸੁਣਦਿਆਂ ਮੈਨੂੰ ਜਾਪਿਆ ਜਿਵੇਂ ਮੇਰੇ ਮੋਏ ਅੰਗਾਂ 'ਚ ਜਾਨ ਪੈ ਗਈ ਹੋਵੇ। ਮੇਰੇ ਤਿੜਕੇ ਜ਼ੇਰੇ ਅਤੇ ਮਿੱਟੀ ਹੋ ਗਏ ਜਿਸਮ ਵਿੱਚ ਜਿਵੇਂ ਖਿੰਡਰੀ-ਪੁੰਡਰੀ ਸਤਿਆ ਇਕੱਠੀ ਹੋ ਗਈ ਹੋਵੇ। ਸੰਸਕਾਰ ਪ੍ਰਤੀ ਚਿੰਤਾ ਤੋਂ ਮੇਰਾ ਮਨ ਇਕਦਮ ਸੁਰਖ਼ਰੂ ਹੋ ਗਿਆ। ਮੇਰਾ ਮਨ ਖੁਸ਼ੀ ਵਿੱਚ ਉੱਛਲ ਪਿਆ। ਜਿਵੇਂ ਸਰੂਪੂ ਦੇ ਸੰਸਕਾਰ ਦੀ ਕੋਈ ਚਿੰਤਾ ਹੁਣ ਮੇਰੇ ਜ਼ਿਹਨ ਵਿੱਚ ਰਹੀ ਨਾ ਹੋਵੇ। ਸੁੱਚਾ ਸਿੰਘ ਬਹੁਤ ਭਰਵੀਆਂ ਸਵਾਲੀਆਂ ਨਜ਼ਰਾਂ ਨਾਲ ਮੇਰਾ ਚਿਹਰਾ ਪੜ੍ਹਨ ਦਾ ਯਤਨ ਕਰ ਰਿਹਾ ਸੀ। ਸ਼ਾਇਦ ਉਹ ਆਪਣੀ ਦਿਤੀ ਸਲਾਹ ਬਾਰੇ ਮੇਰੇ ਵੱਲੋਂ ਅਸਹਿਮਤੀ ਦੀ ਆਸ ਨਾਲ ਵੇਖ ਰਿਹਾ ਹੋਵੇ।

"ਸੁੱਚਾ ਸਿੰਘ ਜੀ ਧੰਨਵਾਦ ਕੋਟਿਨ ਕੋਟ ਧੰਨਵਾਦ ਤੁਸੀਂ ਆਹ ਸਲਾਹ ਦੇ ਕੇ ਮੇਰੇ ਮਨ ਦਾ ਬੋਝ ਇਕਦਮ ਹਲਕਾ ਕਰ ਦਿਤੈ।" ਮੈਂ ਅੰਦਰੋਂ ਖੁਸ਼ੀ ਨਾਲ ਉਛਲਦਿਆਂ ਸੁਖਾਵਾਂ ਜਿਹਾ ਸਾਹ ਲੈਂਦਿਆਂ ਇਕਵਾਰਗੀ ਹੀ ਸਭ ਕੁਝ ਵਿਸਰ ਜਾਣਾ ਚਾਹਿਆ। "ਠੀਕ ਐਮੈਂ ਸਰੂਪ ਰਾਮ ਦਾ ਸੰਸਕਾਰ ਹੁਣ ਆਪਣੇ ਖੂਹ 'ਤੇ ਸ਼ੈਡ ਹੇਠ ਹੀ ਕਰਾਂਗਾ। ਇਹਦੇ ਨਾਲੋਂ ਹੋਰ ਚੰਗਾ ਕੰਮ ਕਿਹੜਾ ਹੋ ਸਕਦੈ?" ਆਖਦਿਆਂ ਮੈਂ ਸੋਚਿਆਂ ਕਿ ਇਹ ਗੱਲ ਮੇਰੇ ਜ਼ਿਹਨ ਵਿੱਚ ਕਿਉਂ ਨਾ ਆਈਜੇ ਪਹਿਲਾਂ ਹੀ ਇਹ ਗੱਲ ਮੇਰੇ ਜ਼ਿਹਨ ਵਿੱਚ ਆਈ ਹੁੰਦੀ ਤਾਂ ਮੈਂ ਸੁੱਚਾ ਸਿੰਘ ਕੋਲ ਔਣਾ ਹੀ ਨਹੀਂ ਸੀ ਪਛਤਾਵੇ ਦੀ ਤਿੱਖੀ ਪੀੜ ਜਿਵੇਂ ਮੇਰਾ ਮੱਥਾ ਲੰਗਾਰ ਗਈ ਹੋਵੇ। ਕਿਉਂ ਮੈਂ ਹਲਕਾ ਹੋਇਆ ਏਹਦੇ ਕੋਲ ਆ ਕੇ? ਮੈਂ ਆਪਣੇ-ਆਪ ਨੂੰ ਲਾਹਨਤ ਪਾਉਣ ਵਾਂਗ ਕਿਹਾ। "ਪਰ ਭਾਈ 'ਸਾਬ ਇਕ ਗੱਲ ਮੈਂ ਜ਼ਰੂਰ ਕਹੂੰਗਾ ਉੱਚੀ ਜ਼ਾਤ ਆਲੇ ਗੁਰਦੁਆਰੇ ਜਾ ਕੇ ਮੱਥੇ ਤਾਂ ਰਗੜਦੇ ਆਪਰ ਜ਼ਾਤ-ਪਾਤ ਨੂੰ ਨਾ ਮੰਨਣ ਦਾ ਗੁਰੂ ਦਾ ਹੁਕਮ ਨੀ ਮੰਨਦੇ ।" ਹੁਣ ਮੇਰੇ ਅੰਗ ਅੰਗ ਵਿੱਚ ਦਲੇਰੀ ਅਤੇ ਨਿਡਰਤਾ ਜਿਹੀ ਆ ਗਈ ਸੀ। ਤੇ ਮੈਂ ਆਪਣੇ ਅੰਦਰਲਾ ਸੱਚ ਕਹਿਣ ਲਈ ਮਨ ਬਣਾ ਲਿਆ ਸੀ। "ਇਹ ਸਾਰੇ ਆਪਣੇ ਮਨਾ ਵਿੱਚ ਹਊਮੈ ਦੀ ਮੈਲ ਚੁੱਕੀ ਫਿਰਦੇ ਆ। ਉੱਚੀ ਜ਼ਾਤ ਦਾ ਹੰਕਾਰ ਕਰਦੇ ਆ। ਜੇ ਗੁਰੂ ਦੀ ਗੱਲ ਈ ਨੀ ਮੰਨਣੀ ਫਿਰ ਮੱਥੇ ਟੇਕਣ ਦਾ ਪਾਖੰਡ ਕਿਉਂ?" ਮੇਰਾ ਮਨ ਕਰਦਾ ਸੀ ਕਿ ਹੁਣ ਉਹਨੂੰ ਤੱਤੀ ਭਾਸ਼ਾ ਵਿੱਚ ਖਰ੍ਹੀਆਂ ਖਰ੍ਹੀਆਂ ਸੁਣਾ ਕੇ ਹੀ ਜਾਮਾਂ ।"ਸੁੱਚਾ ਸਿੰਘ ਜੀ ਤੁਸੀਂ ਕਹਿੰਦੇ ਓ ਕਿ ਉਹ ਨੀਚ ਜਾਤ ਦਾ ਐ ਤੁਹਾਨੂੰ ਪਤੈ ਨੀਚ ਕੌਣ ਹੁੰਦੈ ਨੀਚ ਨਾਂ ਦੀ ਕੋਈ ਕੌਮ ਜਾਂ ਜ਼ਾਤ ਨਹੀਂ।

ਬੰਦਾ ਨੀਚ ਆਪਣੇ ਕਰਮਾਂ ਕਰਤੂਤਾਂ ਹਰਕਤਾਂ ਰਵੱਈਏ ਸਲੂਕ ਅਮਲਾਂ ਬੋਲਚਾਲ ਰੱਖ-ਰਖਾਓ ਡੀਲਿੰਗ ਅਤੇ ਮੁਲਾਕਾਤ ਤੋਂ ਬਣਦੈ ਬੁਰੀਆਂ ਤੇ ਭੈੜੀਆਂ ਆਦਤਾਂ ਨੂੰ ਆਪਣੇ ਮਨ 'ਚ ਬਿਠਾਅ ਕੇ ਨੀਚ ਬਣਦੈ । ਇਹ ਸਾਰੀਆਂ ਗੱਲਾਂ ਦਾ ਜ਼ਿਕਰ ਭਾਈ 'ਸਾਬ ਬਾਣੀ 'ਚ ਆਇਆ ਜੇ ਕਿਸੇ ਉੱਚੀ ਜ਼ਾਤ ਆਲੇ ਨੇ ਬਾਣੀ ਨੂੰ ਪੜ੍ਹਨਾ ਨੀ ਵਿਚਾਰਨਾ ਨੀਤਾਂ ਇਹ ਵੱਖਰੀ ਗੱਲ ਐ।" ਮੈਂ ਇਕਵਾਰਗੀ ਹੀ ਮਨ ਦੀ ਭੜਾਸ ਕੱਢ ਲਈ। ਹਲਕਾ ਫੁਲਕਾ ਮਹਿਸੂਸ ਕਰਨ ਲੱਗਾ। "ਯਾਦ ਰੱਖਿਓ ਸਰੂਪ ਰਾਮ ਨੀਚ ਨਹੀਂ ਸੀਉਹ



ਇਮਾਨਦਾਰ ਸੀ ਸੱਚਾ ਬੰਦਾ ਸੀ ਕਿਰਤੀ ਸੀ ਮਿਹਨਤ ਮੁਸ਼ਕਤ ਕਰਦਾ ਸੀ ਕਿਸੇ ਦਾ ਹੱਕ ਨਹੀਂ ਸੀ ਮਾਰਦਾ ਚੋਰੀਆਂ ਜਾਰੀਆਂ ਵੀ ਨਹੀਂ ਸੀ ਕਰਦਾ ਉਹਦੇ ਵਰਗਾ ਤਾਂ ਮੈਨੂੰ ਪਿੰਡ 'ਚ ਕੋਈ ਨਜ਼ਰ ਈ ਨੀ ਆ ਰਿਹੈ।" ਮੈਂ ਦੀਵੇ ਦੀ ਲਾਟ ਵਾਂਗ ਮੱਚ ਰਿਹਾ ਸੀ। ਮੈਨੂੰ ਯਾਦ ਸੀ ਕਿ ਸੁੱਚਾ ਸਿੰਘ ਦਾ ਮੁੰਡਾ ਇਕ ਵਾਰੀ ਚੋਰੀ ਕਰਦਾ ਵੀ ਫੜਿਆ ਗਿਆ ਸੀ। ਪਰ ਸੁੱਚਾ ਸਿੰਘ ਨੇ ਸਿਆਸੀ ਅਸਰ ਰਸੂਖ ਵਰਤ ਕੇ ਕੇਸ ਰਫਾ-ਦਫ਼ ਕਰਵਾ ਦਿਤਾ ਗਿਆ ਸੀ।

"ਠੀਕ ਐਏਦਾਂ ਈ ਹਊ। ਪੜ੍ਹਿਆ ਲਿਖਿਆ ਬੰਦਾ ਤਾਂ ਸਭ ਜਾਣਦਾ ਪਰ ਸੁਖਦੇਵ ਸਿਆਂ ਅਨਪੜ੍ਹਾਂ ਨੂੰ ਕਿਹੜਾ ਸਮਝਾਊ? ਨਾ ਈ ਉਹਨਾਂ ਸਮਝਣਾ ਮੈਂ ਕੱਲਾ ਕੁਸ਼ ਨੀ ਕਹਿ ਸਕਦਾ ਸਾਰੇ ਪਿੰਡ ਦੇ ਨਾਲ ਈ ਆਂ। 'ਤੇ ਸਾਰੇ ਜੱਟਾਂ-ਜ਼ਿਮੀਂਦਾਰਾਂ ਏਹੀ ਕਹਿਣਾ ਜੋ ਮੈਂ ਤੈਨੂੰ ਕਿਹਾ।" ਸੁੱਚਾ ਸਿੰਘ ਪਹਿਲਾਂ ਨਾਲੋਂ ਨਰਮੀ 'ਚ ਬੋਲਿਆ ਤੇ ਠਿੱਠ ਜਿਹਾ ਹੋਇਆ ਕੁਰਸੀ ਤੋਂ ਗੁੱਸੇ ਜਿਹੇ ਨਾਲ ਉੱਠ 'ਫੂੰ ਦੀ ਅਵਾਜ਼ ਕੱਢਦਾ ਆਪਣੇ ਅੰਦਰ ਜਾ ਵੜਿਆ ਜਿਵੇਂ ਮੇਰੀਆਂ ਗੱਲਾਂ ਦਾ ਉਹਨੂੰ ਕੋਈ ਜੁਆਬ ਨਾ ਔੜ ਰਿਹਾ ਹੋਵੇ। ਮੈਂ ਛਿੱਥਾ ਪਿਆ ਪਰ ਜੇਤੂ ਅੰਦਾਜ਼ ਵਿੱਚ ਉਸ ਦੇ ਘਰੋਂ ਬੜੇ ਭਾਈ ਦੇ ਘਰ ਨੂੰ ਚੱਲ ਪਿਆ। ਹੁਣ ਮੈਨੂੰ ਉਹਦੀ ਜੱਟਾਂ ਦੇ ਸਿਵਿਆਂ 'ਚ ਸਰੂਪ ਰਾਮ ਦੇ ਸੰਸਕਾਰ ਲਈ ਕੀਤੀ ਨਾਂਹ ਦਾ ਕੋਈ ਗ਼ਮ ਜਾਂ ਗੁੱਸਾ ਨਹੀਂ ਸੀ। ਉੱਚੀ ਜ਼ਾਤ ਵਾਲਿਆਂ ਦੀ ਅਸਲੀਅਤ ਅਤੇ ਦਿੱਲ ਵਿਚਲੀ ਸੋਚ ਜ਼ਾਹਰ ਹੋ ਗਈ ਸੀ। ਮੇਰੇ ਮਨ ਵਿੱਚ ਸਾਰੇ ਭਰਮ ਭੁਲੇਖੇ ਦੂਰ ਹੋ ਗਏ ਸਨ। ਮੀਂਹ ਥੋੜ੍ਹਾ ਘੱਟ ਗਿਆ ਲੱਗਦਾ ਸੀ ਹੈ ਪਰ ਰਫਤਾਰ ਓਹੀ ਹੀ ਸੀ। ਮੈਂ ਸੋਚ ਰਿਹਾ ਸੀ ਕਿ 'ਜੇ ਮੀਂਹ ਹੱਟ ਵੀ ਜਾਂਦੈ ਤਾਂ ਫੇਅ ਕਿਹੜਾ ਪਾਣੀ ਇਕਦਮ ਸੁੱਕ ਜਾਣਾ ਪਾਣੀ ਤਾਂ ਕਈ ਦਿਨਾਂ ਤੱਕ ਵੀ ਨਹੀਂ ਸੁਕਣਾ। ਪਰ ਹੁਣ ਮੈਂ ਸੰਸਕਾਰ ਆਪਣੇ ਖੂਹ 'ਤੇ ਸ਼ੈਡ ਥੱਲੇ ਹੀ ਕਰੂੰਗਾ। ਸੁੱਚਾ ਸਿੰਘ ਨੇ ਇਹ ਮੈਨੂੰ ਇਕ ਤਰ੍ਹਾਂ ਚੈਲੰਜ ਹੀ ਕੀਤਾ ਲਗਦਾ। ਤੇ ਮੈਂ ਇਹ ਉਹਦਾ ਚੈਲੰਜ ਹੱਸ ਕੇ ਕਬੂਲ ਕਰਦਾਂ। ਜੇ ਮੈਂ ਆਪਣੇ ਬੜੇ ਭਾਈ ਦਾ ਸੰਸਕਾਰ ਆਪਣੇ ਖੂਹ 'ਤੇ ਕਰ ਦਿੱਤਾ ਤਾਂ ਫੇਰ ਮੈਨੂੰ ਕਿਹੜਾ ਉਹ ਭੂਤ ਬਣ ਕੇ ਚਿੰਬੜਨ ਲੱਗਾ। ਅਸਲੀ ਭੂਤ ਤਾਂ ਏਦਾਂ ਦੇ ਪਾਖੰਡੀ ਹੁੰਦੇ ਆ ਉਹ ਤਾਂ ਐਸ ਵੇਲ਼ੇ ਮਿੱਟੀ ਐ ਵੈਸੇ ਵੀ ਮੇਰੇ ਬੜੇ ਭਾਈ ਨੇ ਮੇਰੇ ਖੂਹ 'ਤੇ ਹੀ ਦਾ ਬਹੁਤ ਸਾਰਾ ਸਮਾਂ ਗੁਜ਼ਾਰਿਆ ਸੀ। ਵਿਚਾਰਨ ਵਾਲੀ ਗੱਲ ਤਾਂ ਇਹ ਐ ਕਿ ਇਹ ਛੋਟਾ ਜਿਹਾ ਪਿੰਡ ਐ ਦੋ-ਦੋ ਸ਼ਮਸ਼ਾਨ ਘਾਟ ਦੋ-ਦੋ ਗੁਰਦੁਆਰੇ ਕੀ ਲੋੜ ਸੀ ਵੱਖਰੇ ਗੁਰਦੁਆਰੇ ਦੀ ਆਧਰਮੀਆਂ ਦੇ ਮੁਹੱਲੇ ਵਿੱਚ ਰਵਿਦਾਸ ਗੁਰਦੁਆਰਾ ਵੀ ਸ਼ੈਦ ਇਹਨਾਂ ਪਾਖੰਡੀਆਂ ਕਰਕੇ ਹੀ ਬਣਿਆ ਹੋਵੇ । ਕਿਉਂਕਿ ਇਹ ਲੋਕ ਚੌਧਰ ਨੀ ਸੀ ਛੱਡਣੀ ਚਾਹੁੰਦੇ ਜੇ ਆਧਰਮੀਆਂ ਦੇ ਦੋ ਮੈਂਬਰ ਜੱਟਾਂ ਦੇ ਗੁਰਦੁਆਰੇ ਦੀ ਕਮੇਟੀ ਵਿੱਚ ਲੈ ਲੈਂਦੇ ਤਾਂ ਕੀ ਪਹਾੜ ਡਿੱਗ ਪੈਣਾ ਸੀ? ਆਪਸੀ ਭਾਈਚਾਰਾ ਮਜ਼ਬੂਤ ਹੁੰਦਾ ਸਾਂਝਾਂ ਬਣੀਆਂ ਰਹਿੰਦੀਆਂ ਪਰ ਇਹ ਤਾਂ ਜ਼ਾਤਾਂ-ਪਾਤਾਂ ਦੇ ਹੰਕਾਰ ਵਿੱਚ ਜਕੜੇ ਪਏ ਆਕਹਿੰਦੈ ਇਹ ਨੀਵੀਂ ਜ਼ਾਤ ਦਾ ਐ ਰਗੜ ਕੇ ਗੋਡੇ 'ਤੇ ਲਾ ਲਵੇ ਉੱਚੀ ਜ਼ਾਤ ਨੂੰ ਵੇਖੇ ਐ ਉਚੀ ਜ਼ਾਤ ਆਲਿਆਂ ਦੇ ਤਮਾਸ਼ੇ। ਡਰਾਇੰਗ ਰੂਮ ਵਿੱਚ ਪਈਆਂ ਭਾਂਤ-ਭਾਂਤ ਦੀਆਂ ਸ਼ਰਾਬਾਂ ਤੇ ਬੀਅਰਾਂ ਸਿਗਰਟਾਂ ਭੂੱਕੀ ਸਮੈਕ ਵਿਸਕੀ ਚਿੱਟੇ ਦਾ ਸੇਵਨ ਮਹਿੰਗੇ ਫੋਨ ਅੱਜ ਹੋਰ, ਕੱਲ ਹੋਰ ਗਰੀਬ ਦਾ ਹੱਕ ਮਾਰਨਾ ਮਾੜੇ ਦੀ ਇਜ਼ਤ ਨੂੰ ਇਜ਼ਤ ਨਾ ਸਮਝਣਾ ਬੇਈਮਾਨੀਆਂ ਤੇ ਬਦਚਲਣੀਆਂ ਕਰਨੀਆਂ ਨੀਵੀਂ ਜ਼ਾਤ ਵਾਲਿਆਂ ਦੀ ਕਿਰਤ ਖਾਣੀ ਨੀਵੀ ਜ਼ਾਤ ਵਾਲਿਆਂ ਤੋਂ ਆਪਣੇ ਘਰਾਂ 'ਚ ਲਿਬਾਂ ਪੋਚੀ ਕਰੋਣੀ ਰਸੋਈ ਵਿੱਚ ਕੰਮ ਕਾਜ ਕਰੌਣਾ ਉਦੋਂ ਨੀ ਨੀਵੀਂ ਜ਼ਾਤ ਦਿੱਸਦੀ? ਜਾ ਜੂਤਾਂ ਤਾਂ ਹੁਣ ਪਿੱਛੇ ਰਹਿ ਗਈਆਂ ਇਹ ਜ਼ਾਤਾਂ ਦੀ ਹਊਮੈ ਵਿੱਚ ਡੁੱਬੇ ਪਏ ਆ ਪਾਖੰਡੀ ਹੰਕਾਰੀ। ਮੇਰੇ ਮਨ ਵਿੱਚ ਪਤਾ ਨੀ ਅਜੇ ਕੀ ਕੁਸ਼ ਹੋਰ ਸੀ ਜੋ ਧਾਰੋ-ਧਾਰ ਪੈਂਦੇ ਮੀਂਹ ਵਾਂਗ ਮੇਰੀ ਸੋਚ 'ਚ ਭਾਂਬੜ ਮਚਾ ਰਿਹਾ ਸੀ। ਮੈਂ ਸੋਚਾਂ 'ਚ ਐਨਾ ਉਤਰ ਗਿਆ ਸੀ ਕਿ ਪਤਾ ਹੀ ਨਹੀਂ ਲੱਗਾ ਕਦੋਂ ਬੜੇ ਭਾਈ ਦੇ ਘਰ ਪਹੁੰਚ ਗਿਆ। ਵਿਹੜੇ ਪੈਰ

ਪਾਉਂਦਿਆਂ ਹੀ ਸਾਰਿਆਂ ਮੇਰੇ ਵੱਲ ਉਤਸੁਕਤਾ ਤੇ ਸਵਾਲੀਆਂ ਨਜ਼ਰਾਂ ਨਾਲ ਵੇਖਿਆ।

"ਕਿੱਦਾਂ ਕੀ ਕਹਿੰਦਾ?" ਉਤਾਵਲੀ ਹੋਈ ਨਿੰਮੋ ਨੇ ਕਿਹਾ ।"ਮੰਨਿਆਂ ਨੀ ਹਨਾ।" ਨਿੰਮੋ ਨੇ ਆਪੇ ਸਵਾਲ ਕੀਤਾ ਤੇ ਆਪੇ ਉਹਦਾ ਗੁੱਸੇ ਭਰਿਆ ਜੁਆਬ ਦੇ ਦਿਤਾ।

"ਹਾਂ ਨਈ ਮੰਨਿਆ ।ਚੱਲ ਕੋਈ ਨਾ।" ਮੈਂ ਗੁੱਸੇ 'ਚ ਜੁਆਬ ਦਿੱਤਾ।"ਉਹ ਮੈਨੂੰ ਕਹਿੰਦਾ 'ਜੇ ਤੈਨੂੰ ਸਰੂਪੂ ਦੇ ਸੰਸਕਾਰ ਦੀ ਐਨੀ ਚਿੰਤਾ ਐ ਤਾਂ ਆਪਣੇ ਖੂਹ 'ਤੇ ਸ਼ੈਡ ਥੱਲੇ ਕਰ ਦੇ । ਆਪਾਂ ਹੁਣ ਸੰਸਕਾਰ ਆਪਣੇ ਖੂਹ 'ਤੇ ਸ਼ੈਡ ਥੱਲੇ ਈ ਕਰਨਾ ਐ ਬੱਸ ਤਿਆਰੀ ਕਰੋ।" ਮੈਂ ਬਾਹਲ਼ੀ ਫ਼ੁਰਤੀ ਵਿੱਚ ਕਿਹਾ।"ਬਾਰਾਂ ਵੱਜਣ ਵਾਲੇ ਹੋ ਗਏ ਆਚਲੋਂ ਉਠੋ।" ਮੈਂ ਹੌਸਲੇ ਨਾਲ ਨਿੰਮੋ ਰੌਕੀ ਅਤੇ ਵੱਲ ਮੂੰਹ ਕਰਕੇ ਕਿਹਾ।"ਹੋਰ ਕੋਈ ਚਾਰਾ ਨੀ।ਮੈਨੂੰ ਭਰਜਾਈ ਖੁਸ਼ੀ ਆ ਕਿ ਮੈਂ ਆਪਣੇ ਭਾਈ ਦਾ ਸੰਸਕਾਰ ਆਪਣੇ ਖੂਹ 'ਤੇ ਕਰਾਂਗਾ।" ਮੈਂ ਬੜੇ ਭਾਈ ਦੀ ਜੀਤੋਂ ਦੇ ਮੋਢੇ 'ਤੇ ਹੱਥ ਰੱਖਦਿਆਂ ਅਪਣੱਤ ਨਾਲ ਕਿਹਾ।

"ਚੱਲ ਇਹ ਤਾਂ ਬਹੁਤ ਵਧੀਆਂ ਹੋਇਆ।" ਨਿੰਮੋ ਨੇ ਖੁਸ਼ ਹੁੰਦਿਆਂ ਕਿਹਾ।

"ਇਹ ਥੇ ਪੈਣਾਂ ਜਦੋਂ ਸਾਥੋਂ ਆਪਣੇ ਘਰ ਦਾ ਕੰਮ ਕਰੌਂਦਾ ਸੀਉਦੋਂ ਨੀ ਭਿੱਟ ਹੁੰਦਾ? ਹੁਣ ਚਾਚੇ ਦੇ ਸੰਸਕਾਰ ਨਾਲ ਇਹ ਭਿੱਟ ਹੋ ਚਲਿਆ।ਨਾਲੇ ਏਹਦੇ ਸਿਵੇ ਭਿੱਟ ਹੋ ਜਾਣੇ ਸੀ।ਨਾਂਅ ਤਾਂ ਭਾਜੀ ਏਹਦਾ ਸੁੱਚਾ ਐਪਰ ਹੈ ਸਾਰੇ ਜ਼ਮਾਨੇ ਦੀ ਝੂਠਹੰਕਾਰ ਵਿੱਚ ਏਹਦੀ ਧੌਣ ਕਿਸੇ ਵੀ ਵੇਲੇ ਨੀਵੀਂ ਨਹੀਂ ਹੁੰਦੀ। " ਸ਼ਿੰਦੋ ਤਲਖ਼ੀ ਵਿੱਚ ਰਿੱਝ ਰਹੀ ਸੀ।

"ਏਦਾਂ ਦੀਆਂ ਗੱਲਾਂ ਕਰਨ ਦਾ ਕੋਈ ਲਾਭ ਨੀ ਬੱਸ ਤੁਸੀਂ ਉਠੋਂ ਖੂਹ 'ਤੇ ਚੱਲ ਕੇ ਸ਼ੈਡ ਥੱਲਿਓਂ ਸਾਰੀ ਫਰਸ਼ ਧੋ ਸੰਵਾਰ ਦੇਈਏ।ਰੌਕੀ ।" ਮੈਂ ਦੇ ਮੁੰਡੇ ਨੂੰ ਕਿਹਾ।"ਕੁਸ਼ ਬਾਲਣ ਤਾਂ ਖੂਹ 'ਤੇ ਹੈਗੈ ਬਾਕੀ ਤੂੰ ਏਥੋਂ ਕੱਠਾ ਕਰ ਲੈ ਅੰਮ੍ਰਿਤ ਦੀ ਗੱਡੀ 'ਚ ਰੱਖ ਲਿਆਈਂ।ਮੈਂ ਉਹਨੂੰ ਫੋਨ ਕਰਦਾਂ ਉਹ ਘਰ ਆ ਈ ਗਿਆ ਹੋਣਾ ਗੱਡੀ ਲੈ ਕੇ।" ਮੈਂ ਫਟਾ-ਫੱਟ ਸੰਸਕਾਰ ਦੀ ਤਿਆਰੀ ਕਰਦਿਆਂ ਰੌਕੀ ਨੂੰ ਕਿਹਾ ਸੀ।

"ਤੁਸੀਂ ਫੋਨ ਲਾਓ ਅੰਮ੍ਰਿਤ ਨੂੰ।" ਨਿੰਮੋ ਨੇ ਫੁਰਤੀ ਨਾਲ ਉਠਦਿਆਂ ਮੈਨੂੰ ਕਿਹਾ।

"ਹਾਂ ਕਿੱਦਾਂ ਆ ਗਿਐ।" ਮੈਂ ਆਪਣੇ ਲੜਕੇ ਅੰਮ੍ਰਿਤ ਨੂੰ ਥੋੜ੍ਹਾ ਪਰ੍ਹੇ ਹੋ ਕੇ ਫੋਨ ਲਾਇਆ।"ਅਸੀਂ ਉਥੇ ਈ ਆਂ ਤੂੰ ਰੋਟੀ ਖਾ ਕੇ ਗੱਡੀ ਲੈ ਕੇ ਆ ਜਾਈਂ ਇਥੇ ਤੇਰੇ ਤਾਏ ਦਾ ਸੰਸਕਾਰ ਆਪਾਂ ਖੂਹ 'ਤੇ ਕਰਨੈ ਕੋਈ ਨੀ ਤੂੰ ਤਸੱਲੀ ਨਾਲ ਰੋਟੀ ਖਾ ਕੇ ਆ ਜਾਈਂ ਹਾਲੇ ਘੰਟਾ ਕੁ ਕਰਦਿਆਂ ਕਤਰਦਿਆਂ ਲੱਗ ਜਾਣੈਅਸੀਂ ਖੂਹ ਨੂੰ ਸੰਸਕਾਰ ਲਈ ਥਾਂ ਸੰਵਾਰਨ ਲਈ ਚੱਲੇ ਆਂ ਚੱਲ ਠੀਕ ਐ।" ਮੈਂ ਫੋਨ ਬੰਦ ਕਰ ਦਿਤਾ ਤੇ ਨਿੰਮੋ ਨੂੰ ਕਿਹਾ ।"ਅੰਮ੍ਰਿਤ ਆ ਗਿਆ ਬੱਸ ਅੱਧੇ ਪੌਣੇ ਘੰਟੇ ਤੱਕ ਇਥੇ ਆ ਜਊ।" ਮੈਂ ਆਪਣੀ ਬਰਸਾਤੀ ਪਾਉਣ ਲੱਗ ਪਿਆ।ਨਿੰਮੋ ਨੇ ਛੱਤਰੀ ਖੋਲ੍ਹ ਲਈ।ਸ਼ਿੰਦੋ ਵੀ ਨਾਲ ਤੁਰ ਪਈ।

ਮੀਂਹ ਪਹਿਲਾਂ ਵਾਂਗ ਹੀ ਪੈ ਰਿਹਾ ਸੀ।ਮੀਂਹ ਦੀਆਂ ਕਿਣੀਆਂ ਹੁਣ ਬਰੀਕ ਸਨ ਪਾਣੀ ਤਾਂ ਜਿਉਂ ਦਾ ਤਿਉਂ ਸੀ ਅਸੀਂ ਸਾਰੇ ਜਾਣੇ ਖੂਹ ਵੱਲ ਨੂੰ ਰਵਾਂ ਰਵੀਂ ਤੁਰੇ ਜਾ ਰਹੇ ਸਾਂ ਮੇਰੇ ਮਨ ਵਿੱਚ ਬੜੇ ਭਾਈ ਦੇ ਵਿਛੋੜੇ ਦਾ ਦੁੱਖ ਘੱਟ ਪਰ ਆਪਣੇ ਖੂਹ 'ਤੇ ਉਸ ਦਾ ਸੰਸਕਾਰ ਕਰਨ ਦਾ ਚਾਅ ਵੱਧ ਸੀ ਇਸ ਕਰਕੇ ਮੈਂ ਪੈਰਾਂ ਵਿੱਚ ਬਿਜਲੀ ਜਿਹੀ ਫੁਰਤੀ ਨਾਲ ਲੰਬੀਆਂ ਲੰਬੀਆਂ ਪੁਲਾਂਘਾਂ ਪੁੱਟਦਾ ਨਿੰਮੋ ਅਤੇ ਨਾਲੋਂ ਕਾਫੀ ਅੱਗੇ-ਅੱਗੇ ਜਾ ਰਿਹਾ ਸੀ।

ਮੋਬਾਇਲ: 88728-54500



## ਕਹਾਣੀ/ ਮੁੜ ਗਵਾਚੀ ਕਥਾ/ -ਵਿਪਨ ਕੁਮਾਰ

ਕਈ ਦਿਨਾਂ ਤੋਂ ਮੈਂ ਕਹਾਣੀ ਲਿਖਣ ਬਾਰੇ ਸੋਚ ਰਿਹਾ ਸਾਂ ਪਰ ਇਕ ਤਾਂ ਵਿਹਲ ਹੀ ਨਹੀਂ ਸੀ ਮਿਲ ਰਹੀ ਤੇ ਦੂਜਾ, ਜੋ ਕਹਾਣੀ ਲਿਖਣ ਲਈ ਲਾਜ਼ਮੀ ਹੁੰਦਾ ਹੈ, ਸਿਰਜਨਾਤਮਕ ਮਾਹੌਲ ਉਹ ਹੀ ਨਹੀਂ ਸੀ ਬਣ ਰਿਹਾ। ਘਰੇਲੂ ਕੰਮਾਂ ਅਤੇ ਹੋਰ ਝਮੇਲਿਆ 'ਚ ਏਨਾ ਰੁੱਝ ਗਿਆ ਕਿ ਕਈ ਵਿਸ਼ੇ ਮੇਰੇ ਅਚੇਤ ਮਨ ਵਿਚ ਖਰੂਦ ਪਾਉਂਦੇ ਰਹੇ ਤੇ ਮੈਂ ਉਸਲਵੱਡੇ ਲੈਂਦਾ ਰਿਹਾ। ਆਖਰ ਇਹਨਾਂ ਕਈ ਵਿਸ਼ਿਆ 'ਚੋਂ ਮੈਂ ਇਕ ਵਿਸ਼ੇ ਦੀ ਚੋਣ ਵੀ ਕਰ ਲਈ ਸੀ ਤੇ ਪੂਰੀ ਕਹਾਣੀ ਨੂੰ ਆਪਣੇ ਮਨ ਵਿਚ ਬਣਾ ਵੀ ਲਿਆ ਸੀ, ਕਹਾਣੀ ਪੂਰੀ ਫਿਲਮ ਵਾਂਗ ਮੇਰੀਆਂ ਅੱਖਾਂ ਅੱਗੇ ਆ ਰਹੀ ਸੀ। ਪਰ ਉਸ ਕਹਾਣੀ ਨੂੰ ਲਿਖਤੀ ਰੂਪ ਦੇਣ ਲਈ ਵਿਹਲ ਤੇ ਮਾਹੌਲ ਦੋਵੇਂ ਹੀ ਨਹੀਂ ਸਨ ਜੁੜ ਰਹੇ।

ਤੇ ਅੱਜ ਮੈਨੂੰ ਵਿਹਲ ਤੇ ਸਿਰਜਨਾਤਮਕ ਮਾਹੌਲ ਦੋਵੇਂ ਹੀ ਮਿਲ ਸਕਦੇ ਹਨ। ਮੈਂ ਕੰਮ ਤੋਂ ਛੁੱਟੀ ਲਈ ਹੋਈ ਹੈ, ਕਿਉਂਕਿ ਮੇਰੀ ਛੋਟੀ ਸਾਲੀ ਦੀ ਛੋਟੀ ਕੁੜੀ ਜੋ ਮਸਾਂ ਅਜੇ ਚਾਰ ਕੁ ਸਾਲ ਦੀ ਹੈ, ਦਾ ਜਨਮ ਦਿਨ ਹੈ ਤੇ ਮੈਂ ਆਪਣੀ ਪਿਆਰੀ ਪਤਨੀ ਨੂੰ ਕਹਿ ਚੁੱਕਾ ਹਾਂ ਕਿ ਉਹ ਪਹਿਲਾਂ ਚਲੀ ਜਾਵੇ ਅਤੇ ਮੈਂ ਸ਼ਾਮ ਨੂੰ ਕੇਕ ਕੱਟਣ ਤੋਂ ਪਹਿਲਾਂ ਅਪੜ ਜਾਵਾਂਗਾ। ਮੇਰੀ ਪਤਨੀ ਮੇਰੀਆਂ ਭਾਵਨਾਵਾਂ ਦੀ ਕਦਰ ਕਰਦੀ ਹੈ ਤੇ ਉਹ ਜਾਣ ਦੀ ਤਿਆਰੀ ਕਰ ਰਹੀ ਹੈ। ਮੈਂ ਉਸ ਦੇ ਜਾਣ ਦਾ ਇੰਤਜ਼ਾਰ ਕਰ ਰਿਹਾ ਹਾਂ ਜਿਵੇਂ ਹੀ ਉਹ ਜਾਵੇਗੀ, ਮੇਰੇ ਕੋਲ ਖੁੱਲ੍ਹਾ ਵਿਹਲ ਹੋਵੇਗਾ ਤੇ ਜਿਸ ਤਰ੍ਹਾਂ ਦਾ ਸਿਰਜਨਾਤਮਕ ਮਾਹੌਲ ਮੈਂ ਉਸਾਰਨਾ ਚਾਹੁੰਦਾ ਹਾਂ ਮੈਂ ਉਹ ਉਸਾਰ ਹੀ ਲਵਾਂਗਾ। ਏਨੇ ਨੂੰ ਫੋਨ ਦੀ ਘੰਟੀ ਵੱਜਦੀ ਹੈ।

"ਹੈਲੋ ਕੌਣ?" ਮੈਂ ਪੁੱਛਦਾ ਹਾਂ।

"ਹੈਲੋ ਮਾਸੜ ਜੀ, ਮੈਂ ਬੋਲ ਦੀ ਆ, ਵੰਸ਼ਿਕਾ। ਛੇਤੀ ਆਜੋ, ਚਾਕਲੇਟ ਲੈ ਕੇ ਆਇਓ।"

"ਓ ਕੇ ਬੇਟਾ, ਲੈ ਕੇ ਆਵਾਂਗੇ, ਮੰਮੀ ਨਾਲ ਗੱਲ ਕਰਾ।" ਆਪਣੀ ਛੋਟੀ ਸਾਲੀ ਨਾਲ ਗੱਲ ਕਰਕੇ ਤੇ ਉਸ ਨੂੰ ਸਾਰੀ ਗੱਲ ਦੱਸ ਕੇ ਮੈਂ ਫੋਨ ਰੱਖ ਦਿੰਦਾ ਹਾਂ।

ਕਈ ਦਿਨ ਪਹਿਲਾਂ ਜਦ ਮੇਰੀ ਛੋਟੀ ਸਾਲੀ ਦਾ ਫੋਨ ਆਇਆ ਸੀ, ਜਨਮ ਦਿਨ ਦੇ ਸੱਦੇ ਲਈ, ਉਦੋਂ ਵੀ ਵੰਸ਼ਿਕਾ ਨੇ ਮੇਰੇ ਨਾਲ ਗੱਲ ਕੀਤੀ ਸੀ। ਉਹ ਫੋਨ ਤੇ ਕਿਵੇਂ ਗੱਲਾਂ ਕਰ ਰਹੀ ਸੀ। ਮੈਂ ਤਾਂ ਸੁਣ ਕੇ ਹੈਰਾਨ ਹੀ ਰਹਿ ਗਿਆ ਸਾਂ। ਏਨੀ ਛੋਟੀ ਉਮਰ ਅਤੇ ਜ਼ੁਬਾਨ ਤੇ ਏਨੀ ਪਕੜ੍ਹ। ਮੈਂ ਸੋਚਿਆ, ਜਦ ਅਸੀਂ ਇਹਨਾਂ ਵਰਗੇ ਸਾਂ, ਸਾਨੂੰ ਨੱਕ ਪੂੰਝਣ ਦੀ ਜਾਚ ਨਹੀਂ ਸੀ। ਤੇ ਅੱਜ ਕੱਲ੍ਹ ਦੇ ਬੱਚੇ ਮੋਬਾਇਲ ਫੋਨਜ਼, ਚੱਲ ਰਹੇ ਫੈਸ਼ਨ ਅਤੇ ਪਸੰਦ ਨਾ ਪਸੰਦ ਬਾਰੇ ਕਿੰਨਾ ਕੁਝ ਜਾਣਦੇ ਹਨ। ਮੈਂ ਇਕਵੀਂ ਸਦੀ 'ਚ ਪੈਦਾ ਹੋਏ ਬੱਚਿਆਂ ਦੇ ਦਿਮਾਗੀ ਵਿਕਾਸ ਬਾਰੇ ਸੋਚ ਸੋਚ ਹੈਰਾਨ ਹੋ ਰਿਹਾ ਸਾਂ।

ਅਜੇ ਕੱਲ੍ਹ ਦੀ ਹੀ ਤਾਂ ਗੱਲ ਲੱਗਦੀ ਹੈ ਜਦੋਂ ਵੰਸ਼ਿਕਾ ਦਾ ਜਨਮ ਹੋਇਆ ਸੀ ਤੇ ਕਿਵੇਂ ਜਨਮ ਲੈਂਦਿਆਂ ਹੀ ਥੋੜ੍ਹਾ ਕੁ ਰੋਣ ਮਗਰੋਂ ਅੱਖਾਂ ਖੋਲ੍ਹ ਕੇ ਉਹ ਸਾਰਿਆਂ ਵੱਲ ਇੰਝ ਵੇਖ ਰਹੀ ਸੀ, ਜਿਵੇਂ ਕਿ ਸਭ ਨੂੰ ਜਾਣਦੀ ਹੀ ਹੋਵੇ। ਫੇਰ ਉਸ ਨੇ ਰਿੜਨਾ ਸ਼ੁਰੂ ਕੀਤਾ ਤੇ ਫੇਰ ਉਹ ਤੁਰਨ ਲੱਗ ਪਈ। ਓਦੋਂ ਉਹ ਅਜੇ ਇਕ ਸਾਲ ਦੀ ਹੀ ਹੋਈ ਸੀ। ਹੁਣ ਉਹ ਬੋਲਣਾ ਸਿਖਣ ਲੱਗੀ। ਉਹ ਬੋਲਣਾ ਸਿਖ ਗਈ। ਉਹਦੇ ਸ਼ਬਦਾਂ ਦਾ ਉਚਾਰਨ ਸਮਝੋਂ ਬਾਹਰ ਸੀ ਪਰ ਉਹ ਬੋਲਣ ਲੱਗ

ਪਈ ਸੀ। ਇਕ ਵਾਰ ਜਦੋਂ ਮੈਂ ਉਸ ਕੋਲੋਂ ਉਸ ਦਾ ਨਾਂ ਪੁੱਛਿਆ ਸੀ ਤਾਂ ਉਹ ਬੋਲੀ ਸੀ , "ਵੱਛੀ ਗਾਂ।"

ਮੈਨੂੰ ਤਾਂ ਕੁਝ ਸਮਝ ਨਾ ਪਈ ਪਰ ਕਹਿੰਦੇ ਨੇ ਬੱਚੇ ਦੀ ਭਾਸ਼ਾ ਉਸਦੀ ਮਾਂ ਜ਼ਰੂਰ ਸਮਝ ਲੈਂਦੀ ਹੈ, ਭਾਵੇਂ ਬੱਚਾ ਗੁੰਗਾ ਹੀ ਕਿਉਂ ਨਾ ਹੋਵੇ। ਬਾਅਦ ਵਿਚ ਮੇਰੀ ਛੋਟੀ ਸਾਲੀ ਨੇ ਮੈਨੂੰ ਦੱਸਿਆ ਕਿ ਉਹ 'ਵੰਸ਼ਿਕਾ' ਕਹਿ ਰਹੀ ਸੀ। ਮੈਂ ਹੱਸ-ਹੱਸ ਕੇ ਕਮਲਾ ਹੋ ਗਿਆ ਸਾਂ ਉਦੋਂ।

ਤੇ ਅੱਜ ਵੰਸ਼ਿਕਾ ਦਾ ਜਨਮ ਦਿਨ ਹੈ ਤੇ ਮੇਰੀ ਪਤਨੀ ਉੱਥੇ ਚਲੀ ਗਈ ਹੈ। ਹੁਣ ਘਰ ਵਿਚ ਮੈਂ ਤੇ ਵਿਹਲ ਦੋਵੇਂ ਜਾਣੇ ਹਾਂ। ਤੀਜੇ ਸਾਥੀ ਨੂੰ ਮੈਂ ਅਜੇ ਉਸਾਰਨਾ ਹੈ। ਉਸ ਤੋਂ ਬਾਆਦ ਜਿਸ ਵਿਸ਼ੇ ਦੀ ਮੈਂ ਚੋਣ ਕੀਤੀ ਹੈ। ਕਹਾਣੀ ਲਿਖਣ ਲਈ ਉਹ ਲਿਖਤੀ ਰੂਪ 'ਚ ਮੇਰੇ ਸਾਹਮਣੇ ਹੋਵੇਗਾ।

ਅਚਾਨਕ ਸਾਡਾ ਗੇਟ ਖੜਕਦਾ ਹੈ। ਮੇਰੇ ਮੱਥੇ ਤੇ ਤਿਓੜੀਆਂ ਪੈ ਜਾਂਦੀਆਂ ਹਨ ਤੇ ਮੇਰੇ ਧੁਰ ਅੰਦਰੋਂ ਇਕ ਗੰਦੀ ਗਾਲ ਤੁਰਦੀ ਹੈ ਅਤੇ ਮੇਰੇ ਮੂੰਹ ਵੱਲ ਵੱਧਦੀ ਹੈ ਪਰ ਗੇਟ ਵੱਲ ਵੇਖਦਿਆਂ ਹੀ ਗਾਲ ਫੇਰ ਵਾਪਸ ਪਰਤ ਜਾਂਦੀ ਹੈ। ਇਕ ਚਾਰ ਕੁ ਸਾਲ ਦੀ ਕੁੜੀ, ਕੁੱਛੜ ਇਕ ਜਾਂ ਡੇਢ ਸਾਲ ਦੇ ਬੱਚੇ ਨੂੰ ਚੁੱਕੀ ਅੰਦਰ ਆ ਰਹੀ ਹੈ। ਉਸ ਨੇ ਗੰਦੀ ਫਰਾਕ ਪਾਈ ਹੋਈ ਹੈ ਤੇ ਕੁੱਛੜ ਚੁੱਕੇ ਬੱਚੇ ਦੇ ਵੀ ਇਕ ਪਜ਼ਾਮੀ ਪਾਈ ਹੋਈ ਹੈ ਪਰ ਉਹ ਧੜੋ ਨੰਗਾ ਹੈ। ਕੁੜੀ ਦੇ ਵਾਲ਼ ਵਾਹੇ ਹੋਏ ਤੇ ਕਲਿਪ ਲੱਗੇ ਹੋਏ ਹਨ। ਛੋਟੇ ਬੱਚੇ ਦਾ ਵੀ ਮੂੰਹ ਸਾਫ਼ ਹੈ, ਵਾਲ਼ ਵਾਹੇ ਹੋਏ ਹਨ। ਦੋਹਾਂ ਦੀਆਂ ਅੱਖਾਂ 'ਚ ਸੁਰਮਾ ਵੀ ਪਾਇਆ ਹੋਇਆ ਹੈ। ਮੈਂ ਇਹਨਾਂ ਨੂੰ ਨਹੀਂ ਜਾਣਦਾ ਪਰ ਫਰਾਕ, ਪਜ਼ਾਮੀ ਤੇ ਕਲਿਪ ਮੈਂ ਜ਼ਰੂਰ ਪਛਾਣ ਲਏ ਹਨ। ਇਹ ਮੈਂ ਹੀ ਵੰਸ਼ਿਕਾ ਨੂੰ ਲੈ ਕੇ ਦਿੱਤੇ ਸਨ। ਪਰ ਇਹ ਸਭ ਇਸ ਕੁੜੀ ਕੋਲ...?

ਦੋਵਾਂ ਨੂੰ ਵੇਖ ਮੈਨੂੰ ਗੁੱਸਾ ਚੜ੍ਹਦਾ ਹੈ ਤੇ ਮੈਂ ਇਨ੍ਹਾਂ ਨੂੰ ਰੰਗ ਵਿਚ ਭੰਗ ਪਾਉਣ ਵਾਲੇ ਸਮਝ ਰਿਹਾ ਹਾਂ। ਤਿਓੜੀਆਂ ਮੇਰੇ ਮੱਥੇ 'ਤੇ ਉਂਝ ਦੀਆਂ ਉਂਝ ਹੀ ਪਈਆਂ ਹੋਈਆਂ ਹਨ ਤੇ ਅੱਖਾਂ ਵਿਚ ਗੁੱਸਾ ਸਾਫ਼ ਝਲਕ ਰਿਹਾ ਹੈ। ਕੁੜੀ ਨਿੱਕੇ ਨਿੱਕੇ ਕਦਮ ਪੁੱਟਦੀ ਮੇਰੇ ਕੋਲ ਆ ਗਈ ਹੈ। ਉਹ ਮੇਰੇ ਵੱਲ ਦੇਖ ਰਹੀ ਹੈ ਪਰ ਉਸ ਦੇ ਚਿਹਰੇ ਤੇ ਮੈਨੂੰ ਦੇਖ ਕੇ ਕੋਈ ਭਾਵ ਨਹੀਂ ਆਉਂਦੇ।

"ਕੀ ਗੱਲ ਆ? ਕਿੱਧਰ ਮੂੰਹ ਚੁੱਕਿਆ??" ਮੈਂ ਗੁੱਸੇ ਵਿਚ ਪੁੱਛਦਾ ਹਾਂ।

"ਅੰਕਲ!!" ਉਹ ਬਿਨਾਂ ਡਰੇ ਤੇ ਕੁੱਛੜ ਚੁੱਕੇ ਬੱਚੇ ਨੂੰ ਮੋਢੇ ਨਾਲ ਲਾਉਂਦੀ ਬੋਲੀ, "ਮੈਂ ਬੀਰੋ ਦੀ ਕੁੜੀ ਆ।"

ਕੁੜੀ ਦੇ ਮੂੰਹੋਂ ਨਿਡੱਰ ਜਵਾਬ ਸੁਣ ਕੇ ਮੈਂ ਥੋੜ੍ਹਾ ਜਿਹਾ ਸ਼ਾਂਤ ਹੁੰਦਾ ਹਾਂ। ਬੀਰੋ ਸਾਡੇ ਘਰ ਦਾ ਕੰਮ ਕਰਨ ਵਾਲੀ ਦਾ ਨਾਂ ਹੈ ਤੇ ਇਹ ਦੋਵੇਂ ਬੱਚੇ ਉਸਦੇ ਹਨ। ਮੈਂ ਪਹਿਲਾਂ ਕਦੀ ਇਹਨਾਂ ਨੂੰ ਨਹੀਂ ਦੇਖਿਆ। ਬੀਰੋ ਲੋਕਾਂ ਦੇ ਘਰਾਂ ਦਾ ਕੰਮ ਕਰਕੇ ਆਪਣਾ ਤੇ ਆਪਣੇ ਬੱਚਿਆਂ ਦਾ ਢਿੱਡ ਭਰਦੀ ਹੈ। ਉਸਦਾ ਘਰਵਾਲਾ ਪਿਛਲੀਆਂ ਵੋਟਾਂ 'ਚ ਮਾੜੀ ਸ਼ਰਾਬ ਬਹੁਤੀ ਪੀਣ ਕਰਕੇ 'ਨਰਕ ਸਿਧਾਰ' ਗਿਆ ਸੀ।

"ਤੇਰੀ ਮਾਂ ਕਿੱਥੇ ਆ?" ਮੈਂ ਹੋਰ ਸ਼ਾਂਤ ਹੁੰਦਿਆਂ ਪੁੱਛਿਆ।

"ਉਹ ਤਾਂ ਬੀਮਾਰ ਆ। ਮੰਮੀ ਕਹਿੰਦੀ ਸੀ ਅੱਜ ਕੰਮ ਨਹੀਂ ਕਰਨ ਆਉਣਾ, ਅੰਟੀ ਨੂੰ ਦੱਸ ਆ ਜਾ ਕੇ।"

"ਅੱਛਾ, ਠੀਕ ਆ।" ਮੈਂ ਜਵਾਬ ਦਿੰਦਾ ਹਾਂ।

ਕੁੜੀ ਵਾਪਸ ਜਾਣ ਲੱਗਦੀ ਹੈ, ਮੈਂ ਉਸ ਨੂੰ ਰੋਕਦਾ ਹਾਂ। ਮੈਂ ਅੰਦਰ ਜਾਂਦਾ ਹਾਂ ਤੇ ਫਰਿੱਜ਼



ਚੋਂ ਇਕ ਸੇਬ ਕੱਢ ਲਿਆਉਂਦਾ ਹਾਂ ਤੇ ਉਸ ਨੂੰ ਫੜਾ ਦਿੰਦਾ ਹਾਂ।

"ਦੋਵੇਂ ਭੈਣ ਭਰਾ ਖਾ ਲਓ।"

ਉਹ ਹੱਸਦੀ ਹੈ, "ਇਹ ਮੇਰਾ ਭਰਾ ਨਹੀਂ... ਭੈਣ ਆ।"

ਮੈਂ ਵੀ ਮੁਸਕਰਾਉਂਦਾ ਹਾਂ।

"ਕੀ ਨਾਂ ਆ ਤੇਰਾ ਤੇ ਇਹਦਾ।"

"ਇਹਦਾ ਨਾਂ ਗੁੱਡੀ ਤੇ ਮੇਰਾ ਨਾਂ ਆ ਵੱਡੀ।"

"ਕੀ?"

"ਇਹਦਾ ਨਾਂ ਗੁੱਡੀ ਤੇ ਮੇਰਾ ਨਾਂ ਵੱਡੀ।"

"ਠੀਕ ਆ, ਤੂੰ ਵੱਡੀ ਏ ਪਰ ਤੇਰਾ ਅਸਲੀ ਨਾਂ ਕੀ ਆ।"

"ਮੇਰਾ ਨਾਂ ਇਹੀ ਆ। ਮੰਮੀ ਇਹਨੂੰ ਗੁੱਡੀਏ ਕਹਿੰਦੀ ਹੁੰਦੀ ਆ ਤੇ ਮੈਨੂੰ ਵੱਡੀਏ।" ਮੈਂ ਫਿਰ ਮੁਸਕਰਾ ਪੈਂਦਾ ਹਾਂ।

ਕਹਾਣੀ ਮੇਰੇ ਅਚੇਤ ਮਨ ਵਿਚ ਖਰੂਦ ਮਚਾ ਰਹੀ ਹੈ ਪਰ ਮੈਂ ਉਸਲਵੱਟੇ ਨਹੀਂ ਲੈ ਰਿਹਾ ਸਗੋਂ ਮੈਂ ਉਸ ਨਾਲ ਗੱਲਾਂ ਕਰਨ 'ਚ ਮਗਨ ਹਾਂ।

"ਤੂੰ ਸਕੂਲ ਨਹੀਂ ਜਾਂਦੀ।"

"ਨਈਂ।"

"ਕਿਉਂ??"

"ਮੇਰਾ ਡੈਡੀ ਹੈਨੀ ਨਾ। ਮੰਮੀ ਲੋਕਾਂ ਦੇ ਘਰਾਂ ਦਾ ਕੰਮ ਕਰਦੀ ਆ। ਗੁੱਡੀ ਛੋਟੀ ਆ ਤੇ ਲੋਕੀ ਚੰਗਾ ਨਈ ਸਮਝਦੇ ਜੇ ਮੰਮੀ ਇਹਨੂੰ ਨਾਲ ਲੈ ਕੇ ਕੰਮ ਕਰਨ ਜਾਵੇ ਲੋਕਾਂ ਘਰੇ। ਇਸ ਕਰਕੇ ਮੈਂ ਗੁੱਡੀ ਨੂੰ ਸਾਂਭਦੀ ਆ ਤੇ ਮੰਮੀ ਕੰਮ ਕਰਨ ਜਾਂਦੀ ਆ।"

ਮੈਂ ਉਸਦੀ ਗੱਲ ਸੁਣ ਕੇ ਗੰਭੀਰ ਹੋ ਜਾਂਦੀ ਹਾਂ। ਉਸ ਦਾ ਚਿਹਰਾ ਵੀ ਪੀਲਾ ਪੈ ਜਾਂਦਾ ਹੈ। ਮੈਂ ਫਿਰ ਸਾਰੀ ਗੱਲ ਉਸਨੂੰ ਭੁਲਾਉਣ ਲਈ ਮਜ਼ਾਕ ਦੇ ਲਹਿਜੇ 'ਚ ਉਸ ਤੋਂ ਪੁੱਛਦਾ ਹਾਂ, "ਤੇ ਫੇਰ ਅੱਜ ਕੌਣ ਕਰੂ? ਸਾਡੇ ਘਰ ਦਾ ਕੰਮ?"

"ਮੰਮੀ ਕਹਿੰਦੀ ਸੀ, ਅੱਜ ਤੁਸੀਂ ਕਿਸੇ ਰਿਸ਼ਤੇਦਾਰਾਂ ਦੇ ਜਨਮ ਦਿਨ ਤੇ ਜਾਣਾ ਆ। ਸ਼ਾਮੀ ਜਦੋਂ ਆਓਗੇ ਉਦੋਂ ਕਰ ਦਊਗੀ। ਨਾਲੇ ਥੋੜ੍ਹੀ ਮੇਰੀ ਸਿਹਤ ਠੀਕ ਹੋ ਜਾਊ ਜੇ ਫੇਰ ਵੀ ਕੋਈ ਜ਼ਰੂਰੀ ਕੰਮ ਆ ਤੇ ਮੈਨੂੰ ਦੱਸ ਦਿਓ। ਮੈਂ ਕਰ ਦਿੰਨੀ ਆ ਹੁਣੇ।"

ਮੈਂ ਜ਼ੋਰ ਦੀ ਹੱਸਦਾ ਹਾਂ।

ਉਹ ਵੀ ਮੁਸਕਰਾਉਂਦੀ ਹੈ।

"ਤੇਰੇ ਕੋਲੋਂ ਹੋ ਜਾਊ ਕੰਮ।" ਮੈਂ ਮੁਸਕਰਾਉਂਦਾ ਹੋਇਆ ਪੁੱਛਦਾ ਹਾਂ।

"ਹੋਰ, ਮੰਮੀ ਕਹਿੰਦੀ ਹੁੰਦੀ ਆ ਕਿ ਮੈਂ ਉਸ ਨਾਲ ਕੰਮ ਵੀ ਕਰਾਇਆ ਕਰਾਂ। ਹੁਣ ਮੈਂ ਵੱਡੀ ਹੋ ਗਈ ਆ। ਤਾਂ ਕਰਕੇ।"

ਮੈਂ ਮੁਸਕਰਾਉਂਦਾ ਮੁਸਕਰਾਉਂਦਾ ਰੁਕ ਜਾਂਦਾ ਹਾਂ। ਮੈਂ ਗੰਭੀਰ ਹੋ ਜਾਂਦਾ ਹਾਂ। ਮੇਰੇ ਵੱਲੋਂ ਕੋਈ ਜਵਾਬ ਨਾ ਮਿਲਣ ਕਰਕੇ ਵੱਡੀ ਵਾਪਸ ਮੁੜ ਜਾਂਦੀ ਹੈ। ਤੇ ਮੈਂ 'ਵੱਡੀ' ਦੇ ਨਿੱਕੇ ਨਿੱਕੇ ਕਦਮਾਂ ਵੱਲ ਵੇਖਦਾ ਹੀ ਰਹਿ ਜਾਂਦਾ ਹਾਂ।

ਤੇ ਲਿਖੀ ਜਾਣ ਵਾਲੀ ਕਹਾਣੀ ਮੇਰੇ ਜ਼ਿਹਨ 'ਚੋਂ ਕਿਧਰੇ ਗਾਇਬ ਹੀ ਹੋ ਜਾਂਦੀ ਹੈ। ✪

ਮੋਬਾਇਲ-94636-13986

# ਮਰਦਾਨੇ ਦੇ ਅੰਤਰਮਨ ਦੀ ਗਾਥਾ:ਬੋਲ ਮਰਦਾਨਿਆ/ -ਡਾ. ਗੁਰਮੇਲ ਸਿੰਘ




ਬੋਲ ਮਰਦਾਨਿਆ, ਜਸਬੀਰ ਮੰਡ ਦਾ ਚੌਥਾ ਨਾਵਲ ਹੈ। ਇਸ ਤੋਂ ਪਹਿਲਾਂ ਉਹ 'ਔੜ ਦੇ ਬੀਜ', 'ਆਖਰੀ ਪਿੰਡ ਦੀ ਕਥਾ' ਤੇ 'ਖਾਜ' ਨਾਵਲਾਂ ਦੀ ਸਿਰਜਣਾ ਕਰਕੇ ਪੰਜਾਬੀ ਨਾਵਲ ਦੇ ਖੇਤਰ ਵਿਚ ਆਪਣਾ ਨਾਂ ਸਥਾਪਿਤ ਕਰ ਚੁੱਕਾ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬੀ ਨਾਵਲ ਨੇ ਇਕ ਨਵੇਂ ਖੇਤਰ ਨੂੰ ਛੂਹਣ ਦਾ ਯਤਨ ਕੀਤਾ ਹੈ। ਇਹ ਖੇਤਰ ਆਪਣੇ ਵਿਰਸੇ ਤੇ ਇਤਿਹਾਸ ਨੂੰ ਪਛਾਨਣ ਤੇ ਪੁਨਰ ਸਿਰਜਤ ਕਰਨ ਦਾ ਹੈ। ਇਸ ਵਿਚ ਬਲਦੇਵ ਸਿੰਘ ਦੇ ਨਾਵਲ, 'ਸਤਲੁਜ ਵਹਿੰਦਾ ਰਿਹਾ', 'ਪੰਜਵਾਂ ਸਾਹਿਬਜ਼ਾਦਾ', 'ਦੁੱਲੇ ਦੀ ਢਾਬ', ਮਨਮੋਹਨ ਬਾਵਾ ਦਾ ਨਾਵਲ 'ਯੁੱਗ ਅੰਤ' ਆਦਿ ਸਾਡੇ ਸਾਹਮਣੇ ਆਉਂਦੇ ਹਨ। ਮੰਡ ਦੇ ਹਥਲੇ ਨਾਵਲ ਨੇ ਇਸ ਖੇਤਰ ਵਿਚ ਇਕ ਨਵਾਂ ਵਾਧਾ ਕੀਤਾ ਹੈ। ਇਸ ਕਿਸਮ ਦੇ ਨਾਵਲ ਇਤਿਹਾਸਕ ਨਾਵਲ ਦੀ ਕੋਟੀ ਵਿਚ ਆਉਂਦੇ ਹੋਏ ਵੀ ਆਪਣੀ ਵੱਖਰੀ ਨੁਹਾਰ ਰੱਖਦੇ ਹਨ ਕਿਉਂਕਿ ਨਾਵਲ ਇਕ ਅਜਿਹੀ ਵਿਧਾ ਹੈ ਜੋ ਇਤਿਹਾਸਕ ਘਟਨਾਵਾਂ ਨੂੰ ਨਵੇਂ ਸਿਰਿਉਂ ਦੇਖਣ ਤੇ ਪ੍ਰਸਤੁਤ ਕਰਨ ਦੀ ਸੁਤੰਤਰਤਾ ਦਿੰਦਾ ਹੈ।

ਬੋਲ ਮਰਦਾਨਿਆ ਨਾਵਲ ਦਾ ਇਤਿਹਾਸਿਕ ਕਾਲ ਬਾਬੇ ਨਾਨਕ ਦਾ ਉਹ ਸਮਾਂ ਹੈ ਜਦੋਂ ਮਰਦਾਨਾ ਬਾਬੇ ਦਾ ਰਬਾਬੀ ਬਣਕੇ ਸੱਚ ਦਾ ਨਿਸਤਾਰਾ ਕਰਨ ਲਈ ਦੇਸ਼ ਦੇਸ਼ਾਂਤਰਾਂ ਦੇ ਭ੍ਰਮਣ ਉਪਰ ਨਿਕਲਦਾ ਹੈ। ਇਸ ਨਾਵਲ ਦੀ ਸਿਰਜਣਕਾਰੀ ਦੇ ਸੰਬੰਧ ਵਿਚ ਪਹਿਲਾ ਨੁਕਤਾ ਇਹ ਬਣਦਾ ਹੈ ਕਿ ਬਾਬੇ ਨਾਨਕ ਦੀਆਂ ਉਦਾਸੀਆਂ ਦੇ ਕਾਲ ਖੰਡ ਦੀ ਪ੍ਰਾਪਤ ਸ੍ਰੋਤ- ਸਮੱਗਰੀ ਮੌਖਿਕ ਪ੍ਰੰਪਰਾ ਦੇ ਨਾਲ-ਨਾਲ ਲਿਖਤੀ ਰੂਪ ਵਿਚ ਮੌਜੂਦ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਸ੍ਰੋਤ-ਸਮੱਗਰੀ ਤੋਂ ਪ੍ਰਭਾਵਿਤ 21ਵੀਂ ਸਦੀ ਵਿਚ ਲਿਖੀ ਜਾਣ ਵਾਲੀ ਇਸ ਰਚਨਾ ਵਿਚ ਇਤਿਹਾਸ ਨੂੰ ਦੇਖਣ ਦਾ ਨਜ਼ਰੀਆ ਕੀ ਹੈ? ਦੂਜਾ ਨੁਕਤਾ ਇਹ ਵੀ ਹੈ ਕਿ ਆਪਣੇ ਇਰਦ ਗਿਰਦ ਵਾਪਰਦੇ ਜਾਂ ਵਾਪਰੇ ਇਤਿਹਾਸ ਨੂੰ ਜਾਂ ਪਾਤਰਾਂ ਨੂੰ ਸਿਰਜਤ ਕਰਨ ਲਈ ਲੇਖਕ ਨੂੰ ਇਕ ਖੁੱਲ੍ਹ ਹੁੰਦੀ ਹੈ ਪਰ ਜਦੋਂ ਤੁਸੀਂ ਕਿਸੇ ਮਹਾਂਪੁਰਖੀ ਅਤਿ ਸਤਿਕਾਰਿਤ ਸ਼ਖਸੀਅਤ ਨੂੰ ਆਪਣੀ ਕਲਪਨਾ ਵਿਚੋਂ ਸਿਰਜਣਾ ਹੋਵੇ ਤਾਂ ਲੇਖਕ ਨੂੰ ਇਕ ਬੰਦਿਸ਼ ਵਿਚੋਂ ਗੁਜਰਨਾ ਪੈਂਦਾ ਹੈ। ਇਨ੍ਹਾਂ ਦੋਵਾਂ ਪੱਖਾਂ ਤੇ ਨਜ਼ਰਸਾਨੀ ਕਰਦਿਆਂ ਇਹ ਪ੍ਰਤੀਤ ਹੁੰਦਾ ਹੈ ਕਿ ਨਾਵਲਕਾਰ ਇਸ ਰਚਨਾ ਨੂੰ ਨਵਾਂ ਪਾਸਾਰ ਦੇਣ ਵਿਚ ਯਤਨਸ਼ੀਲ ਦਿਖਾਈ ਦਿੰਦਾ ਹੈ।

ਇਸ ਨਾਵਲ ਦੀ ਵਿਲੱਖਣਤਾ ਇਹ ਵੀ ਹੈ ਕਿ ਬਾਬੇ ਨਾਨਕ ਨਾਲ ਸੰਬੰਧਿਤ ਇਤਿਹਾਸ ਵਿਚੋਂ ਨਾਵਲਕਾਰ ਉਸ ਪਾਤਰ ਦੀ ਚੋਣ ਕਰਦਾ ਹੈ ਜਿਸ ਬਾਰੇ ਨਾਨਕ ਨਾਮ ਲੇਵਾ ਸਮਾਜ ਦੀ ਜਾਣਕਾਰੀ ਸੀਮਤ ਕਿਸਮ ਦੀ ਹੈ। ਇਸ ਦਾ ਸਿੱਧਾ ਕਾਰਨ ਇਸ ਕਰਤਾਰੀ ਪੁਰਸ਼ ਦੇ ਸ਼ਬਦ ਅਤੇ ਕਰਮ ਦੀ ਘਾਲਣਾ ਹੈ। ਦੂਜਾ, ਬਾਬੇ ਪ੍ਰਤੀ ਅਥਾਹ ਸ਼ਰਧਾ ਅਤੇ ਆਸਥਾ ਦੇ ਪਿੱਛੇ ਇਕ ਸੰਸਥਾਗਤ ਪ੍ਰਵਾਹ ਦਾ ਹੋਣਾ ਵੀ ਹੈ। ਇਸ ਪਾਤਰ ਦੇ ਪ੍ਰਤੀ ਲੋਕ ਮਨ ਵਿਚ ਭਾਵੇਂ ਅਥਾਹ ਸ਼ਰਧਾ ਹੈ ਪਰ ਮਰਦਾਨੇ ਦੇ ਮਨ ਮਸਤਕ ਨੂੰ ਜਾਨਣ



ਪਛਾਨਣ ਦੀ ਲੋਕ ਮਨ ਨੂੰ ਕਦੇ ਜ਼ਰੂਰਤ ਵੀ ਨਹੀਂ ਪਈ। ਸ਼ਾਇਦ ਇਸੇ ਕਰਕੇ ਜਸਬੀਰ ਮੰਡ ਨੇ ਇਸ ਪਾਤਰ ਨੂੰ ਅਗਰਭੂਮੀ ਤੇ ਲਿਆਉਣ ਦਾ ਯਤਨ ਕੀਤਾ ਹੈ। ਇਸ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਮਰਦਾਨਾ ਬਾਬੇ ਨਾਨਕ ਦੀ ਕਰਤਾਰੀ ਛਤਰ ਛਾਇਆ ਵਿਚ ਰਹਿਣ ਵਾਲਾ ਸਧਾਰਨ ਪੁਰਸ਼ ਹੈ ਇਸ ਕਰਕੇ ਰਚਨਾਕਾਰ ਲਈ ਇਕ ਵੱਡੀ ਚੁਣੌਤੀ ਇਹ ਵੀ ਬਣਦੀ ਹੈ ਕਿ ਉਹ ਮਰਦਾਨੇ ਦੀ ਸ਼ਖਸੀਅਤ ਦੇ ਕਿਨ੍ਹਾਂ ਪਹਿਲੂਆਂ ਨੂੰ ਅਗਰਭੂਮੀ ਤੇ ਲਿਆਵੇ ਤਾਂ ਜੋ ਬਾਬੇ ਦੇ ਸਮਨਾਂਤਰ ਵਿਚਰਦੇ ਪਾਤਰ ਨੂੰ ਉਭਾਰਿਆ ਜਾ ਸਕੇ। ਇਸ ਵੱਡੀ ਚੁਣੌਤੀ ਦੇ ਮੱਦੇਨਜ਼ਰ ਲੇਖਕ ਮਰਦਾਨੇ ਦੇ ਅੰਤਰਮਨ ਨੂੰ ਪ੍ਰਗਟਾਉਣ ਦੀ ਗਲਪੀ ਵਿਧੀ ਦੀ ਤਲਾਸ਼ ਕਰਦਾ ਹੈ।

ਇਸ ਨਾਵਲ ਦਾ ਬਿਰਤਾਂਤ ਮਰਦਾਨੇ ਦੀ ਮਾਨਸਿਕ ਬੇਚੈਨੀ ਨਾਲ ਸ਼ੁਰੂ ਹੁੰਦਾ ਹੈ ਜਿਸ ਦਾ ਸਿੱਧਾ ਕਾਰਨ ਬਾਬੇ ਦਾ ਵਿਛੋੜਾ ਬਣਦਾ ਹੈ ਕਿਉਂਕਿ ਮਹਿਤਾ ਕਾਲੂ ਅੱਗੇ ਪੁੱਤਰ ਦੇ ਗ੍ਰਹਿਸਥੀ ਬਣਨ ਦੀ ਚੁਣੌਤੀ ਖੜ੍ਹੀ ਹੋ ਚੁੱਕੀ ਸੀ ਜਿਸ ਕਰਕੇ ਨਾਨਕ ਨੂੰ ਉਹ ਭੈਣ ਨਾਨਕੀ ਕੋਲ ਸੁਲਤਾਨਪੁਰ ਜਾ ਕੇ ਕੋਈ ਕਾਰ ਵਿਹਾਰ ਕਰਨ ਲਈ ਤੋਰ ਦਿੰਦਾ ਹੈ। ਨਾਵਲੀ ਬਿਰਤਾਂਤ ਵਿਚ ਮਰਦਾਨਾ ਬਾਬੈ ਨਾਨਕ ਦੀ ਕਰਤਾਰੀ ਸ਼ਖਸੀਅਤ ਤੋਂ ਪ੍ਰਭਾਵਿਤ ਵੈਰਾਗ ਦੇ ਆਲਮ ਵਿਚ ਵਿਚਰਦਾ ਦਿਖਾਈ ਦਿੰਦਾ ਹੈ। ਸ੍ਰੋਤ ਮੂਲਕ ਜਾਣਕਾਰੀ ਤੋਂ ਇਸ ਦਾ ਇਕ ਕਾਰਨ ਇਹ ਵੀ ਹੈ ਕਿ ਮਰਦਾਨਾ ਬਾਬੇ ਦੇ ਬਾਲਪਨ ਦਾ ਸਾਕਸ਼ੀ ਰਿਹਾ ਹੁੰਦਾ ਹੈ ਕਿਉਂਕਿ ਉਸਦੀ ਮਾਸੀ ਦੌਲਤਾਂ, ਦਾਈ ਦੇ ਰੂਪ ਵਿਚ ਬਾਬੇ ਦੀ ਪੈਦਾਇਸ਼ ਤੇ ਸਾਂਭ ਸੰਭਾਲ ਦਾ ਕੰਮ ਕਰਦੀ ਸੀ। ਇਸੇ ਸਬੱਬ ਮਰਦਾਨਾ ਬਾਬੇ ਨੂੰ ਕੁੱਛੜ ਚੁੱਕ ਕੇ ਖਿਡਾਉਣ ਦੀ ਖੁਸ਼ੀ ਤੇ ਸਨੇਹ ਦਾ ਭਾਗੀ ਹੁੰਦਾ ਹੈ। ਇਕ ਹੋਰ ਕਾਰਨ ਇਹ ਵੀ ਸੀ ਕਿ ਕਿ ਬਾਬੇ ਨੇ ਕਿਸ਼ੋਰ ਅਵਸਥਾ ਵਿਚ ਹੀ ਕੁਝ ਦੈਵੀ ਚਿਹਨ ਵਿਖਾ ਦਿੱਤੇ ਜਿਵੇਂ ਖੇਤੀ ਦਾ ਹਰਿਆ ਹੋਣ ਵਾਲੀ ਘਟਨਾ, ਸੱਚੇ ਸੌਦੇ ਵਾਲੀ ਘਟਨਾ ਤੇ ਘਰ ਤੋਂ ਉਚਾਟ ਰਹਿਣ ਦਾ ਵਿਹਾਰ। ਮਰਦਾਨਾ ਬਾਬੇ ਦੀਆਂ ਇਨ੍ਹਾਂ ਰਮਜਾਂ ਨੂੰ ਪਛਾਣਦਾ ਹੋਇਆ ਵੈਰਾਗਮਈ ਹੋ ਜਾਂਦਾ ਹੈ। ਇਸ ਅਵਸਥਾ ਵਿਚ ਉਹ ਕੁਦਰਤ ਅਤੇ ਜੀਵਨ ਦੀ ਅਦਭੁੱਤ ਲੀਲ੍ਹਾ ਪ੍ਰਤੀ ਉਤਸੁਕ ਹੋਇਆ ਬੇਚੈਨੀ ਹੰਢਾਉਂਦਾ ਹੈ। ਮਾਤਾ ਤ੍ਰਿਪਤਾ ਤੇ ਭੈਣ ਨਾਨਕੀ ਮਰਦਾਨੇ ਦੇ ਓਦਰੇਪਣ ਨੂੰ ਪਛਾਣ ਲੈਂਦੀਆਂ ਹਨ ਤੇ ਉਸਨੂੰ ਸੁਲਤਾਨਪੁਰ ਜਾਣ ਦੀ ਤਾਕੀਦ ਕਰਦੀਆਂ ਹਨ।

ਸੁਲਤਾਨਪੁਰ ਵਿਚ ਮੋਦੀਖਾਨੇ ਦੀ ਨੌਕਰੀ ਕਰਦਿਆਂ ਮਰਦਾਨਾ ਬਾਬੇ ਦੀ ਕਾਰਜਸ਼ੈਲੀ ਨੂੰ ਨਿਆਸਰਿਆਂ ਦੇ ਹੱਕ ਵਿਚ ਭੁਗਤਦਿਆਂ ਵੇਖਦਾ ਹੈ। ਇਸ ਤੋਂ ਬਾਅਦ ਵਿਚ ਬਾਬੇ ਦੇ ਅਲੋਪ ਹੋ ਜਾਣ ਦੀ ਸਾਖੀ ਆਉਂਦੀ ਹੈ। ਵੇਈਂ ਪ੍ਰਵੇਸ਼ ਤੋਂ ਆ ਕੇ ਬਾਬਾ ਨਾ ਕੋ ਹਿੰਦੂ, ਨਾ ਮੁਸਲਮਾਨ ਦਾ ਰੱਬੀ ਪੈਗਾਮ ਦਿੰਦਾ ਦਿਸਦਾ ਹੈ। ਇਸ ਤੋਂ ਬਾਅਦ ਬਾਬੇ ਤੇ ਮਰਦਾਨੇ ਦਾ ਸਾਥ ਜੁੜ ਜਾਂਦਾ ਹੈ ਜੋ ਕਿ ਮਰਦਾਨੇ ਦੀ ਮੌਤ ਤੱਕ ਜਾਂਦਾ ਹੈ।

ਭਾਵੇਂ ਸਾਡੇ ਕੋਲ ਬਾਬੇ ਦੇ ਇਨ੍ਹਾਂ ਜੀਵਨ ਬਿਰਤਾਂਤਾਂ ਦੇ ਹਵਾਲੇ ਪ੍ਰਾਪਤ ਹਨ ਪਰ ਨਾਵਲਕਾਰ ਇਸ ਨੂੰ ਪ੍ਰਾਪਤ ਸ੍ਰੋਤ-ਸਮੱਗਰੀ ਦੇ ਆਧਾਰ ਤੇ ਨਹੀਂ ਸਿਰਜਦਾ ਬਲਕਿ ਉਹ ਇਨ੍ਹਾਂ ਸਾਖੀਆਂ ਦੇ ਆਪ-ਪਾਰ ਪੈਦਾ ਹੋਣ ਵਾਲੀਆਂ ਪਰਿਸਥਿਤੀਆਂ ਨੂੰ ਅਗਰਭੂਮੀ ਤੇ ਲਿਆਉਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਇਹ ਪਰਿਸਥਿਤੀਆਂ ਤੱਤਕਾਲੀ ਸਮਾਜਿਕ ਤੇ ਆਰਥਿਕ ਰਿਸ਼ਤਿਆਂ ਦੀ ਜਟਿਲਤਾ ਵਾਲੀਆਂ ਹਨ। ਇਹ ਜ਼ਰੂਰੀ ਵੀ ਸੀ ਕਿਉਂਕਿ ਨਾਵਲ ਦੀ ਵਿਧਾਗਤ ਲੋੜ ਇਨ੍ਹਾਂ ਯਥਾਰਥਪਰਕ ਵਰਤਾਰਿਆਂ ਨੂੰ ਸਿਰਜਣ ਦੀ ਮੰਗ ਕਰਦੀ ਹੈ ਨਹੀਂ ਤਾਂ ਇਹ ਨਾਵਲ ਸਾਖੀ ਉਨਮੁਖ ਬਣ ਜਾਣਾ ਸੀ। ਮੰਡ ਨੇ ਸਮਾਜਿਕ-ਆਰਥਿਕ ਸਥਿਤੀਆਂ ਦੀ ਕਠੋਰਤਾ ਵਿਚੋਂ ਇਨ੍ਹਾਂ ਵੇਰਵਿਆਂ ਨੂੰ ਸਾਹਮਣੇ ਲਿਆਕੇ ਨਾ ਕੇਵਲ ਗਲਪੀ ਵਿਧਾ ਨੂੰ ਕਾਇਮ ਕੀਤਾ ਹੈ ਬਲਕਿ ਇਨ੍ਹਾਂ ਸਥਿਤੀਆਂ ਦੇ ਹਕੀਕੀ ਸੱਚ ਦਾ ਅਹਿਸਾਸ ਵੀ ਕਰਵਾਇਆ ਹੈ ਜਿਸਨੂੰ ਅਧਿਆਤਮਕ ਆਭਾ ਮੰਡਲ ਵਿਚ ਬਹੁਤੀ ਵਾਰੀ ਕੋਈ ਥਾਂ ਨਹੀਂ ਮਿਲਦੀ।

ਇਨ੍ਹਾਂ ਸਥਿਤੀਆਂ ਵਿਚੋਂ ਪਹਿਲੀ ਸਥਿਤੀ ਮਰਦਾਨੇ ਦੇ ਫਕੀਰ ਬਣ ਕੇ ਬਾਬੇ ਦੇ ਲੜ ਲੱਗਣ ਵਾਲੀ ਹੈ ਜਦ ਕਿ ਮਰਦਾਨਾ ਨੀਵੀਂ ਜਾਤ ਦਾ ਗਰੀਬ ਮਰਾਸੀ ਹੁੰਦਾ ਹੈ ਜਿਨ੍ਹਾਂ ਦਾ ਪੇਸ਼ਾ ਜਜ਼ਮਾਨਾਂ ਦੇ ਘਰ ਖੁਸ਼ੀ ਗਮੀਂ ਦੇ ਮੌਕੇ ਗਾ ਵਜਾ ਕੇ ਰਿਜ਼ਕ ਕਮਾਉਣਾ ਹੁੰਦਾ ਹੈ। ਉਸ ਕੋਲ ਦੋ ਪੁੱਤਰ ਵੀ ਹਨ। ਪਿਉ ਤੇ ਮਾਂ ਵੀ ਇਸੇ ਕੰਮ ਨਾਲ ਟੱਬਰ ਦਾ ਰਿਜ਼ਕ ਤੋਰਦੇ ਹਨ। ਅਜਿਹੀ ਸਥਿਤੀ ਵਿਚ ਰਿਜ਼ਕ ਤੋਂ ਕਿਨਾਰਾ ਕਰਕੇ ਫਕੀਰੀ ਧਾਰਨ ਕਰਨ ਵਾਲੀ ਸਥਿਤੀ ਪਰਿਵਾਰ ਲਈ ਵੱਡੀ ਪ੍ਰੇਸ਼ਾਨੀ ਦਾ ਯਥਾਰਥਕ ਸੱਚ ਹੈ।ਨਾਵਲੀ ਬਿਰਤਾਂਤ ਵਿਚ ਇਸ ਸਥਿਤੀ ਦਾ ਹਵਾਲਾ ਵੇਖੋ:

ਬਚਪਨ ਵਿਚ ਵਿਆਹ ਸ਼ਾਦੀ ਵੇਲੇ ਅੰਮੀ ਅਕਸਰ ਇਹ ਕਹਿਕੇ ਤੁਰਦੀ ਸੀ। "ਜਿੰਨੇ ਹੱਥ ਹੋਣਗੇ ਉੱਨਾ ਹੀ ਡਿਗੇਗਾ।" ਰਾਤ ਸੌਣ ਵੇਲੇ ਵੀ ਅੱਬਾ ਨੇ ਸੁਣਾਇਆ ਸੀ, "ਮਰਾਸੀ ਦਾ ਫਕੀਰਾਂ ਪਿੱਛੇ ਜਾ ਕੇ ਨਹੀਂ ਸਰਦਾ।" ਫਿਰ ਅੰਮੀ ਨੇ ਉਹਦੀ ਹਾਮੀ ਭਰੀ। "ਜਿਸਦੇ ਪਿੱਛੇ ਤੂੰ ਫਿਰਦਾਂ ਉਹ ਰੱਜ ਕੇ ਫਕੀਰ ਹੋਇਆ...ਤੂੰ ਮਰਾਸੀ ਦੀ ਜ਼ਾਤ ਕਿੱਧਰ ਨੂੰ ਪੁੱਠਾ ਘੁੰਮ ਗਈ?"

ਉਪਰੋਕਤ ਸੰਵਾਦ ਤੱਤਕਾਲੀ ਸਮਾਜਿਕ ਤੇ ਆਰਥਿਕ ਜਟਿਲਤਾ ਦਾ ਬੋਧ ਕਰਾਉਂਦਾ ਹੈ।ਇਵੇਂ ਹੀ ਲੇਖਕ ਨੇ ਨਾ ਕੇਵਲ ਮਰਦਾਨੇ ਦੀ ਗੱਲ ਕੀਤੀ ਹੈ ਸਗੋਂ ਬਾਬੇ ਦੇ ਜੀਵਨ ਵਿਚੋਂ ਕਠੋਰ ਸਮਾਜਕ ਯਥਾਰਥ ਦੇ ਅਣਗੌਲੇ ਪਲਾਂ ਨੂੰ ਫੜਨ ਦਾ ਯਤਨ ਕੀਤਾ ਹੈ।ਬਾਬਾ ਭਾਵੇਂ ਰੱਜੇ-ਪੁੱਜੇ ਘਰ ਵਾਲਾ ਹੈ ਪਰ ਉਹ ਵੀ ਸਹਿਜ ਨਾਲ ਸਮਾਜਿਕ ਰਿਸ਼ਤਿਆਂ ਦੀ ਜਕੜਬੰਦੀ ਤੋਂ ਮੁਕਤ ਨਹੀਂ ਹੋ ਸਕਦਾ ਉਸਦੇ ਸਹੁਰਾ ਪਰਿਵਾਰ ਦਾ ਬਾਬੇ ਦੇ ਫਕੀਰ ਬਣ ਜਾਣ 'ਤੇ ਡਾਢੀ ਚਿੰਤਾ ਤੇ ਗੁੱਸੇ ਵਿਚ ਆ ਜਾਣਾ ਸੁਭਾਵਿਕ ਹੈ।ਅਜਿਹੀਆਂ ਸਥਿਤੀਆਂ ਨੂੰ ਨਾਵਲੀ ਬਿਰਤਾਂਤ ਵਿਚ ਜੋ ਸਜੀਵਤਾ ਦਿੱਤੀ ਗਈ ਹੈ ਉਹ ਇਸ ਨਾਵਲ ਦੀ ਵੱਡੀ ਪ੍ਰਾਪਤੀ ਹੈ।ਅਜਿਹਾ ਕਰਦਿਆਂ ਨਾਵਲਕਾਰ ਨੇ ਬਾਬੇ ਦੇ ਜੀਵਨ ਵਿਚ ਆਏ ਕੁਝ ਬੇਗੌਰੇ ਪਾਤਰਾਂ ਨੂੰ ਅਗਰਭੂਮੀ ਤੇ ਲਿਆ ਕੇ ਸਥਿਤੀ ਦੀ ਗੰਭੀਰਤਾ ਦੇ ਨਾਲ-ਨਾਲ ਸੁਭਾਵਿਕਤਾ ਨੂੰ ਚਿਤਰਨ ਦਾ ਨਿਵੇਕਲਾ ਉਦਮ ਕੀਤਾ ਹੈ।ਮਸਲਨ ਬਾਬੇ ਦਾ ਸਹੁਰਾ ਮੂਲ ਚੰਦ, ਸੱਸ ਚੰਦੋ ਅਤੇ ਪੰਡਿਤ ਸ਼ਾਮਾ ਇਹ ਤਿੰਨੋ ਸਹੁਰਿਆਂ ਵੱਲੋਂ ਆਈ ਧਿਰ ਹੈ ਜਿਸ ਦੀ ਨਰਾਜ਼ਗੀ ਅਤੇ ਗੁੱਸੇ ਨੂੰ ਨਾਵਲਕਾਰ ਹੇਠ ਲਿਖੇ ਸੰਵਾਦ ਰਾਹੀਂ ਸਿਰਜਦਾ ਹੈ:

"ਸਭ ਕਬੀਲਦਾਰ ਬੈਠੇ ਨੇ...ਇਹ ਕਿਉਂ ਨਹੀਂ ਤੇਰੇ ਵਾਂਗ ਪਿੰਡ ਪਿੰਡ ਘੁੰਮਦੇ,ਕਿਉਂਕਿ ਸਭ ਨੇ ਆਪਣੇ ਨਿਆਂਣੇ ਸਾਂਭਣੇ ਨੇ।"ਅਚਾਨਕ ਸਾਰੇ ਚੰਦੋ ਵੱਲ ਵੇਖਣ ਲੱਗੇ "ਤੇਰੀ ਮਾਂ ਤਾਂ ਕਹਿੰਦੀ ਸੀ ਉਹਦੇ ਮੂੰਹ ਵਿਚ ਜ਼ੁਬਾਨ ਹੀ ਨਹੀਂ..ਇਥੇ ਵੇਖ ਲੋਕਾਂ ਨੂੰ ਕਿਵੇਂ ਲੇਰਾਂ ਮਾਰ ਕੇ ਵਿਖਾਉਂਦਾ...ਆਪ ਤਾਂ ਕੁੜਮਣੀ ਘਰ ਬੈਠੀ ਏ..ਪੁੱਤ ਫਕੀਰ ਹੋ ਗਿਆ।" "ਹਾਂ..ਸਾਥੋਂ ਨੀ ਤੇਰੇ ਬੱਚਿਆਂ ਦਾ ਤੇ ਘਰ ਵਾਲੀ ਦਾ ਭਾਰ ਲਿਆ ਜਾਂਦਾ...ਆਹ ਸਾਂਭ ਆਪਣਾ ਟੱਬਰ...ਅਸੀਂ ਚੱਲੇ।"ਮੂਲੇ ਨੇ ਬਾਹੋਂ ਫੜ ਸੁਲੱਖਣੀ ਨੂੰ ਬੱਚਿਆਂ ਸਮੇਤ ਅੱਗੇ ਥੜੇ ਵੱਲ ਖਿੱਚਿਆ।

ਇਨ੍ਹਾਂ ਵਿਹਾਰਕ ਸਥਿਤੀਆਂ ਤੋਂ ਇਲਾਵਾ ਨਾਵਲਕਾਰ ਨੇ ਤੱਤਕਾਲੀ ਸਮਾਜਿਕ,ਆਰਥਿਕ,ਧਾਰਮਿਕ ਅਤੇ ਰਾਜਨੀਤਕ ਵਿਵਸਥਾ ਨੂੰ ਲੈ ਕੇ ਵੀ ਕਈ ਲਘੂ ਤੇ ਸੰਕੇਤਕ ਨਾਵਲੀ ਬਿਰਤਾਂਤਾਂ ਦੀ ਸਿਰਜਨਾ ਕਰਨ ਦਾ ਯਤਨ ਕੀਤਾ ਹੈ।ਇਹ ਲਘੂ ਬਿਰਤਾਂਤ ਗਲਪੀ ਕਥਾ ਨੂੰ ਰੌਚਿਕਤਾ ਅਤੇ ਜੀਵੰਤਤਾ ਪ੍ਰਦਾਨ ਕਰਦੇ ਹਨ।ਜਦਕਿ ਇਨ੍ਹਾਂ ਨੂੰ ਮੂਲ ਕਥਾ ਅੱਗੇ ਅੜਿੱਕਾ ਨਹੀਂ ਬਣਾਇਆ ਗਿਆ। ਇਨ੍ਹਾਂ ਵਿਚ ਸਮਾਜ ਦੀ ਜਾਤੀਗਤ ਅਤੇ ਸ਼੍ਰੇਣੀਮੂਲਕ ਸਥਿਤੀ ਦਾ ਮਸਲਾ ਪ੍ਰਮੁੱਖ ਧੁਨੀ ਬਣ ਕੇ ਉਭਰਦਾ ਹੈ।ਨਾਵਲਕਾਰ ਨੇ ਜਾਤੀ ਵਿਤਕਰੇ ਦੇ ਇਸ ਮਸਲੇ ਨੂੰ ਬਾਬੇ ਦੀਆਂ ਉਦਾਸੀਆਂ ਦੇ ਆਰੰਭ ਵਿਚ ਹੀ ਉਠਾ ਦਿੱਤਾ ਹੈ ਜਦੋਂ ਇਕ ਖੂਹ ਤੇ ਪਾਣੀ ਪਿਆਉਣ ਵਾਲਾ ਪੰਡਤ ਮਰਦਾਨੇ ਨੂੰ ਉਸ ਦੀ ਜਾਤ ਪੁੱਛਦਾ ਹੈ।ਇਸੇ ਤਰ੍ਹਾਂ ਮਲਿਕ



ਭਾਗੋ ਦੇ ਘਰ ਤੋਂ ਬ੍ਰਹਮ ਭੋਜ ਦੇ ਸੱਦੇ ਵੇਲੇ "ਇਹ ਖੱਤਰੀ ਸੰਤ ਨੀਵੀਂ ਜਾਤ ਦੇ ਮੁਸਲਮਾਨ ਨੂੰ ਲੈ ਕੇ ਕਮੀਣ ਦੇ ਘਰ ਆ ਬੈਠਾ ਏ.."ਵਾਲਾ ਬੋਲ।ਇਸੇ ਤਰ੍ਹਾਂ ਮਰਦਾਨਾ ਆਪਣੇ ਚੋਗੇ ਦੇ ਹਰੇ ਰੰਗ ਵਿਚੋਂ ਧਰਮ ਤੇ ਕੁਦਰਤ ਦੇ ਹਰੇ ਰੰਗ ਦੀ ਵਡਿੱਤਣ ਦੇਖਦਾ ਹੋਇਆ ਵੀ ਉਦਾਸ ਹੋ ਜਾਂਦਾ ਹੈ ਕਿਉਂਕਿ ਜਾਤ ਧਰਮ ਦੇ ਠੇਕੇਦਾਰਾਂ ਦਾ ਪੈਦਾ ਕੀਤਾ ਮਸਲਾ ਹੈ ਜਿਥੇ ਖਾਸ ਧਰਮ ਦੀ ਪਛਾਣ ਬਣਿਆ ਇਕ ਰੰਗ ਵੀ ਬੰਦੇ ਨੂੰ ਸਮਾਨ ਪਛਾਣ ਨਹੀਂ ਦਿੰਦਾ।ਇੰਜ ਨਾਵਲਕਾਰ ਨੇ ਤੱਤਕਾਲੀ ਸਮਾਜ ਦੀ ਇਸ ਵਿਕਰਾਲ ਸਮੱਸਿਆ ਨੂੰ ਨਾ ਹੀ ਮਰਦਾਨੇ ਦੀ ਮਾਨਸਿਕਤਾ ਵਿਚੋਂ ਤੇ ਨਾ ਹੀ ਬਾਬੇ ਦੀ ਵਿਚਾਰਧਾਰਕ ਲੜਾਈ ਵਿਚੋਂ ਖਾਰਜ ਹੋਣ ਦਿੱਤਾ ਹੈ। ਜਾਤੀ ਵਿਤਕਰੇ ਅਤੇ ਸ਼ੋਸ਼ਣ ਦਾ ਮਸਲਾ ਭਾਵੇਂ ਮਰਦਾਨੇ ਦਾ ਹੱਡੀਂ ਹੰਢਾਇਆ ਸੱਚ ਹੈ ਪਰ ਲੇਖਕ ਇਸ ਨੂੰ ਮਰਦਾਨੇ ਤੱਕ ਸੀਮਤ ਹੁੰਦੇ ਨਾ ਦਿਖਾ ਕੇ ਉਸਦੀਆਂ ਨਜ਼ਰਾਂ ਵਿਚ ਫੈਲਦਾ ਦਿਖਾਉਂਦਾ ਹੈ।ਮਰਾਸੀਆਂ ਦੇ ਜੁੜੀਆਂ ਪਿੱਠਾਂ ਵਾਲੇ ਘਰਾਂ ਦੀ ਗੁਰਬਤ ਤੋਂ ਲੈ ਕੇ ਅਨੇਕਾਂ ਕੰਮੀਂ ਕਮੀਣਾਂ ਦੇ ਮਾਜਰਿਆਂ ਦੇ ਦ੍ਰਿਸ਼ ਦਿਖਾਕੇ ਲੇਖਕ ਤੱਤਕਾਲੀ ਸਮਾਜਿਕ ਸੰਰਚਨਾ ਅੰਦਰ ਜਾਤੀਗਤ ਭੇਦਭਾਵ ਕਾਰਨ ਪਸਰੀ ਗਰੀਬੀ ਤੇ ਲਾਚਾਰੀ ਨੂੰ ਉਜਾਗਰ ਕਰਦਾ ਹੈ।ਇਵੇਂ ਹੀ ਲੇਖਕ ਨੇ ਰਾਜਸੀ ਵਿਵਸਥਾ ਦੇ ਲੋਟੂ ਕਿਰਦਾਰ ਦੇ ਅਨੇਕਾਂ ਥਾਵਾਂ ਤੇ ਦ੍ਰਿਸ਼ ਵਿਖਾ ਕੇ ਲੋਧੀਆਂ ਦੇ ਰਾਜ ਅੰਦਰ ਕਿਰਤੀ ਕਿਸਾਨਾਂ ਦੀ ਹੁੰਦੀ ਲੁੱਟ ਨੂੰ ਉਜਾਗਰ ਕੀਤਾ ਹੈ। ਅਨੇਕਾਂ ਥਾਵਾਂ ਤੇ ਸ਼ਾਹੀ ਫੌਜਾਂ ਦੇ ਘੋੜਿਆਂ ਦੁਆਰਾ ਫਸਲਾਂ ਦਾ ਉਜਾੜਾ ਅਤੇ ਗਰੀਬ ਕਿਸਾਨਾਂ ਤੇ ਹੁੰਦੇ ਜ਼ੁਲਮ ਨੂੰ ਪੇਸ਼ ਕੀਤਾ ਹੈ। ਇੰਜ ਨਾਵਲਕਾਰ ਨੇ ਮੂਲ ਕਥਾ ਦੇ ਆਰ-ਪਾਰ ਵਿਚਰਦੇ ਇਨ੍ਹਾਂ ਵਰਤਾਰਿਆਂ ਦੀ ਨਿਸ਼ਾਨਦੇਹੀ ਕਰਕੇ ਇਸ ਰਚਨਾ ਨੂੰ ਗਲਪੀ ਰੰਗਤ ਪ੍ਰਦਾਨ ਕੀਤੀ ਹੈ।

ਇਸ ਨਾਵਲ ਦੇ ਲਘੂ ਬਿਰਤਾਂਤਕ ਸੰਗਠਨ ਵਿਚ ਇਕ ਨਿੱਗਰ ਵਾਧਾ ਔਰਤ ਪ੍ਰਤੀ ਸੰਵੇਦਨਾ ਨੂੰ ਉਜਾਗਰ ਕਰਨਾ ਹੈ। ਬਾਬੇ ਨਾਲ ਜੁੜੀ ਸ੍ਰੋਤ ਮੂਲਕ ਸਮੱਗਰੀ ਵਿਚ ਭਾਵੇਂ ਕੁਝ ਔਰਤ ਪਾਤਰਾਂ ਦਾ ਜ਼ਿਕਰ ਮਿਲਦਾ ਹੈ ਪਰੰਤੂ ਨਾਵਲਕਾਰ ਨੇ ਜਿਥੇ ਇਨ੍ਹਾਂ ਪਾਤਰਾਂ ਨੂੰ ਨਵਾਂ ਵਿਸਥਾਰ ਦਿੱਤਾ ਹੈ ਉਥੇ ਕੁਝ ਅਜਿਹੇ ਕਲਪਿਤ ਔਰਤ ਪਾਤਰਾਂ ਦੀ ਉਸਾਰੀ ਕੀਤੀ ਹੈ ਜੋ ਸਮਾਜ ਦੀ ਮੁਖ ਧਾਰਾ ਦਾ ਹਿੱਸਾ ਤਾਂ ਨਹੀਂ ਹਨ ਪਰ ਇਹ ਸਮਾਜਿਕ ਪਰਉਸਾਰ ਦੇ ਅਣਜਾਣੇ ਰਾਹਾਂ ਦੀ ਨਿਸ਼ਾਨਦੇਹੀ ਜ਼ਰੂਰ ਕਰਦੇ ਹਨ। ਪ੍ਰਾਪਤ ਕਥਾ ਵਿਚ ਮਿਲਦੇ ਇਨ੍ਹਾਂ ਪਾਤਰਾਂ ਵਿਚ ਮਾਤਾ ਤ੍ਰਿਪਤਾ ਤੇ ਭੈਣ ਨਾਨਕੀ ਪ੍ਰਮੁੱਖ ਹਨ ਪਰ ਨਾਵਲਕਾਰ ਮਰਦਾਨੇ ਦੀ ਅੰਮੀ ਲੱਖੋ ਤੇ ਘਰਵਾਲੀ ਮੀਰਜ਼ਾਦੀ ਨੂੰ ਲਿਆ ਕੇ ਸਮਾਜਿਕ ਜੀਵਨ ਵਿਹਾਰ ਵਿਚ ਔਰਤ ਦੁਆਰਾ ਭੋਗੇ ਜਾਣ ਵਾਲੇ ਸੰਤਾਪ ਪ੍ਰਤੀ ਸੰਵੇਦਨਾ ਜਗਾਉਂਦਾ ਹੈ। ਇਸੇ ਤਰ੍ਹਾਂ ਪ੍ਰਾਪਤ ਕਥਾ ਦੇ ਆਸ ਪਾਸ ਵਿਚਰਦੇ ਜਿਵੇਂ ਬੀਬੀ ਸੁਲੱਖਣੀ, ਮਰਦਾਨੇ ਦੀ ਭੈਣ ਕਾਕੋ,ਦਾਈ ਦੌਲਤਾਂ ਅਤੇ ਮਲਿਕ ਭਾਗੋ ਦੀ ਕੁੜੀ ਆਦਿ ਨੂੰ ਵੀ ਗਲਪੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਇਨ੍ਹਾਂ ਤੋਂ ਇਲਾਵਾ ਨਿਰੋਲ ਕਲਪਨਾ ਦੇ ਆਧਾਰ ਤੇ ਆਏ ਔਰਤ ਪਾਤਰਾਂ ਨੂੰ ਧਿਆਨ ਨਾਲ ਵੇਖਣ ਦੀ ਲੋੜ ਹੈ। ਇਸ ਵਿਚ ਇਕ ਬਿਰਤਾਂਤਕ ਪਾਸਾਰ ਲਾਹੌਰ ਦੀਆਂ ਵੇਸਵਾਵਾਂ ਦਾ ਹੈ ਜਿਨ੍ਹਾਂ ਦਾ ਬਾਬੇ ਦੀ ਪਹਿਲੀ ਉਦਾਸੀ ਮੌਕੇ ਮੇਲ ਹੁੰਦਾ ਦਿਖਾਇਆ ਗਿਆ ਹੈ। ਲੇਖਕ ਨੇ ਇਕ ਗੁੰਮਨਾਮ ਮੰਦਰ ਨੂੰ ਚਿਤਰਤ ਕਰਕੇ ਲਾਹੌਰ ਦੀਆਂ ਵੇਸਵਾਵਾਂ ਦੁਆਰਾ ਆਪਣੀਆਂ ਵਡੇਰਨਾਂ ਦੀ ਯਾਦ ਵਿਚ ਇਥੇ ਲੱਗਦੇ ਮੇਲੇ ਦਾ ਦ੍ਰਿਸ਼ ਉਸਾਰਿਆ ਹੈ। ਲੇਖਕ ਨੇ ਇਸ ਅਦਭੁੱਤ ਮੰਦਰ ਤੇ ਵਚਿੱਤਰ ਕਿਸਮ ਦੀਆਂ ਵੇਸਵਾਵਾਂ ਦੇ ਚਿਤਰਨ ਨਾਲ ਮੁਖ ਧਾਰਾ ਵਾਲੇ ਸਮਾਜ ਤੋਂ ਵਿੱਥ ਥਾਪ ਕੇ ਵਿਚਰਨ ਵਾਲੇ ਇਸ ਵਰਗ ਨਾਲ ਸਨੇਹ ਤੇ ਸਤਿਕਾਰ ਦਾ ਨਾਤਾ ਸਿਰਜਿਆ ਹੈ। ਪ੍ਰਚੱਲਿਤ ਧਾਰਮਿਕ ਮਾਨਤਾਵਾਂ ਦੀ ਨਜ਼ਰ ਵਿਚ ਇਹ ਧਿਰ ਨਿੰਦਾ ਦੀ ਭਾਗੀਦਾਰ ਤੇ ਅਛੂਤ ਹੈ। ਪਰ ਬਾਬੇ ਦਾ ਦਰਸ਼ਨ ਸ਼ਾਸਤਰ ਇਸ ਧਿਰ ਨਾਲ ਸੰਵਾਦ ਉਸਾਰ ਕੇ ਉਸ ਨੂੰ ਮਾਣ ਤੇ ਸਤਿਕਾਰ ਦੇਣ ਦੇ ਹੱਕ ਵਿਚ ਹੈ। ਇਸੇ ਕਰਕੇ ਨੇਹਰਾਂ ਨਾਂ ਦੀ ਜਵਾਨ ਵੇਸਵਾ ਨੂੰ ਬਾਬੇ ਦੀ ਧੀ ਬਣਨ ਦਾ ਵੈਰਾਗ ਚੜ੍ਹ ਜਾਂਦਾ ਹੈ।

ਇੰਜ ਨਾਵਲਕਾਰ ਪ੍ਰਚੱਲਿਤ ਕਥਾ ਦੇ ਆਸ ਪਾਸ ਦੇ ਵਰਤਾਰਿਆਂ ਨੂੰ ਤਰਜੀਹ ਦੇ ਕੇ ਜਿਥੇ ਨਵੇਂ ਪਾਸਾਰ ਜੋੜਦਾ ਹੈ ਉਥੇ ਬਾਬੇ ਦੀ ਮਾਨਵੀ ਵਿਚਾਰਧਾਰਾ ਨੂੰ ਪਾਰਗਾਮੀ ਬਣਾਉਂਦਾ ਹੈ।

ਤੇਰੇ ਗੁਰੂ ਨੂੰ ਵੇਖ ਕੇ ਇਹ ਵਿਰਾਂਗਣਾ ਵਾਂਗ ਫਿਰਦੀ ਏ....ਇਸਨੂੰ ਸਾਰਾ ਲਾਹੌਰ ਢੂੰਡਦਾ ਫਿਰੇਗਾ...। ਤੇ ਇਹਨੂੰ ਧੀ ਬਣਨ ਦਾ ਵਿਰਾਗ ਚੜ੍ਹ ਗਿਆ ਏ.."ਫਿਰ ਉਹਨੇ ਕੁੜੀ ਵੱਲ ਉਂਗਲ ਦਾ ਇਸ਼ਾਰਾ ਕੀਤਾ ਸੀ:

"ਸਾਡੇ ਤਾਂ ਰੋ ਰੋ ਭੁੱਲਣ ਦਾ ਰਿਵਾਜ਼ ਹੁੰਦਾ ਏ;ਤੂੰ ਕਿਉਂ ਨੇਹਰਾਂ ਏਦਾਂ ਦੀਆਂ ਯਾਦਾਂ ਵੱਲ ਤੁਰ ਪਈ ਏਂ।" ਉਹਨੇ ਪਹਿਲੀ ਵਾਰੀ ਏਸ ਕੁੜੀ ਦਾ ਨਾਂ ਸੁਣਿਆ ਸੀ।

"ਤੂੰ ਚੁੱਪ ਕਿਉਂ ਏਂ ...ਸਾਨੂੰ ਟੋਕ ਕੇ ਤਾਂ ਹਰ ਕੋਈ ਨੇਕ ਹੋ ਜਾਂਦਾ ਏ।" ਪਤਾ ਨਹੀਂ ਸੀ ਲੱਗਿਆ ਕਦੋਂ ਅੱਖਾਂ ਗਿੱਲੀਆਂ ਹੋ ਗਈਆਂ ਸਨ। ਇਹ ਨਗਨ ਸਾਦਗੀ ਮਰਦਾਨੇ ਦੀਆਂ ਅੱਖਾਂ ਧੋ ਗਈ ਸੀ।

ਇਸ ਕਿਸਮ ਦੇ ਨਾਵਲੀ ਦ੍ਰਿਸ਼ਾਂ ਦੇ ਨਾਲ-ਨਾਲ ਨਾਵਲ ਵਿਚ ਔਰਤ ਵੇਦਨਾ ਦੇ ਕੁਝ ਅਜਿਹੇ ਬਿਰਤਾਂਤਕ ਦ੍ਰਿਸ਼ ਵੀ ਆਏ ਹਨ ਜੋ ਔਰਤ ਦੀ ਸਮਾਜਿਕ ਹੋਣੀ ਦੇ ਮਸਲੇ ਰਹੇ ਹਨ। ਮਸਲਨ ਬਾਬੇ ਦੀ ਯਾਤਰਾ ਦੇ ਪ੍ਰਸੰਗ ਬਹਾਨੇ ਲੇਖਕ ਬਾਲ ਵਿਧਵਾ ਦਾ ਸੰਤਾਪ ਭੁਗਤ ਰਹੀ ਬੱਚੀ ਦਾ ਦੁੱਖ ਪੇਸ਼ ਕਰਦਾ ਹੈ ਜੋ ਆਪਣੇ ਨਿੱਕੇ ਭਰਾ ਨੂੰ ਕੁੱਛੜ ਚੁੱਕੀ ਬੜੀ ਔਖਿਆਈ ਨਾਲ ਤੁਰ ਰਹੀ ਹੈ। ਨਾਲ ਚੱਲ ਰਹੀ ਉਸਦੀ ਮਾਂ ਵੀ ਉਸ ਤੇ ਤਰਸ ਨਹੀਂ ਕਰਦੀ ਕਿਉਂਕਿ ਉਹ ਆਪਣੇ ਖਾਵੰਦ ਨੂੰ ਖਾ ਜਾਣ ਵਾਲੀ ਅਪਰਾਧਣ ਹੈ। ਇਸੇ ਤਰ੍ਹਾਂ ਲੇਖਕ ਨੇ ਹਰ ਕੀ ਪੌੜੀ ਨੇੜੇ ਇਕ ਵੇਸਵਾ ਦਾ ਦ੍ਰਿਸ਼ ਖਿੱਚਿਆ ਹੈ ਜੋ ਇਕ ਸਿਆਣੀ ਮਾਈ ਕੋਲੋਂ ਆਪਣੇ ਫਟੇ ਕੰਨਾਂ ਨੂੰ ਟਾਂਕੇ ਲਵਾ ਰਹੀ ਸੀ।"ਅਜਿਹੇ ਗਾਹਕਾਂ ਕੋਲ ਤੁਸੀਂ ਜਾਂਦੀਆਂ ਹੀ ਕਿਉਂ ਹੋ ਪੁੱਤ।"ਮਾਈ ਦੇ ਬੋਲ ਸੱਤਾਧਾਰੀ ਜਾਬਰ ਮਰਦ ਵੱਲ ਸ਼ੰਕੇਤ ਦਿੰਦਾ ਹੈ ਜਿਸ ਦੀ ਮਰਦਾਨਗੀ ਨੂੰ ਔਰਤ ਦਮਨ ਵਿਚੋਂ ਹੀ ਬਲ ਮਿਲਦਾ ਹੈ।ਇਸ ਤਰ੍ਹਾਂ ਨਾਵਲਕਾਰ ਨੇ ਤੱਤਕਾਲੀ ਸਮਾਜ ਵਿਚ ਔਰਤ ਦੀ ਲਾਚਾਰੀ,ਸ਼ੋਸ਼ਣ ਤੇ ਜਬਰ ਨੂੰ ਜਾਨਣ ਸਮਝਣ ਦੀ ਚੇਤਨਾ ਜਗਾਈ ਹੈ।ਨਾਵਲਕਾਰ ਸ਼ਾਇਦ 'ਸੋ ਕਿਉਂ ਮੰਦਾ ਆਖੀਐ ' ਵਾਲੀ ਭਾਵਨਾ ਤੋਂ ਪਾਰ ਵਿਚਰਦੇ ਹਕੀਕੀ ਵਰਤਾਰਿਆਂ ਨੂੰ ਲੈ ਕੇ ਇਕ ਅਜਿਹਾ ਜੀਵਨ ਬਿਰਤਾਂਤ ਸਿਰਜਣਾ ਚਾਹ ਰਿਹਾ ਹੈ ਜਿਸ ਵਿਚ ਜ਼ਮੀਨੀ ਹਕੀਕਤਾਂ ਦੇ ਅੰਦਰਵਾਰ ਝਾਕਿਆ ਜਾ ਸਕਦਾ ਹੋਵੇ।ਇਨ੍ਹਾਂ ਸਾਰੇ ਬਿਰਤਾਂਤਕ ਦ੍ਰਿਸ਼ਾਂ ਨੂੰ ਨਾਵਲਕਾਰ ਨੇ ਮਰਦਾਨੇ ਦੇ ਮਨ ਵਿਚ ਉਥਲ-ਪੁਥਲ ਪੈਦਾ ਕਰਦੇ ਹੋਏ ਪੇਸ਼ ਕੀਤਾ ਹੈ।ਹੇਠ ਲਿਖੇ ਸੰਵਾਦ ਰਾਹੀਂ ਇਸ ਮਾਨਸਿਕ ਬੇਚੈਨੀ ਨੂੰ ਦੇਖਿਆ ਜਾ ਸਕਦਾ ਹੈ:

ਅੱਜ ਦਾ ਦਿਨ ਜਿਸ ਤਰ੍ਹਾਂ ਪੜਾਵਾਂ ਵਿਚ ਗੁਜ਼ਰਿਆ ਸੀ ਉਹਨੂੰ ਪਤਾ ਸੀ ਕਿ ਛੇਤੀ ਨੀਂਦ ਨਹੀ ਆਉਣ ਵਾਲੀ..।ਅੱਜ ਦੇ ਦਿਨ ਨਾਲ ਕਈ ਸ਼ਿਕਵੇ ਸਨ ਉਹ ਬੱਚੀ ਹੱਥੋਂ ਡਿੱਗਿਆ ਮਾਸੂਮ,ਉਨ੍ਹਾਂ ਪਿਛੇ ਚੱਲਦੀ ਮਾਂ,ਜੋ ਅਪਣੀ ਦੇਹ ਦੀ ਰਾਸ ਲੀਲਾ ਨਹੀਂ ਸੀ ਭੁੱਲੀ;ਕੋਹਲੂ ਦੇ ਗਲ ਦੀ ਟੱਲੀ ਜਿਸ ਨੇ ਕਦੀ ਵੀ ਸਾਜ਼ ਨਹੀਂ ਸੀ ਬਣਨਾ।ਮਰਦਾਨੇ ਨੂੰ ਪਤਾ ਸੀ ਇਹ ਨੀਂਦ ਤੋਂ ਪਹਿਲਾਂ ਸ਼ਿਕਵਿਆਂ ਦਾ ਸੁਨੇਹਾ ਜ਼ਰੂਰ ਸੁਣੇਗਾ।

ਇਸ ਨਾਵਲੀ ਬਿਰਤਾਂਤ ਵਿਚ ਔਰਤ ਪਾਤਰਾਂ ਦੀ ਪੇਸ਼ਕਾਰੀ ਰਾਹੀਂ ਲੇਖਕ ਸਮਾਜਿਕ ਦਾਇਤਵ ਦੀ ਪ੍ਰਤੀਧੁਨੀ ਪੈਦਾ ਕਰਨ ਦਾ ਇਛੁਕ ਜਾਪਦਾ ਹੈ।ਕਿਉਂਕਿ ਇਹ ਔਰਤ ਘਰ ਦਾ ਤਿਆਗ ਕਰ ਕੇ ਫਕੀਰੀ ਧਾਰਨ ਕਰਨ ਦੇ ਵਿਹਾਰ ਤੋਂ ਬੇਜ਼ਾਰ ਹੈ।ਇਥੇ ਬਾਬੇ ਤੇ ਮਰਦਾਨੇ ਦਾ ਫਕੀਰ ਬਣ ਜਾਣਾ ਕਿਧਰੇ ਵੀ ਘਰ ਦੀਆਂ ਔਰਤਾਂ ਲਈ ਕਿਸੇ ਕਿਸਮ ਦੀ ਰਾਹਤ ਦੇਣ ਵਾਲਾ ਕਾਰਜ ਨਹੀਂ ਬਣਦਾ।ਮਾਤਾ ਤ੍ਰਿਪਤਾ,ਬੀਬੀ ਸੁਲੱਖਣੀ,ਮਾਈ ਦੌਲਤਾਂ,ਅੱਲਾ ਰੱਖੀ,ਮੀਰਜ਼ਾਦੀ,ਚੰਦੋ ਆਦਿ ਇਤਿਹਾਸਮੂਲਕ ਪਾਤਰ ਅਨੇਕਾਂ ਥਾਵਾਂ



ਤੇ ਬਾਬੇ ਤੇ ਮਰਦਾਨੇ ਦੇ ਘਰ ਤੋਂ ਪਲਾਇਨ ਜਾਂ ਗ੍ਰਿਹਿਸਥੀ ਤੋਂ ਫਕੀਰੀ ਦੇ ਰਾਹ ਤੋਂ ਦੁੱਖੀ ਤੇ ਬੇਜ਼ਾਰ ਦਿਖਾਈ ਦਿੰਦੇ ਹਨ।ਇਥੇ ਸਿਰਫ ਭੈਣ ਨਾਨਕੀ ਹੀ ਹੈ ਜੋ ਆਪਣੇ ਭਰਾ ਨੂੰ ਅਰਸ਼ਾਂ ਦਾ ਜਾਇਆ ਮੰਨਦੀ ਹੈ।ਇਸੇ ਤਰ੍ਹਾਂ ਇਕ ਹੋਰ ਕਲਪਿਤ ਔਰਤ ਪਾਤਰ ਦਾ ਲਘੂ ਬਿਰਤਾਂਤ ਆਉਂਦਾ ਹੈ ਜੋ ਆਪਣੇ ਪੁੱਤ ਦੇ ਸਾਧ ਬਣਨ ਤੋਂ ਦੁਖੀ ਹੈ ਤੇ ਉਸਨੂੰ ਮੋੜ ਲਿਆਉਣ ਲਈ ਥਾਂ-ਥਾਂ ਤੇ ਲੱਭਦੀ ਫਿਰਦੀ ਹੈ।ਇੰਜ ਲੇਖਕ ਸਾਖੀ ਪ੍ਰੰਪਰਾ ਤੋਂ ਸਿੱਧੇ ਰੂਪ ਵਿਚ ਵਿੱਥ ਥਾਪ ਲੈਂਦਾ ਹੈ ਜਿਥੇ ਮਾਤਾ ਤ੍ਰਿਪਤਾ ਉਦਾਸੀ ਤੋਂ ਵਾਪਸ ਪਰਤੇ ਬਾਬੇ ਤੋਂ ਤੇ ਉਨ੍ਹਾਂ ਰਾਹਾਂ ਤੋਂ ਕੁਰਬਾਨ ਜਾਂਦੀ ਦਿਖਾਈ ਗਈ ਹੈ ਜਿਨ੍ਹਾਂ ਨੂੰ ਬਾਬਾ ਗਾਹ ਕੇ ਆਇਆ ਸੀ।

ਇਸ ਨਾਵਲੀ ਬਿਰਤਾਂਤ ਦੀ ਮੂਲ ਕਥਾ ਵਿਚ ਵਰਤੀ ਗਈ ਸ੍ਰੋਤ ਸਮੱਗਰੀ ਭਾਵੇਂ ਸਾਖੀ ਪ੍ਰੰਪਰਾ ਵਾਲੀ ਹੈ ਪਰੰਤੂ ਨਾਵਲਕਾਰ ਨੇ ਸਾਖੀਆਂ ਦੇ ਘਟਨਾਵੀ ਬਿਰਤਾਂਤ ਉੱਤੇ ਕੇਂਦਰਿਤ ਨਾ ਕਰ ਕੇ ਘਟਨਾਵਾਂ ਨੂੰ ਦਾਰਸ਼ਨਿਕ ਪੱਧਰ ਤੇ ਸਿਰਜਿਤ ਕਰਨ ਦਾ ਯਤਨ ਕੀਤਾ ਹੈ।ਇਸੇ ਲਈ ਲੇਖਕ ਸਾਖੀਆਂ ਦੇ ਪੈਟਰਨ ਦੇ ਉੱਤੇ ਨਹੀਂ ਟਿਕਦਾ ਸਗੋਂ ਘਟਨਾਵਾਂ ਨੂੰ ਗਿਆਨ ਦੀ ਸੋਝੀ ਨਾਲ ਦਾਰਸ਼ਨਿਕ ਮੁੱਲਾਂ ਨਾਲ ਲਬਰੇਜ਼ ਕਰ ਦਿੰਦਾ ਹੈ।ਪਰੰਤੂ ਸਾਖੀ ਉਨਮੁਖ ਘਟਨਾਵੀ ਬਿਰਤਾਂਤ ਦੀ ਨਿਰੰਤਰਤਾ ਵਿਚੋਂ ਹੀ ਇਸ ਨਾਵਲੀ ਬਿਰਤਾਂਤ ਨੂੰ ਇਤਿਹਾਸਕ ਗਤੀਸ਼ੀਲਤਾ ਪ੍ਰਾਪਤ ਹੁੰਦੀ ਹੈ।ਇਸ ਨਾਲ ਨਾਵਲੀ ਕਥਾ ਵਾਸਤੇ ਬਾਬੇ ਦੀਆਂ ਉਦਾਸੀਆਂ ਦੀਆਂ ਦਿਸ਼ਾਵਾਂ,ਸਥਾਨਾਂ ਤੇ ਵਿਅਕਤੀਆਂ ਨਾਲ ਮੁਲਾਕਾਤਾਂ ਤੇ ਗਿਆਨ ਗੋਸ਼ਟਾਂ ਦਾ ਦਿਸ਼ਾ-ਨਿਰਦੇਸ਼ ਪ੍ਰਾਪਤ ਹੋ ਜਾਂਦਾ ਹੈ।ਫਿਰ ਵੀ ਨਾਵਲਕਾਰ ਇਸ ਖਿਆਲ ਵਿਚ ਰਹਿੰਦਾ ਹੈ ਕਿ ਮੈਂ ਨਾਵਲ ਮਰਦਾਨੇ ਤੇ ਲਿਖਣਾ ਹੈ ਨਾ ਕਿ ਨਾਨਕ ਤੇ।ਇਸੇ ਕਰਕੇ ਬਾਬੇ ਦੀ ਯਾਤਰਾ ਮੌਕੇ ਬਹੁਤੀ ਗਵਾਹੀ ਮਰਦਾਨੇ ਦੀ ਰੱਖੀ ਗਈ ਹੈ।ਇਸ ਗਲਪੀ ਬਿਰਤਾਂਤ ਦੀ ਉਸਾਰੀ ਵਿਚ ਲੇਖਕ ਨੂੰ ਇਕ ਸੌਖ ਇਹ ਵੀ ਰਹਿੰਦੀ ਹੈ ਕਿ ਬਾਬੇ ਦੇ ਮੁਕਾਬਲੇ ਤੇ ਮਰਦਾਨੇ ਨੂੰ ਪ੍ਰਚੱਲਿਤ ਮਾਨਤਾ ਤੇ ਸ਼ਰਧਾ ਦੇ ਲਿਹਾਜ਼ ਨਾਲ ਇਧਰ ਉਧਰ ਲੈ ਕੇ ਜਾਣ ਦੀ ਖੁੱਲ੍ਹ ਮਿਲ ਜਾਂਦੀ ਹੈ।ਇਸੇ ਕਰਕੇ ਉਹ ਬਾਬੇ ਦੀ ਸੰਗਤ ਵਿਚ ਮਰਦਾਨੇ ਦੇ ਮਾਨਸਿਕ ਜਗਤ ਦੇ ਚਿਤਰਨ ਨੂੰ ਇਕ ਗਲਪੀ ਵਿਧੀ ਦੇ ਰੂਪ ਵਿਚ ਵਰਤਦਾ ਹੈ।ਇਸੇ ਕਰਕੇ ਨਾਵਲਕਾਰ ਸ੍ਰੋਤ ਸਮੱਗਰੀ ਵਿਚ ਪ੍ਰਾਪਤ ਘਟਨਾਵਾਂ, ਸਥਿਤੀਆਂ ਦੇ ਚਲ ਚਿੱਤਰਾਂ ਨੂੰ ਮਰਦਾਨੇ ਦੀ ਸ਼ਰਧਾਭਾਵੀ ਤੇ ਵਿਸਮਾਦੀ ਮਨੋਸਥਿਤੀ ਵਿਚੋਂ ਲੰਘਾ ਕੇ ਕਥਾ ਉਸਾਰਨ ਦੀ ਵਿਧੀ ਦੀ ਤਲਾਸ਼ ਕਰਦਾ ਹੈ। ਵੇਖੋ:

ਵਗਦੇ ਪਾਣੀ ਦੀ ਧਾਰਾ ਦੇ ਪਹਾੜ ਹੋਰ ਨੇੜੇ ਆ ਗਏ ਸਨ। ਸਿੱਧੇ ਖੜ੍ਹੇ ਪਹਾੜਾਂ ਦੇ ਗਲ੍ਹਾਂ ਵਿਚ ਤਬੀਤਾਂ ਵਾਂਗ ਲਟਕਦੀਆਂ ਸਿਲਾਂ ਅੱਗੇ ਪਾਣੀ ਵੱਲ ਝੁਕੀਆਂ ਦਿਸਦੀਆਂ ਸਨ। ਜ਼ਿਆਦਾਤਰ ਜੋਗੀਆਂ ਸਾਧਾਂ ਦੇ ਡੇਰੇ ਇਨ੍ਹਾਂ ਸਿਲਾਂ ਉਪਰ ਹੀ ਸਨ। ਕੋਈ ਕੋਈ ਸਿਲ ਬਿਲਕੁਲ ਸਿਰ ਤੱਕ ਆ ਜਾਂਦੀ। ਕਿਸੇ ਜੋਗੀ ਦਾ ਪੁੱਛਿਆ ਸਵਾਲ ਬਨੇਰੇ ਤੇ ਬੈਠੇ ਬੰਦੇ ਵਾਂਗ ਜਾਪਦਾ। ਪਰ ਘੁੰਮਦੀ ਪਗਡੰਡੀ ਇਕ ਵਾਰ ਵੇਖੇ ਚਿਹਰੇ ਨੂੰ ਦੁਬਾਰਾ ਨਾ ਦਿਸਣ ਦੇਂਦੀ। ਬਹੁਤ ਕੁਝ ਪੁੱਛਿਆ ਜਾ ਰਿਹਾ ਸੀ। ਪਰ ਬਾਬਾ ਅੱਜ ਰੁਕ ਨਹੀਂ ਸੀ ਰਿਹਾ।...ਜਿਸ ਤਰ੍ਹਾਂ ਬਾਬੇ ਦਾ ਤੁਰੰਤ ਜਵਾਬ ਚੱਲ ਰਿਹਾ ਸੀ;ਮਰਦਾਨੇ ਲਈ ਬੜਾ ਰੌਚਕ ਸੀ।

ਇੰਜ ਨਾ ਸਿਰਫ ਘਟਨਾਵੀ ਬਿਰਤਾਂਤ ਦੀ ਉਸਾਰੀ ਲਈ ਲੇਖਕ ਮਰਦਾਨੇ ਦੀ ਅੱਖ ਦੀ ਨਜ਼ਰ ਤੇ ਉਸ ਦੇ ਮਨ ਦੀ ਨਜ਼ਰ ਨੂੰ ਵਰਤਦਾ ਹੈ ਬਲਕਿ ਬਾਬੇ ਦੇ ਦਾਰਸ਼ਨਿਕ ਸੰਵਾਦ ਨੂੰ ਵੀ ਮਰਦਾਨੇ ਦੇ ਚੇਤੇ ਦੀ ਗਵਾਹੀ ਨਾਲ ਸਿਰਜਣ ਦੀ ਜੁਗਤ ਘੜਦਾ ਹੈ। ਬਾਬੇ ਦੇ ਇਸ ਸੰਵਾਦ ਦਾ ਦਰਸ਼ਨ ਸ਼ਾਸਤਰ ਪਰਮਾਰਥ ਦੇ ਨਵੇਂ ਰਾਹਾਂ ਦੀ ਦੱਸ ਪਾਉਣ ਵਾਲਾ ਹੈ। ਇਹ ਸੰਵਾਦ ਜੀਵਨ ਲੀਲ੍ਹਾ ਦੀਆਂ ਡੂੰਘੀਆਂ ਰਮਜਾਂ ਭਰਿਆ, ਸੰਕੇਤਕ ਅਤੇ ਅਗੰਮੀ ਹੈ ਜਿਸ ਦੇ ਨਾਲ ਤੁਰਨਾ ਸਧਾਰਨ ਪਾਠਕ ਲਈ ਸਹਿਜ ਨਹੀਂ ਹੈ। ਇਸ ਸੰਵਾਦ ਨੂੰ ਨਾਵਲਕਾਰ ਨੇ ਸਿਆਣਪ ਨਾਲ ਬਾਬੇ ਦੀ ਦਾਰਸ਼ਨਿਕ ਸੋਝੀ ਦੇ ਕੁਝ ਇਕ ਮਹੱਤਵਪੂਰਨ ਬਿੰਦੂਆਂ ਤੇ ਕੇਂਦਰਿਤ ਕੀਤਾ ਹੈ। ਜਿਨ੍ਹਾਂ ਵਿਚ ਫਕੀਰੀ ਤੇ ਤਿਆਗ ਦਾ ਮਾਰਗ,ਚੁੱਪ ਤੇ ਗਾਇਨ ਦਾ

ਮਾਰਗ, ਸਰੀਰਕ ਕਸ਼ਟ(ਤਪ) ਅਤੇ ਅਨੰਦ ਦਾ ਮਾਰਗ, ਗ੍ਰਹਿਸਥੀ ਤੇ ਸਾਧੂ ਦਾ ਰਾਹ ਆਦਿਕ ਨੁਕਤਿਆਂ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਇਨ੍ਹਾਂ ਗਿਆਨ ਸ਼ਾਸਤਰੀ ਬਿੰਦੂਆਂ ਨੂੰ ਜਾਨਣ, ਸਮਝਣ ਤੇ ਪੇਸ਼ ਕਰਨ ਦੇ ਲਈ ਨਾਵਲਕਾਰ ਨੇ ਸੰਜਮੀ ਤੇ ਗੰਭੀਰ ਕਿਸਮ ਦੀ ਬੌਧਿਕ ਸ਼ੈਲੀ ਦੀ ਵਰਤੋਂ ਕੀਤੀ ਹੈ। ਇਸ ਵਿਚੋਂ ਨਿਕਲੇ ਵਾਕ ਦਾਰਸ਼ਨਿਕ ਸੁਰਤੀ ਬਿਰਤੀ ਵਾਲੇ ਹਨ। ਇਥੇ ਕੁਝ ਦਾ ਹਵਾਲਾ ਦੇਖਣਾ ਬਣਦਾ ਹੈ:

•ਬਾਬਾ ਜੋਗੀਆਂ ਦਾ ਸਾਰਾ ਧਿਆਨ ਵਿਧੀਆਂ ਵਿਚ ਰਹਿੰਦਾ ਏ,ਦੇ ਜਵਾਬ ਵਿਚ ਬਾਬੇ ਦੇ ਬੋਲ"ਸਾਰੀਆਂ ਵਿਧੀਆਂ ਨੇ ਸਰੀਰ ਤੋਂ ਬਾਹਰ ਨਿਕਲਣਾ ਹੁੰਦਾ ਏ। ਜੋ ਅੰਦਰ ਰਹਿ ਗਈ ਉਹੀ ਬੰਧਨ।

•ਫਕੀਰੀ ਮਨ ਦਾ ਮੁੰਨਣਾ ਹੈ,ਸਰੀਰ ਦਾ ਨਹੀਂ।


•ਸੰਸਾਰ ਨਹੀਂ ਅਗਿਆਨ ਨੂੰ ਛੱਡਣਾ ਏ,ਹੋਰ ਨੂੰ ਨਹੀਂ ਆਪਣੇ ਆਪ ਨੂੰ ਜਾਨਣਾ ਏ।

•ਸੱਚ ਜਾਣਿਆ ਜਾ ਸਕਦਾ ਹੈ ਇਸੇ ਲਈ ਸਾਨੂੰ ਵਾਰ ਵਾਰ ਗਾਉਣਾ ਪੈ ਰਿਹਾ ਹੈ।

•ਗਿਆਨ ਪਰਮ ਗਿਆਨੀ ਕੋਲ ਜਾ ਕੇ ਖਲਕਤ ਵੱਲ ਮੁੜਨਾ ਚਾਹੀਦਾ ਏ।

•ਜੋ ਆਪਣਾ ਨਹੀਂ ਉਸੇ ਤੋਂ ਤਾਂ ਪੀੜ ਹੁੰਦੀ ਏ..ਜੋ ਆਪਣਾ ਹੈ ਉਹ ਤੋਂ ਤਾਂ ਰਸ ਆਉਂਦਾ ਏ।

ਇੰਜ ਇਹ ਦਾਰਸ਼ਨਿਕ ਸੂਤਰ ਮਰਦਾਨੇ ਦੀ ਜਗਿਆਸਾ ਅਤੇ ਪੁੱਛਾਂ ਦੇ ਉੱਤਰ ਬਣਦੇ ਹਨ ਜਿਹੜੇ ਉਦਾਸੀਆਂ ਦੌਰਾਨ ਅਗਿਆਨਤਾ ਦੇ ਪਸਰੇ ਹਨੇਰੇ ਨੂੰ ਦੂਰ ਕਰਨ ਦੇ ਲਈ ਬਾਬਾ ਉਚਾਰਦਾ ਹੈ। ਕਿਉਂਕਿ ਮਰਦਾਨੇ ਦਾ ਜੀਵਨ ਬਿਰਤਾਂਤ ਆਪਣੇ ਆਪ ਵਿਚ ਬਾਬੇ ਨਾਨਕ ਦਾ ਪੂਰਕ ਬਣਿਆ ਰਿਹਾ ਹੈ। ਇਸ ਕਰਕੇ ਮਰਦਾਨੇ ਦੇ ਬੋਲ ਨਾਨਕ ਦੀ ਸੰਗਤ ਵਿਚੋਂ ਹੀ ਬੋਲ ਬਣਦੇ ਹਨ। ਇਸ ਲਈ ਇਹ ਨਾਵਲ ਨਾ ਇਕੱਲਾ ਮਰਦਾਨੇ ਉਪਰ ਅਧਾਰਿਤ ਹੈ ਤੇ ਨਾ ਹੀ ਇਕੱਲਾ ਬਾਬੇ ਨਾਨਕ ਉੱਤੇ। ਦੇਖਿਆ ਜਾਵੇ ਤਾਂ ਇਹ ਨਾਵਲੀ ਬਿਰਤਾਂਤ ਬਾਬੇ ਨਾਨਕ ਦੀ ਸੰਗਤ ਵਿਚ ਸੱਚ ਦੇ ਰਾਹਾਂ ਦਾ ਸਾਥੀ ਬਣੇ ਮਰਦਾਨੇ ਦੀ ਜੀਵਨ ਯਾਤਰਾ ਦਾ ਦੀਦਾਰ ਕਰਵਾਉਂਦਾ ਹੈ ਅਤੇ ਮਰਦਾਨੇ ਦੇ ਅੰਤਰਮਨ ਦੀ ਗਾਥਾ ਨਾਲ ਪਹਿਲੀ ਵਾਰੀ ਇਕ ਮਹੱਤਵਪੂਰਨ ਪਰ ਅਣਗੌਲੇ ਇਤਿਹਾਸਕ ਪਾਤਰ ਦੇ ਆਰ ਪਾਰ ਵੇਖਣ ਦੀ ਸੰਭਾਵਨਾ ਜਗਾਉਂਦਾ ਹੈ।


**ਪੰਜਾਬੀ ਕਵਿਤਾ ਵਿਚ ਆਪਣੀ ਨਿਵੇਕਲੀ ਪਛਾਣ ਬਣਾਉਣ ਵਾਲਾ ਪੰਜਾਬੀ ਦਾ ਚਰਚਿਤ ਸ਼ਾਇਰ ਸੰਧੂ ਵਰਿਆਣਵੀ ਦਾ ਕਵਿਤਾ ਸੰਗ੍ਰਹਿ ਲਕੀਰਾਂ**




**ਲਕੀਰਾਂ ਦੀਆਂ ਅੰਤਰੀਵੀ ਪਰਤਾਂ ਫਰੋਲਦੀ ਪੁਸਤਕ ਜਿਸ ਨੂੰ ਪ੍ਰੋ. ਜੇ. ਬੀ ਸੇਖੋਂ ਨੇ ਸੰਪਾਦਤ ਕੀਤਾ ਹੈ। ਜਿਸ ਵਿਚ ਲਕੀਰਾਂ ਦੇ ਆਰ ਵੀ ਅਤੇ ਪਾਰ ਵੀ ਝਾਕਿਆ ਗਿਆ ਹੈ।**




# ਸਮਾਜਿਕ ਸਰੋਕਾਰਾਂ ਦਾ ਬਿਰਤਾਂਤ : ਅੰਤਹੀਣ /

## -ਲਕਸ਼ਮੀ ਨਰਾਇਣ ਭੀਖੀ (ਡਾ.)

**ਕਿਰਪਾਲ** ਕਜ਼ਾਕ ਪੰਜਾਬੀ ਕਹਾਣੀ ਦੇ ਖੇਤਰ ਵਿਚ, ਸਹਿਜ ਰੂਪ ਵਿਚ ਸਿਰਜਣਾ ਕਰਨ ਵਾਲਾ, ਸੁਹਜ ਭਰਪੂਰ ਕਹਾਣੀਕਾਰ ਹੈ। **'ਅੰਤਹੀਣ'** ਉਸਦਾ ਨਵਾਂ ਕਹਾਣੀ ਸੰਗ੍ਰਹਿ ਹੈ। ਇਹ ਸੰਗ੍ਰਹਿ ਉਸ ਦੀ ਧੀਮੀ ਗਤੀ ਦੀ ਕਥਾ ਸਿਰਜਣਾ ਆਖੀ ਜਾ ਸਕਦੀ ਹੈ। ਉਸਦਾ ਇਹ ਸੰਗ੍ਰਹਿ 25 ਸਾਲਾਂ ਤੋਂ ਬਾਅਦ ਪ੍ਰਕਾਸ਼ਿਤ ਹੋਇਆ ਹੈ। ਉਸਦੇ ਪਾਠਕਾਂ ਲਈ ਇਤਨਾ ਲੰਬਾ ਅੰਤਰਾਲ ਪ੍ਰਸ਼ਨ ਵਾਚਕ ਹੈ ਕਿ ਉਹ ਆਪਣੇ ਪਾਠਕਾਂ ਤੋਂ 25 ਸਾਲ ਗ਼ੈਰ ਹਾਜ਼ਰ ਕਿਉਂ ਰਿਹਾ। ਪਾਠਕ ਇਹ ਆਖ ਸਕਦਾ ਹੈ ਕਿ ਉਸਨੇ ਕਹਾਣੀ ਲਿਖਣੀ ਕਿਉਂ ਛੱਡ ਦਿੱਤੀ, ਇਹ ਵੀ ਹੋ ਸਕਦਾ ਹੈ ਕਿ ਕਥਾਕਾਰ ਢਾਈ ਦਹਾਕੇ, ਕਹਾਣੀ ਤੋਂ ਬਿਨਾ ਕੋਈ ਹੋਰ ਸਿਰਜਣਾਤਮਿਕ ਕਾਰਜ ਕਰਦਾ ਰਿਹਾ ਹੋਵੇ। ਕਾਰਨ ਕੋਈ ਵੀ ਹੋਵੇ ਇਕ ਸਿਰਜਣਾਤਮਿਕ ਲੇਖਕ ਨੂੰ ਆਪਣੇ ਪਾਠਕ ਵਰਗ ਨੂੰ, ਰਚਨਾਵਾਂ ਤੋਂ ਲੰਬਾ ਵਕਫਾ ਪਾ ਕੇ ਤਰਸਾਉਣਾ ਨਹੀਂ ਚਾਹੀਦਾ। ਫੇਰ ਵੀ ਕਹਾਣੀ ਸੰਗ੍ਰਹਿ ਵਿਚ ਵਿਸ਼ਿਆਂ ਦੀ ਵਿਭਿੰਨਤਾ ਹੋਣ ਕਰਕੇ ਉਸਦੇ ਪਾਠਕਾਂ ਨੇ ਇਸ ਨੂੰ ਜੀ ਆਇਆਂ ਕਿਹਾ ਹੈ। ਇਹ ਕਹਾਣੀ ਸੰਗ੍ਰਹਿ ਦੀਆਂ ਸੱਤ ਕਹਾਣੀਆਂ ਵਿਭਿੰਨ ਸਰੋਕਾਰਾਂ ਨਾਲ ਸੰਬੰਧਿਤ ਹੋਣ ਕਰਕੇ ਉਚੇਚੇ ਧਿਆਨ ਦੀ ਮੰਗ ਕਰਦੀਆਂ ਹਨ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ ਪੰਜਾਬ **ਦੇ ਸੰਕਟ** ਨਾਲ ਸੰਬੰਧਤ ਹੈ ਇਸ ਸੰਕਟ ਨੇ ਪੰਜਾਬ ਦੇ ਸਮੁੱਚੇ ਲੋਕਾਂ ਨੂੰ ਲੰਮਾ ਸਮਾਂ ਆਪਣੀ ਗ੍ਰਿਫਤ ਲਈ ਰੱਖਿਆ। **'ਡੂਮਣਾ'** ਇਕ ਡਰੂ ਮਾਨਸਿਕਤਾ ਦੀ ਪ੍ਰਤੀਕ ਕਹਾਣੀ ਹੈ ਕਿਉਂਕਿ ਜਿਵੇਂ ਡੂਮਣੇ ਵੱਲ ਉਂਗਲ ਉਠਾਉਣ 'ਤੇ ਉਹ ਮਗਰ ਪੈ ਜਾਂਦਾ ਹੈ ਉਵੇਂ ਹੀ ਖਾੜਕੂਆਂ ਵੱਲ ਉਂਗਲ ਉਠਾਉਣ ਵਾਲੇ ਵੀ ਮਾਰੇ ਜਾਂਦੇ ਸਨ ਅਤੇ ਹੱਕ 'ਚ ਖੜ੍ਹਨ ਵਾਲੇ ਸਰਕਾਰੀ ਜਬਰ ਦਾ ਸ਼ਿਕਾਰ ਹੋ ਜਾਂਦੇ ਸਨ। ਡੂਮਣੇ ਨੂੰ ਵੀ ਖਾੜਕੂਵਾਦ ਵਾਂਗ ਮੂਲ ਧਾਰਾ (ਨਿਯੰਤਰਣ) ਵਿਚ ਲਿਆਉਣਾ ਮੁਸ਼ਕਲ ਕਾਰਜ ਸੀ। ਜਿਵੇਂ ਡੂਮਣਾ ਆਪਣਾ ਸ਼ਹਿਦ ਆਪ ਹੀ ਨਿਗਲ ਜਾਂਦਾ ਹੈ, ਉਵੇਂ ਹੀ ਪੰਜਾਬ ਸੰਕਟ ਦੇ ਦੌਰਾਨ ਕੁਝ ਸ਼ਕਤੀਆਂ ਇਕ ਦੂਜੇ ਦੀ ਹੋਂਦ ਨੂੰ ਨਿਗਲ ਗਈਆਂ ਸੂਰਤੀ ਇਸ ਕਹਾਣੀ ਦਾ ਇੱਕ ਖਾੜਕੂ ਪਾਤਰ ਹੈ, ਸੂਰਤੀ ਕਾਰਨ ਸਾਰਾ ਪਰਿਵਾਰ ਸਰਕਾਰੀ ਜਬਰ ਦਾ ਦੁਖਾਂਤ ਹੰਢਾਉਂਦਾ ਹੈ। ਪ੍ਰੰਤੂ ਉਹ ਵਾਅਦਾ ਮੁਆਫ਼ ਗਵਾਹ ਬਣ ਕੇ ਪੁਲਿਸ 'ਚ ਭਰਤੀ ਹੋ ਜਾਂਦਾ ਹੈ। ਇਸ ਤੋਂ ਖਾੜਕੂ ਲਹਿਰ ਦੀ ਵਿਚਾਰਧਾਰਿਕ ਕਮਜ਼ੋਰੀ ਵੀ ਨਜ਼ਰ ਆਉਂਦੀ ਹੈ ਕਿ ਮਾਨਸਿਕ ਕਮਜ਼ੋਰੀ ਕਾਰਨ ਹੀ ਉਹ ਖਾੜਕੂ ਧਿਰ ਛੱਡਕੇ ਰਾਜਸੀ ਪ੍ਰਬੰਧ ਦਾ ਹਿੱਸਾ ਬਣ ਜਾਂਦੇ ਹਨ। ਇਸ ਤੋਂ ਇਲਾਵਾ ਪੁਲਿਸ ਦੇ ਦੋਹਰੇ ਕਿਰਦਾਰ ਦਾ ਵੀ ਪਤਾ ਲੱਗਦਾ ਹੈ ਕਿ ਉਹ ਪਹਿਲਾ ਤਾਂ ਸੂਰਤੀ ਵਰਗਿਆਂ ਨੂੰ ਖਾੜਕੂ ਸਮਝਕੇ ਮਾਰਦੇ ਰਹੇ, ਫੇਰ ਸੂਰਤੀ ਵਰਗਿਆਂ ਨੂੰ ਤਸ਼ਦੱਦ ਕਰਕੇ ਲਾਲਚ ਦੇ ਕੇ ਆਪਣੇ ਨਾਲ ਮਿਲਾ ਲੈਂਦੇ ਹਨ ਜੋ ਡੂਮਣੇ ਵਾਂਗ ਖੁਦ ਹੀ ਆਪਣੇ ਨਾਲ ਦੇ ਖਾੜਕੂਆਂ ਦੀ ਹੋਂਦ ਖਤਮ ਕਰ ਦਿੰਦੇ ਹਨ। ਖਾੜਕੂਵਾਦ ਵੀ ਡੂਮਣੇ ਵਾਂਗ ਹੀ ਸੀ। ਜਿਸਨੂੰ ਧੂੰਆਂ ਕਰਕੇ ਭਜਾਇਆ ਨਹੀਂ ਜਾ ਸਕਦਾ ਅਤੇ ਮੰਤਰ ਪੜ੍ਹ ਕੇ ਵੀ ਚੋਇਆਂ ਨਹੀਂ ਜਾ ਸਕਦਾ। ਇਸ ਤਰ੍ਹਾਂ ਡੂਮਣਾ ਕਹਾਣੀ ਪੰਜਾਬ ਨਾਲ ਵਾਪਰੇ ਅਤੇ ਪਰਿਵਾਰ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ।

**'ਸੁਰਮਗਤੀ'** ਕਹਾਣੀ ਇਨਕਲਾਬੀ ਲਹਿਰ ਦੀ ਨੀਰਸਤਾ 'ਚੋਂ ਉਪਜੀ ਕਹਾਣੀ ਹੈ ਕਿਉਂ ਜੋ ਸਮਾਜਵਾਦੀ ਵਿਚਾਰਧਾਰਾ ਨੇ ਇਨਕਲਾਬੀ ਸਮਰਥੱਕਾਂ 'ਚ ਮਾਯੂਸੀ ਪੈਦਾ ਕੀਤੀ, ਮਾਯੂਸੀ ਕਾਰਨ ਸਮੂਹਿਕ ਰੂਪ ਵਿਚ ਤਬਦੀਲੀ ਹੋਣ ਦੀ ਥਾਂ, ਵਿਅਕਤੀਗਤ ਕਾਰਵਾਈਆਂ ਕਰਨ ਜਿਹੀ ਸੋਚ ਪੈਦਾ

ਹੋਈ। ਇਹ ਕਹਾਣੀ ਇਹ ਦਰਸਾਉਂਦੀ ਹੈ ਕਿ ਸਮਾਜਵਾਦੀ ਵਿਚਾਰਧਾਰਾ ਪ੍ਰਤੀ ਪੂਰੀ ਚੇਤਨਾ ਪੈਦਾ ਨਾ ਹੋਣ ਕਰਕੇ ਸੂਰਮਗਤੀ ਵਰਗਾਂ ਮਾਰਕੇਬਾਜ (ਨਿੱਜੀ) ਐਕਸ਼ਨ ਪੈਦਾ ਹੁੰਦਾ ਹੈ। ਜਿਸ ਨੇ ਸਮਾਜ ਵਿਚ ਤਬਦੀਲੀ ਲਿਆਉਣ ਲਈ ਜਾਗ੍ਰਤੀ ਹੀ ਪੈਦਾ ਨਹੀਂ ਕੀਤੀ ਇਸ ਸਮੇਂ ਸਿਧਾਂਤਿਕ ਕਮਜ਼ੋਰੀਆਂ ਤੇ ਵਧੇਰੇ ਜ਼ੋਰ ਦਿਤਾ ਗਿਆ ਜਦੋਂ ਕਿ ਸਮਾਜਿਕ ਤੌਰ ਤੇ ਘੱਟ ਅਮਲ ਕੀਤੇ ਗਏ। ਇਸ ਕਾਰਨ ਜਦੋਂ ਵੀ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਹ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਸਿਰਫ਼ ਰਾਵਾਂ ਤਾਂ ਪ੍ਰਗਟ ਕਰਦੇ ਹਨ, ਹੱਲ ਤਲਾਸ਼ਣ ਲਈ ਕੋਈ ਵੀ ਤਿਆਰ ਨਹੀਂ। ਜੇਕਰ ਕਿਤੇ ਕੋਈ ਐਕਸ਼ਨ ਕਰਨ ਬਾਰੇ ਸੋਚਿਆ ਜਾਂਦਾ ਹੈ, ਤਦੇ ਹੀ ਕਾਨੂੰਨਾਂ ਦਾ ਡਰ ਪਾਤਰਾਂ ਦੇ ਦਿਮਾਗ਼ ਵਿਚ ਵੱਸਿਆ ਹੋਇਆ ਹੈ। ਇਹ ਕਹਾਣੀ ਇਸ ਪੱਖ ਵੱਲ ਵੀ ਝਾਤੀ ਪਵਾਉਂਦੀ ਹੈ ਕਿ ਇਨਕਲਾਬੀ ਕਾਰਕੁੰਨ ਪ੍ਰੇਮ ਦੇ ਜਜ਼ਬੇ ਨੂੰ ਗਹਿਰਾਈ ਵਿਚ ਸਮਝਣ ਤੋਂ ਅਸਮਰੱਥ ਹਨ। ਪੁਸ਼ਪੀ ਇਸ ਕਹਾਣੀ ਦੀ ਧੜੱਲੇਦਾਰ ਪਾਤਰ ਹੈ ਜੋ ਪ੍ਰੇਮ ਭਾਵਨਾ ਵਿਚ ਲਬਰੇਜ਼ ਹੈ ਅਤੇ ਸਮਾਜਿਕ ਸਮੱਸਿਆ ਆਉਣ ਤੇ ਅਮਲ ਦੇ ਪੱਧਰ ਤੇ ਐਕਸ਼ਨ ਵੀ ਕਰਦੀ ਹੈ। ਭਾਵੇਂ ਉਸਦਾ ਐਕਸ਼ਨ ਕਰਨਾ ਚੰਗਾ ਤਾਂ ਲੱਗਦਾ ਹੈ, ਲੇਕਿਨ ਸਮਾਜ ਦੀ ਮੁਕਤੀ ਲਈ, ਸਮੱਸਿਆਵਾਂ ਦੇ ਹੱਲ ਲਈ ਸਿਰਫ਼ ਇਤਨਾ ਕੁ ਹੱਲ ਕਾਫ਼ੀ ਨਹੀਂ ਹੈ। ਸਗੋਂ ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਸਮਾਜਿਕ ਤੌਰ ਤੇ ਤਬਦੀਲੀਆਂ ਦੀ ਵਧੇਰੇ ਲੋੜ ਹੈ।

'ਜੜ੍ਹਾਂ' ਕਹਾਣੀ ਵਿਚ ਟੁੱਟ ਰਹੇ ਪਰਿਵਾਰਿਕ ਰਿਸ਼ਤਿਆਂ ਦੀ ਵਿਡੰਬਨਾ ਹੈ। ਜੜ੍ਹਾਂ ਕਹਾਣੀ ਦੇ ਮੈਂ ਪਾਤਰ ਦੀ ਮਨੋਦਿਸ਼ਾ ਸਮਝੌਤਾਵਾਦੀ ਹੈ। ਮੈਂ ਪਾਤਰ ਅਮੀਰ ਹੋਣ ਲਈ ਸ਼ੈਲੀ ਨਾਲ ਵਿਆਹ ਕਰਵਾਉਂਦਾ ਹੈ। ਫੇਰ ਸ਼ੈਲੀ ਦੇ ਪਿਤਾ ਰਾਹੀਂ ਮਿਲੀ ਨੌਕਰੀ ਨੂੰ ਵੀ ਸਵੀਕਾਰ ਕਰਦਾ ਹੈ। ਪਤਨੀ ਅਤੇ ਨੌਕਰੀ ਪ੍ਰਾਪਤ ਕਰਨ ਉਪਰੰਤ ਆਪਣੀ ਜਨਮ ਭੂਮੀ ਵੀ ਛੱਡਦਾ ਹੈ। ਇਸ ਕਹਾਣੀ ਵਿਚ ਪੇਸ਼ ਪਾਤਰ ਮੈਂ, ਸ਼ੈਲੀ, ਮਾਂ ਤੇ ਦੀਨ ਦਿਆਲ ਲਈ ਜੜ੍ਹਾਂ ਦੇ ਅਲੱਗ ਅਲੱਗ ਅਰਥ ਹਨ। ਪੂੰਜੀਵਾਦੀ ਵਰਤਾਰਾ ਹੈ ਹੀ ਅਜਿਹਾ ਜੋ ਮਨੁੱਖ ਨੂੰ ਕਰਦਾ ਹੈ। ਇਸ ਕਹਾਣੀ ਵਿਚ ਜੜ੍ਹਾਂ ਇਕ ਹੋਰ ਰੂਪ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਕਿ ਸ਼ੈਲੀ ਵੱਲੋਂ ਗਮਲਿਆਂ ਵਿਚ ਬੋਹੜ, ਪਿੱਪਲ ਅਤੇ ਜੰਡ ਆਦਿ ਉਗਾਏ ਜਾ ਰਹੇ ਹਨ ਇਹ ਫਾਰਮੂਲਾ ਬੰਦਿਆਂ ਤੇ ਵੀ ਲਾਗੂ ਕੀਤਾ ਜਾ ਰਿਹਾ ਹੈ, ਤਾਂ ਕਿ ਬੋਨਸਾਈ ਤਕਨੀਕ ਰਾਹੀਂ ਬੰਦਿਆਂ ਦੇ ਅਕਾਰ ਅਤੇ ਵਿਚਾਰ ਨੂੰ ਵੀ ਬੋਣਾ ਕੀਤਾ ਜਾ ਸਕੇ। ਜਦੋਂ ਮੈਂ ਪਾਤਰ ਦੀ ਪਤਨੀ ਸ਼ੈਲੀ ਕਹਿੰਦੀ ਹੈ:

"ਦੇਖਿਆ, ਤੂੰ ਕਹਿੰਦਾ ਸੀ ਜੜ੍ਹਾਂ ਹੁੰਦੀਐ ਬੰਦੇ ਦੀਆਂ, ਜੇ ਬੋਹੜ ਪਿੱਪਲ ਗਮਲਿਆਂ ਵਿਚ ਉੱਗ ਸਕਦੇ ਐ, ਤਾਂ ਬੰਦੇ ਦਾ ਕੀ ਐ। (ਪੰਨਾ 35) ਸ਼ੈਲੀ ਆਪਣੀ ਬੋਨਸਾਈ ਤਕਨੀਕ ਪਤੀ ਅਤੇ ਸੱਸ ਤੇ ਲਾਗੂ ਕਰਨਾ ਚਾਹੁੰਦੀ ਹੈ, ਪੂੰਜੀਵਾਦ ਦਾ ਇਹ ਨਵਾਂ ਵਰਤਾਰਾ ਅਜਿਹਾ ਹੈ ਜਿਸ ਵਿਚ ਪੂੰਜੀ ਨੇ ਆਪਣਾ ਆਕਾਰ ਤਾਂ ਵਿਸ਼ਵ ਵਿਆਪੀ ਬਣਾ ਲਿਆ ਹੈ ਜਦੋਂ ਕਿ ਮਨੁੱਖ ਦਾ ਅਕਾਰ ਲਘੂ, ਮਿੰਨੀ, ਨਿੱਕਾ ਅਤੇ ਬੋਣਾ ਬਣਾ ਦਿੱਤਾ ਹੈ। ਇਸ ਕਹਾਣੀ ਤੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਇਕ ਪੇਂਡੂ ਬਜ਼ੁਰਗ ਔਰਤ ਵੱਲੋਂ ਸ਼ਹਿਰ ਵਿਚ ਜੜਾਂ ਲਾਉਣੀਆਂ ਮੁਸ਼ਕਲ ਹਨ। ਦੀਨ ਦਿਆਲ ਵਰਗਾ ਬਜ਼ੁਰਗ ਵੀ ਜੜਾਂ ਲਾਉਣ ਤੋਂ ਪਹਿਲਾਂ ਹੀ ਤੁਰ(ਮਰ) ਜਾਂਦਾ ਹੈ ਕਿਉਂਕਿ ਉਸਨੂੰ ਇੱਕਲਤਾ ਅਤੇ ਭੂਹੇਰਵਾ ਸਤਾਉਂਦਾ ਰਹਿੰਦਾ ਹੈ। ਇਸ ਕਹਾਣੀ ਰਾਹੀਂ ਇਹ ਵੀ ਸਪਸ਼ਟ ਹੋ ਜਾਂਦਾ ਹੈ, ਕਿ ਪੇਂਡੂ ਬੰਦਾ ਸ਼ਹਿਰ 'ਚ ਜਾ ਕੇ ਭਾਵੇਂ ਕਿੰਨੀ ਮਰਜ਼ੀ ਕੋਸ਼ਿਸ਼ ਕਰੇ ਉਹ ਸ਼ਹਿਰ ਵਿਚ ਆਪਣੀਆਂ ਜੜਾਂ ਨਹੀਂ ਲਾ ਸਕਦਾ। ਜਦੋਂ ਕਿ ਪਿਛਲੀ ਪੀੜ੍ਹੀ (ਮਾਪਿਆਂ) ਦੀਆਂ ਜੜ੍ਹਾਂ ਪਿੰਡ ਵਿਚ ਹੀ ਲੱਗੀਆਂ ਹੁੰਦੀਆਂ ਹਨ ਅਤੇ ਅਗਲੀ ਪੀੜ੍ਹੀ ਦੀਆਂ ਜੜ੍ਹਾਂ ਸ਼ਹਿਰ ਵਿਚ ਹੀ ਲੱਗਦੀਆਂ ਹਨ, ਜਦੋਂ ਕਿ ਵਿਚਕਾਰਲੀ ਪੀੜ੍ਹੀ



ਤਾਂ ਵਿਚ ਵਿਚਕਾਰ ਤ੍ਰੈਸ਼ੰਕੂ ਵਾਂਗ ਲਟਕ ਜਾਂਦੀ ਹੈ, ਜਿਸ ਦੀਆਂ ਜੜਾਂ ਨਾ ਪਿੰਡ 'ਚ ਹੁੰਦੀਆਂ ਨੇ ਨਾ ਹੀ ਸ਼ਹਿਰ ਵਿਚ। ਇਸ ਕਹਾਣੀ ਦਾ ਮੈਂ ਪਾਤਰ ਜੜਹੀਣ ਜੀਵਨ ਹੰਢਾਉਂਦਾ ਹੈ। ਜਦੋਂ ਕਿ ਬਿਨਾਂ ਪਛਾਣ ਤੋਂ ਮੈਂ ਪਾਤਰ ਦੀਆਂ ਜੜ੍ਹਾਂ ਤਾਂ ਹੁੰਦੀਆਂ ਹੀ ਨਹੀਂ। ਜਦੋਂ ਕਿ ਬਜ਼ੁਰਗ ਪੀੜ੍ਹੀ ਦੀਆਂ ਜੜ੍ਹਾਂ ਪਿੰਡ ਵਿਚੋਂ ਕਿਸੇ ਵੀ ਕੀਮਤ ਤੇ ਖੁੱਗੀਆਂ 'ਤੇ ਪੁੱਟੀਆਂ ਨਹੀਂ ਜਾ ਸਕਦੀਆਂ।

**'ਗੁਆਚ ਗਿਆ ਕੁਝ'** ਕਹਾਣੀ 'ਚ ਦੋ ਪੀੜ੍ਹੀਆਂ ਦੇ ਅਲੱਗ ਵਿਚਾਰਾਂ ਦਾ ਅੰਤਰ ਯੁੱਧ ਹੈ। ਇਹ ਕਹਾਣੀ ਭਾਰਤੀ ਪਰੰਪਰਾਂ, ਰੀਤਾਂ, ਨੈਤਿਕ ਕਦਰਾਂ ਅਤੇ ਸਦਾਚਾਰਿਕ ਕੀਮਤਾਂ ਦੇ ਉਲਟ ਹੈ। ਕਿਉਂਕਿ ਅਜੋਕਾ ਮਨੁੱਖ ਮੂਲ ਭਾਵਨਾਵਾਂ ਤੇ ਕਦਰਾਂ-ਕੀਮਤਾਂ ਤੋਂ ਟੁੱਟ ਕੇ ਆਰਥਿਕ ਵਿਕਾਸ ਨਾਲ ਵਧੇਰੇ ਜੁੜ ਗਿਆ ਹੈ। ਜਿਸਨੇ ਉਸਨੂੰ ਇਕ ਪਾਸੜ ਅਤੇ ਸੀਮਤ ਸੋਚ ਦਾ ਮਾਲਕ ਬਣਾ ਦਿੱਤਾ ਹੈ। ਲਾਲਸਾਵਾਂ ਵਿਚ ਮਨ ਦੀਆਂ ਵਿਕਰਿਤੀਆਂ ਹਵਾਵਾਂ ਨੇ ਮਨੁੱਖ ਨੂੰ ਉਸਦੇ ਮੂਲ ਕੇਂਦਰ ਤੋਂ ਤੋੜ ਦਿੱਤਾ ਹੈ। ਭਾਈ ਲਾਲੋ ਦੀ ਅੰਸ਼ ਵੰਸ਼ 'ਚੋਂ ਬੰਤਾ ਸਿਹੁੰ ਕਿਰਤ ਨਾਲ ਅਤੇ ਮਾਨਵੀ ਕਦਰਾਂ ਕੀਮਤਾਂ ਨਾਲ ਪੂਰੀ ਤਰ੍ਹਾਂ ਪ੍ਰਤੀਬੱਧ ਹੈ, ਜਦੋਂ ਕਿ ਉਸਦਾ ਪੁੱਤ ਸੁਰਜੀ ਸ਼ਹਿਰ 'ਚ ਆ ਕੇ ਸੁਰਜਨ ਸਿੰਘ ਠੇਕੇਦਾਰ ਬਣਕੇ ਆਪਣੇ ਪਿਤਾ ਨੂੰ ਕਿਰਤ ਕਰਨੋਂ ਰੋਕ ਦਿੰਦਾ ਹੈ ਤੇ ਆਪਣਾ ਬਿਜਨਸ (ਵਪਾਰ) ਵਧਾਉਣ ਲਈ, ਆਪਣੀ ਪਤਨੀ ਨੂੰ ਕਾਰੋਬਾਰ ਵਿਕਸਤ ਕਰਨ ਲਈ ਇਸਤੇਮਾਲ ਕਰਦਾ ਹੈ। ਜੋ ਕਿ ਬੰਤਾ ਸਿੰਘ ਦੇ ਹਜ਼ਮ ਆਉਣ ਯੋਗ ਨਹੀਂ ਹੈ। ਨਵੀਂ ਪੀੜ੍ਹੀ ਵਿਚ ਮਾਨਵੀ ਪਿਆਰ ਨਾਲੋਂ ਵਪਾਰਕ ਦ੍ਰਿਸ਼ਟੀ ਵਧੇਰੇ ਹੈ। ਕਹਾਣੀ ਦੀਆਂ ਨਿਮਨ ਲਿਖਤ ਸਤਰਾਂ ਪੰਜਾਬੀਆਂ ਦੀ ਸੋਚ ਦਾ ਨਿਖੇੜਾ ਸਪਸ਼ੱਟ ਤੌਰ ਤੇ ਕਰਦੀਆਂ ਹਨ। ਜਦੋਂ ਬੰਦਾ ਸਿੰਘ ਇਹ ਕਹਿੰਦਾ ਹੈ :

ਕੰਜਰਾ ! ਜਿਸ ਗੁਆਚ ਜਾਣ ਨੂੰ ਤੂੰ ਕੁਝ ਨਾ ਕੁੱਝ ਕਹਿਨੈ... ਸਾਡੀ ਪੀੜ੍ਹੀ ਲਈ ਤਾਂ 'ਸਭ ਕੁਝ' ਉਹ ਹੀ ਐ। (ਪੰਨਾ 44)

**'ਗੁੰਮਸ਼ੁਦਾ'** ਇਸ ਕਹਾਣੀ ਸੰਗ੍ਰਹਿ ਦੀ ਮਹੱਤਵਪੂਰਨ ਕਹਾਣੀ ਹੈ ਕਿ ਕਿਸਾਨੀ ਕਿਵੇਂ ਹੋਲ਼ੀ ਹੋਲ਼ੀ ਰਸਾਤਲ ਵੱਲ ਲੁੜਕ ਗਈ ਹੈ। ਉਸਦੀ ਆਰਥਿਕਤਾ ਦਿਨ ਪ੍ਰਤੀ ਦਿਨ ਨਿਘਰਦੀ ਜਾ ਰਹੀ ਹੈ। ਉਹ ਆਪਣਾ ਕਿੱਤਾ ਅਤੇ ਪਰਿਵਾਰ ਬਚਾਉਣ ਤੋਂ ਅਸਮਰੱਥ ਹੈ ਉਹ ਪਰਿਵਾਰ ਦਾ ਪਾਲਣ ਪੋਸ਼ਣ ਕਰਨ, ਦੇਖਭਾਲ ਕਰਨ ਤੋਂ ਅਸਫਲ ਹੋ ਗਿਆ ਹੈ। ਨੈਣੂ ਤਿਲਕਦਾ ਤਿਲਕਦਾ ਅਜਿਹੇ ਮੋੜ ਤੇ ਆ ਖਲੋਤਾ ਹੈ ਜਿੱਥੇ ਉਹ ਆਪਣੇ ਜੱਦੀ ਪੁਸ਼ਤੀ ਕਿੱਤੇ (ਖੇਤੀ) ਨੂੰ ਛੱਡ ਦਿੰਦਾ ਹੈ, ਉੱਥੇ ਪਰਿਵਾਰ ਤੋਂ ਬੇਮੁੱਖ ਹੋ ਕੇ ਸਾਧ ਬਣ ਜਾਂਦਾ ਹੈ। ਭਾਵ ਨੈਣੂ ਤੋਂ ਨੰਨ੍ਹਾ ਨਾਥ/ਕਥਾਕਾਰ ਨੇ ਇਸ ਕਹਾਣੀ ਰਾਹੀਂ ਦੱਸਿਆ ਹੈ ਕਿ ਬੰਦਾ ਭਾਵੇਂ ਸਮਾਜ ਤੋਂ ਤੇ ਆਪਣੀ ਜਿੰਮੇਵਾਰੀ ਤੋਂ ਕਿੰਨਾ ਵੀ ਭੱਜ ਲਵੇ, ਉਹ ਆਪਣੀ ਕਾਇਆ ਕਲਪ ਨਹੀਂ ਕਰ ਸਕਦਾ, ਆਪਣੇ ਆਪ 'ਚ ਬੁਨਿਆਦੀ ਤਬਦੀਲੀ ਨਹੀਂ ਲਿਆ ਸਕਦਾ, ਜਿਸ ਤੋਂ ਇਹ ਆਖਿਆ ਜਾ ਸਕੇ ਉਹ ਬਦਲ ਗਿਆ ਹੈ। ਅਜੋਕੇ ਮਨੁੱਖ ਨੂੰ ਤੇ ਨੈਣੂ ਵਰਗੇ ਕਿਸਾਨ ਨੂੰ ਆਰਥਿਕ ਅਤੇ ਪਰਿਵਾਰਿਕ ਮਸਲੇ ਹਿੱਲਾ ਦਿੰਦੇ ਹਨ ਜਿਸ ਕਰਕੇ ਉਹ ਆਪਣੇ ਮੂਲ ਮੰਤਵ ਅਤੇ ਜਿੰਮੇਵਾਰੀਆਂ ਤੋਂ ਭੱਜਣ ਲਈ ਮਜ਼ਬੂਰ ਹੋ ਜਾਂਦੇ ਹਨ। ਨਿਮਨ ਲਿਖਤ ਸਤਰਾਂ ਕਿਸਾਨੀ ਦੀ ਤ੍ਰਾਸਦੀ ਨੂੰ ਬਿਆਨ ਕਰਦੀਆਂ ਹਨ :

ਉਹ ਕਿਸੇ ਗ਼ੈਰ ਜਮੀਨੇ ਜੱਟ ਦਾ ਡਰੂ ਪੁੱਤ ਸੀ। ਪੰਜ ਧੀਆਂ ਮਗਰੋਂ ਪੇਟ ਘਰੋੜੀ ਦੀ ਔਲਾਦ, ਜੀਹਦਾ ਪਿਓ ਲਾਭਾ ਅਮਲੀ ਗੁਰਬਤ ਦਾ ਅਜਿਹਾ ਸ਼ਰਾਪ ਲੈ ਕੇ ਜੰਮਿਆ ਸੀ ਜਿਸ ਦੀ ਪਹਿਲੀ ਕਰੋਪੀ ਨੇ ਹੀ ਨੰਨਾ ਨਾਥ ਨੂੰ ਬੂੜੇ ਕੁਲਾਲ ਦਾ ਸੀਰੀ ਹੀ ਲਾ ਦਿੱਤਾ ਸੀ। (ਪੰਨਾ 49)

ਸੀਰ ਛੱਡ ਕੇ ਉਸਨੇ ਸਾਧ ਬਣਨਾ ਚਾਹਿਆ, ਜਿੱਥੇ ਸਿਮਰਨ ਤੇ ਭਰਮਣ ਕਰਨਾ ਜ਼ਰੂਰੀ ਸੀ। ਧਰਮ ਦੀ

ਪੂਰਤੀ ਲਈ ਵਚਨ ਨਿਭਾਉਣੇ ਜ਼ਰੂਰੀ ਸਨ। ਕਾਮ, ਕ੍ਰੋਧ ਨੂੰ ਮਾਰ ਕੇ, ਤ੍ਰਿਸ਼ਨਾਵਾਂ, ਵਾਸ਼ਨਾਵਾਂ ਅਤੇ ਭੋਗਾਂ ਨੂੰ ਤਿਆਗ ਕੇ ਅਧਿਆਤਮਿਕ ਮਾਰਗ ਵੱਲ ਪਰਤਣਾ ਜ਼ਰੂਰੀ ਹੁੰਦਾ ਹੈ ਪ੍ਰੰਤੂ ਅਧਿਆਤਮ ਦਾ ਮਾਰਗ ਭਾਂਜਵਾਦੀ ਬਣ ਕੇ ਤਹਿ ਨਹੀਂ ਕੀਤਾ ਜਾ ਸਕਦਾ। ਸਾਧਨਾਂ ਮਾਰਗ ਬਹੁਤ ਕਠਿਨ ਕਾਰਜ਼ ਹੈ। ਇਸ ਲਈ ਨੰਨਾ ਨਾਥ ਅੰਦਰ ਨੈਣੂ ਉਵੇਂ ਦਾ ਉਵੇਂ ਜਿਉਂਦਾ ਰਹਿੰਦਾ ਹੈ।

**'ਪਿੰਜਰੇ'** ਕਹਾਣੀ ਔਰਤ ਦੀ ਤ੍ਰਾਸਦੀ ਦੀ ਵਿਸਥਾਰ ਸਹਿਤ ਪੜਚੋਲ ਹੈ ਇਸ ਕਹਾਣੀ ਦੀ ਪਾਤਰ ਲੀਜ਼ਾ ਲਈ ਮਨੀ ਅਤੇ ਮੈਨ ਦੋਵੇਂ ਕਮਜ਼ੋਰੀ ਹਨ ਇਸ ਦੇ ਪਿੱਛੇ ਲੀਜਾ ਦਾ ਪਿਛੋਕੜ ਹੈ। ਜੋ ਬੱਚੇ ਦੇ ਜਨਮ ਨੂੰ ਬੰਧਨ ਸਮਝਦੀ ਹੈ ਲੀਜਾ ਦੀ ਇਸ ਤਰ੍ਹਾਂ ਦੀ ਸੋਚ ਗ਼ੈਰ ਕੁਦਰਤੀ ਹੈ ਕਿਉਂਕਿ ਲੀਜਾ ਵਿਆਹ ਕਦੋਂ ਵੀ ਤੋੜ ਸਕਦੀ ਸੀ ਉਸ ਲਈ ਵਿਆਹ ਜੀਵਨ ਭਰ ਦਾ ਸਾਥ ਨਹੀਂ ਹੈ। ਇਸ ਕਹਾਣੀ ਦੀ ਇਕ ਹੋਰ ਪਾਤਰ ਨਾਜੀਆ ਤੋਂ ਬਣੀ ਨਿੰਦੀ ਜੋ ਪਰਿਵਾਰਿਕ ਸੰਬੰਧਾਂ ਤੇ ਸਮਾਜਿਕ ਬੰਧਨਾਂ ਵਿਚ ਫਸੀ ਹੋਈ ਹੈ ਜਿਸਨੇ 1947 ਦਾ ਸੰਤਾਪ ਵੀ ਭੋਗਿਆ ਹੈ ਤੇ ਰੰਡੇਪਾ ਵੀ ਕੱਟਿਆ ਹੈ ਉਹ ਸਬਰ ਸੰਤੋਖ ਅਤੇ ਵੱਡੇ ਹੌਸਲਿਆਂ ਵਾਲੀ ਔਰਤ ਹੈ ਜੋ ਲੋਭ ਲਾਲਚ ਤੋਂ ਦੂਰ ਹੈ। ਉਹ ਮਰਦ ਦੇ ਭਰਮ ਜਾਲ ਵਿਚ ਫੱਸਣ ਵਾਲੀ ਔਰਤ ਨਹੀਂ ਹੈ। ਉਹ ਦੀਨ ਧਰਮ ਦੀ ਪੱਕੀ ਹੈ। ਉਹ ਪਰਿਵਾਰਿਕ ਮਰਿਯਾਦਾ ਦਾ ਪਾਲਣ ਕਰਦੀ ਹੈ। ਜੋ ਜਵਾਨੀ ਤੋਂ ਹੀ ਮਨੀ ਦੀ ਚਾਹਤ ਰਹੀ ਸੀ। ਲੇਕਿਨ ਵਿਆਹ ਉਸ ਦੇ ਛੋਟੇ ਭਰਾ ਨਾਲ ਹੋ ਗਿਆ। ਇੱਕਲੀ ਹੋਣ ਤੇ ਮਨੀ ਨਿੰਦੀ ਨਾਲ ਬੱਚਿਆਂ ਤੋਂ ਬਗ਼ੈਰ ਵਿਆਹ ਕਰਵਾਉਣਾ ਚਾਹੁੰਦਾ ਹੈ ਪ੍ਰੰਤੂ ਨਿੰਦੀ ਦੇ ਨਿਮਨ ਲਿਖਤ ਸ਼ਬਦ ਮਨੀ ਅਤੇ ਮਰਦ ਜਾਤ ਨੂੰ ਵੰਗਾਰਨ ਵਾਲੇ ਹਨ।

ਪੈਸੇ ਦਿੱਤੇ ਤੇ ਜਿਸਮ ਖ਼ਰੀਦੇ ਤੇ ਸਮਝ ਲਿਆ ਮੁੱਠੀ 'ਚ ਆ ਗਈ ਔਰਤ... ਭੋਗ ਲਈ ਔਰਤ ਤੇਰੇ ਤੇ ਟਿੱਪਰ ਫ਼ਰਕ ਕੀ ਏ, ਮਨੀ ਰਖ਼ੈਲ ਚਾਹੁੰਦਾ ਹੈ ਤੇ ਤੂੰ ਨਾਜੀਆ ਪਰ ਤੂੰ ਦੱਸ ਉਹ ਔਰਤ ਕਿੱਥੇ ਜਾਵੇ ਜਿਸਦੇ ਬੱਚੇ ਵੀ ਨੇ ਦੋ (ਪੰਨਾ ਨੰ 86)

ਅਜਿਹੀ ਸਥਿਤੀ ਵਿਚ ਵਿਧਵਾ ਨਿੰਦੀ ਗ਼ਰੀਬ ਹੈ, ਲਾਚਾਰ ਹੈ ਤੇ ਮਮਤਾ ਦੀ ਮਾਰੀ ਹੋਈ ਹੈ। ਨਿੰਦੀ ਦੇ ਲਲਕਾਰਨ ਤੇ ਮਨੀ ਲਈ ਦੋ ਸਥਿਤੀਆਂ ਉਭਰਦੀਆਂ ਹਨ ਕਿ ਉਹ ਕਰੇ ਤੇ ਕੀ ਕਰੇ। ਉਸ ਦਾ ਜੋ ਲੀਜਾ ਨਾਲ ਰਿਸ਼ਤਾ ਸੀ ਉਹ ਬੱਚਾ ਨਹੀਂ ਸੀ ਚਾਹੁੰਦੀ ਤੇ ਨਿੰਦੀ ਬੱਚਿਆਂ ਤੋਂ ਵੱਖ ਨਹੀਂ ਸੀ ਹੋ ਰਹੀ। ਇਸ ਤਰ੍ਹਾਂ ਕਥਾਕਾਰ ਪੂਰਬ ਤੇ ਪੱਛਮ ਵਿਚ ਰਹਿ ਰਹੀਆਂ ਵੱਖ-ਵੱਖ ਔਰਤਾਂ ਦੀਆਂ ਪਰਿਵਾਰ ਪ੍ਰਤੀ ਧਾਰਨਾਵਾਂ ਨੂੰ ਪੇਸ਼ ਕਰਦਾ ਹੈ।

ਇਸ ਸੰਗ੍ਰਹਿ ਦੇ ਅੰਤ ਵਿਚ **'ਅੰਤਹੀਣ'** ਕਹਾਣੀ ਜਾਤ-ਪਾਤ ਦੇ ਸਮਾਜੀ ਵਰਤਾਰੇ ਨਾਲ ਸੰਬੰਧਤ ਹੈ। ਜਾਤ-ਪਾਤ ਦਾ ਵਰਤਾਰਾ ਸਮਾਜ ਦਾ ਇਕ ਅਹਿਮ ਮੁੱਦਾ ਹੈ, ਇਸ ਵਰਤਾਰੇ ਦੀ ਵਰਤੋਂ ਕਰਕੇ ਅਮੀਰ ਸ਼੍ਰੇਣੀਆਂ ਰਾਜ ਕਰਦੀਆਂ ਹਨ। ਆਪੋ ਆਪਣਾ ਵੋਟ ਬੈਂਕ ਤਿਆਰ ਕਰਦੀਆਂ ਹਨ। ਦਲਿਤ ਸਮਾਜ ਦੇ ਆਗੂ ਵੀ ਜਾਤ ਦੇ ਨਾਂ ਤੇ ਰਾਜਨੀਤੀ ਕਰਦੇ ਹਨ। ਉਹ ਵੀ ਸਮਾਜ ਨੂੰ ਮੁਕਤੀ ਨਹੀਂ ਦਿਵਾ ਸਕੇ। ਦਲਿਤ ਸਮਾਜ ਦਾ ਸਰਕਾਰ ਵੱਲੋਂ ਅਤੇ ਦਲਿਤ ਆਗੂਆਂ ਵੱਲੋਂ ਸ਼ੋਸ਼ਣ ਕੀਤਾ ਜਾਂਦਾ ਹੈ। ਕਥਾ ਬਿਰਤਾਂਤ ਇਹ ਹੈ ਕਿ ਜੈਲੂ ਤੇ ਐਲਨ ਦਾ ਅੰਤਰ ਜਾਤੀ ਵਿਆਹ ਹੁੰਦਾ ਹੈ ਜ਼ੈਜਮ ਜੋ ਕਿ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਪੀ.ਸੀ.ਐਸ ਅਫ਼ਸਰ ਬਣ ਜਾਂਦਾ ਹੈ ਇਸ ਕਹਾਣੀ ਵਿਚ ਕਮਾਲ ਦਾ ਦ੍ਰਿਸ਼ ਹੈ ਪਰਿਵਾਰ ਨਾਲ ਉਤਰਾਅ-ਚੜ੍ਹਾਅ ਵਾਲੀਆਂ ਕਈ ਘਟਨਾਵਾਂ ਵਾਪਰਦੀਆਂ ਹਨ। ਇਕ ਪਾਸੇ ਪਿੰਡ ਵਿਚ ਧਾਰਮਿਕ ਸਥਾਨ ਤੇ ਸਾਧੂ ਗੱਪੀ ਤੇ ਖੇਤ ਵਿਚ ਰੇਸ਼ਮ ਸਿਹੁੰ ਖੁਦਕੁਸ਼ੀ ਕਰਦੇ ਹਨ। ਦੂਜੇ ਪਾਸੇ ਦਲਿਤ ਸ਼੍ਰੇਣੀ ਦੀਆਂ ਔਰਤਾਂ ਤੇ ਮਰਦਾਂ ਨੂੰ ਤਰੱਕੀ ਲਈ ਚੰਗੇ ਮੌਕੇ ਮਿਲ ਰਹੇ ਹਨ। ਜਦ ਕਿ ਉੱਚੀਆਂ ਜਾਤੀਆਂ ਦੀਆਂ ਕੁੜੀਆਂ ਦਲਿਤ ਸ਼੍ਰੇਣੀ ਦੇ ਜ਼ੈਲੂ ਵਰਗੇ ਪੀ.ਸੀ.ਐਸ



ਅਫ਼ਸਰ ਨਾਲ ਵਿਆਹ ਕਰਵਾ ਕੇ ਦਲਿਤ ਸ਼੍ਰੇਣੀ ਦਾ ਸ਼ੋਸ਼ਣ ਕਰ ਰਹੀਆਂ ਹਨ ਜੋ ਕਿ ਦਲਿਤ ਸ਼੍ਰੇਣੀ ਦਾ ਨਵੇਂ ਰੂਪ ਵਿਚ ਕੀਤਾ ਸ਼ੋਸ਼ਣ ਹੈ। ਕਿਉਂਕਿ ਉਹਨਾਂ ਨਾਲ ਬੀਤੇ ਸਮੇਂ ਵਿਚ ਖਿਲਵਾੜ ਹੁੰਦਾ ਰਿਹਾ ਹੈ ਤੇ ਅੱਜ ਹੋਰ ਰੂਪ ਵਿਚ ਸ਼ੋਸ਼ਣ ਹੋ ਰਿਹਾ ਹੈ। ਇੰਝ ਇਸ ਕਹਾਣੀ ਨੂੰ ਦਲਿਤ ਚੇਤਨਾ ਦੀ ਨਵੇਂ ਪਾਸਾਰ ਤੋਂ ਲਿਖੀ ਕਹਾਣੀ ਆਖਿਆ ਜਾ ਸਕਦਾ ਹੈ। ਦਲਿਤ ਸ਼੍ਰੇਣੀ ਦੀ ਤ੍ਰਾਸਦੀ ਨੂੰ ਹੇਠਲੀਆਂ ਸਤਰਾਂ ਬਖੂਬੀ ਬਿਆਨ ਕਰਦੀਆਂ ਹਨ।

ਇਹ ਤਗੜੇ ਸਦੀਆਂ ਤੋਂ ਸਾਡੀ ਇੱਜ਼ਤ ਆਬਰੂ ਅਤੇ ਮਾਸੂਮੀਅਤ ਨੂੰ ਆਪਣੀ ਹੀ ਮਲਕੀਅਤ ਸਮਝਦੇ ਰਹੇ ਅਤੇ ਸਾਨੂੰ ਆਪਣੀ ਹੀ ਅਯਾਸ਼ੀ ਦਾ ਕਚਰਾ ਚਿੱਤ ਵੀ ਇੰਨ੍ਹਾ ਦੀ। ਪੱਟ ਵੀ ਇੰਨ੍ਹਾ ਦੀ। ਬੋਲਦੇ ਨਹੀਂ ਤਾਂ ਦਲਿਤ ਹਾਂ।

ਦਲਿਤ ਸ਼੍ਰੇਣੀ ਦੀ ਜਾਗ੍ਰਿਤੀ ਨੂੰ ਅਮੀਰ ਨੇ ਵੱਡੀਆਂ ਸ਼੍ਰੇਣੀਆਂ ਸਿਰ ਚੁੱਕਣਾ ਸਮਝਦੀਆਂ ਹਨ ਅਤੇ ਅਮੀਰ ਲੋਕ ਦਲਿਤਾਂ ਦਾ ਸਿਰ ਝੁੱਕਾਉਣ ਲਈ ਹਰ ਹੀਲਾ ਵਰਤਦੇ ਹਨ। ਫਿਰ ਵੀ ਪੜ੍ਹਾਈ ਕਰਕੇ ਦਲਿਤ ਸ਼੍ਰੇਣੀਆਂ ਵੱਡੀਆਂ ਜਾਤੀਆਂ ਨਾਲ ਮੱਥਾ ਲਾ ਰਹੀਆਂ ਹਨ, ਕਿਉਂ ਜੋ ਸਿੱਖਿਆ ਨਿੱਜੀ ਤੌਰ ਤੇ ਕਿਸਮਤ ਅਤੇ ਸਮਾਜ ਬਦਲਣ ਦਾ ਵਧੀਆ ਤਰੀਕਾ ਹੈ ਇਹ ਕਹਾਣੀ ਉੱਚੀਆਂ ਸ਼੍ਰੇਣੀਆਂ ਦੇ ਰਸਾਤਲ ਵੱਲ ਜਾ ਰਹੇ ਕਿਰਦਾਰ ਨੂੰ ਵੀ ਉਜਾਗਰ ਕਰਦੀ ਹੈ ਕਿਉਂ ਜੋ ਉੱਚੀ ਜਾਤੀ ਦੇ ਮੁੰਡੇ ਆਪਣੇ ਸੱਭਿਆਚਾਰ ਤੋਂ ਟੁੱਟ ਰਹੇ ਹਨ ਪੜ੍ਹਨ ਦੀ ਥਾਂ ਅਯਾਸ਼ੀ ਵੱਲ ਵੱਧ ਰਹੇ ਹਨ। ਉਹ ਹਰ ਤਰ੍ਹਾਂ ਦੇ ਨਸ਼ਿਆਂ ਦਾ ਸੇਵਨ ਕਰ ਰਹੇ ਹਨ। ਇਸ ਲਈ ਉੱਚ ਸ਼੍ਰੇਣੀ ਦੀਆਂ ਕੁੜੀਆਂ ਨੂੰ ਵਰ ਤਲਾਸ਼ਣ ਲਈ ਭਾਰੀ ਦਿੱਕਤ ਆ ਰਹੀ ਹੈ। ਇੰਨਾਂ ਜਾਤਾਂ ਦੇ ਮੁੰਡਿਆਂ ਦਾ ਕੈਰੀਅਰ ਸੁਰੱਖਿਤ ਨਹੀਂ। ਅਮੀਰ ਸ਼੍ਰੇਣੀ ਅਤੇ ਵੱਡੀ ਕਿਸਾਨੀ ਦੀ ਸਥਿਤੀ ਨੂੰ ਨਿਮਨ ਲਿਖਤ ਸਤਰਾਂ ਬਾਖੂਬੀ ਬਿਆਨ ਕਰਦੀਆਂ ਹਨ।

ਕਿਹੜੇ ਵੱਡੇ ਘਰ ਜਿਨ੍ਹਾਂ ਦੀ ਅਮੀਰੀ ਸਿਆੜ ਵੱਢ ਵੱਢ ਤੁਰਦੀ ਐ? ਪੰਜਾਹ ਸਾਲ ਬਾਅਦ ਦੇਖੀ ਤੂੰ, ਜਦ ਪੀੜ੍ਹੀ ਦਰ ਪੀੜ੍ਹੀ ਵੰਡੇ ਗਏ ਸਿਆੜ, ਭਾਜੀ ਤਰਕਾਰੀ ਲਈ ਵੀ ਨਾ ਰਹੇ, ਸਦੀ ਬਦਲ ਗਈ ਮੰਮੀਏ। ਹੋਸ਼ 'ਚ ਆ। (ਪੰਨਾ 116)

ਇਸ ਤਰ੍ਹਾਂ ਅਜੋਕੀ ਪੀੜ੍ਹੀ ਦੀਆਂ ਕੁੜੀਆਂ ਨੂੰ ਆਪਣੀ ਉੱਚ ਜਾਤ ਦੇ ਖੁਰ ਰਹੇ ਸੋਮਿਆਂ ਅਤੇ ਸੀਮਾਂ ਦਾ ਪਤਾ ਹੈ ਲੇਕਿਨ ਜ਼ੈਲੂ ਦੇ ਪਿਤਾ ਨੂੰ ਉਹ ਦਲਿਤ ਸ਼੍ਰੇਣੀ ਦੀ ਹਾਰ ਲਗਦੀ ਹੈ। ਕਿਉਂਕਿ ਬਾਰੂ ਦੀ ਇੱਛਾ ਹੈ ਦਲਿਤ ਲੜਕੀਆਂ ਨੂੰ ਦਲਿਤ ਲੜਕਿਆਂ ਨਾਲ ਹੀ ਵਿਆਹ ਕਰਾਉਣਾ ਚਾਹੀਦਾ ਹੈ ਫਿਰ ਹੀ ਦਲਿਤ ਸ਼੍ਰੇਣੀ ਦੀਆਂ ਇਸਤਰੀਆਂ ਦੀ ਕਿਸਮਤ ਬਦਲ ਸਕਦੀ ਹੈ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਹੋਣੀ ਬਦਲਣ ਲਈ ਪ੍ਰੇਰਿਤ ਕਰਦੀਆਂ ਹਨ। ਇਹ ਕਹਾਣੀਆਂ ਜਿੱਥੇ ਸਮਾਜ ਵਿਚ ਵਾਪਰੀਆਂ ਤਬਦੀਲੀਆਂ ਨੂੰ ਵਿਅਕਤ ਕਰਦੀਆਂ ਹਨ, ਉੱਥੇ ਮਨੁੱਖ ਦੀ ਬਦਲ ਰਹੀ ਮਨੋਦਿਸ਼ਾ ਨੂੰ ਵੀ ਬਰੀਕੀਬੀਨੀ ਨਾਲ ਦ੍ਰਿਸ਼ਟੀਗੋਚਰ ਕਰਦੀਆਂ ਹਨ ਤਾਂ ਕਿ ਸਮਾਜ ਵਿਚ ਸਾਰਥਕ ਤਬਦੀਲੀਆਂ ਕੀਤੀਆਂ ਜਾ ਸਕਨ। ਇੰਜ 'ਅੰਤਹੀਣ' ਪੁਸਤਕ ਦੀਆਂ ਕਹਾਣੀਆਂ ਸਮਾਜ ਅਤੇ ਮਨੁੱਖੀ ਮਨ ਦੀ ਅੰਤਰੀਵੀ ਤਸਵੀਰ ਨੂੰ ਉਜਾਗਰ ਕਰਦੀਆਂ ਹਨ।


**ਪਾਠਕਾਂ ਦੇ ਧਿਆਨ ਹਿੱਤ**

'ਕਹਾਣੀ ਧਾਰਾ' ਦਾ ਅਗਲਾ ਅੰਕ ਕੈਨੇਡਾ ਦੀ ਕਹਾਣੀ ਤੇ ਕੇਂਦਰਿਤ ਹੋਵੇਗਾ। ਜਿਸ ਵਿਚ ਕਹਾਣੀਆਂ, ਮੁਲਾਕਾਤਾਂ, ਲੇਖ ਕਹਾਣੀਕਾਰਾਂ ਦੇ ਸਵੈ ਕਥਨ ਪ੍ਰਕਾਸ਼ਤ ਕੀਤੇ ਜਾਣਗੇ।

-ਸੰਪਾਦਕ

# ਮਹਿੰਦਰ ਸਿੰਘ ਤਤਲਾ ਦਾ ਕਥਾ ਸੰਸਾਰ-ਹੁਣ ਤੂੰ ਗੱਲ ਨਾ ਕਰੀਂ

- ਡਾ. ਮਿਨਾਕਸ਼ੀ ਰਾਠੌਰ




ਮਹਿੰਦਰ ਸਿੰਘ ਤਤਲਾ ਪੰਜਾਬੀ ਕਥਾ ਜਗਤ ਦਾ ਸਰਗਰਮ ਕਹਾਣੀਕਾਰ ਹੈ। ਉਹ ਪੰਜਾਬੀ ਕਹਾਣੀ ਜਗਤ ਵਿਚ ਆਪਣੀ ਇਕ ਵੱਖਰੀ ਪਛਾਣ ਰੱਖਦਾ ਹੈ। ਉਹ ਆਪਣਾ ਪਹਿਲਾ ਕਹਾਣੀ ਸੰਗ੍ਰਹਿ ' 47-ਏ-ਦਿੱਲੀ' (2013) ਵਿਚ ਪਾਠਕਾਂ ਦੀ ਨਜ਼ਰ ਕਰਦਾ ਹੈ। 'ਹੁਣ ਤੂੰ ਗੱਲ ਨਾ ਕਰੀਂ' 2015 ਵਿਚ ਛਪਿਆ ਨਵਾਂ ਕਹਾਣੀ ਸੰਗ੍ਰਹਿ ਹੈ। ਇਸ ਵਿਚ 7 ਕਹਾਣੀਆਂ ਸੰਮਲਿਤ ਹਨ। ਉਹ 'ਮੈਂ' ਮੂਲਕ ਜੁਗਤ ਦੀ ਵਿਧੀ ਵਿਚ ਲਿਖਣ ਵਾਲਾ ਕਹਾਣੀਕਾਰ ਹੈ, ਜਿਸ ਨੇ ਮਾਨਵੀ ਰਿਸ਼ਤਿਆਂ ਦੀਆਂ ਅਵਚੇਤਨੀ ਪਰਤਾਂ ਨੂੰ ਫ਼ਰੋਲਦਿਆਂ ਔਰਤ ਮਰਦ ਦੇ ਵਿਵਰਜਿਤ ਰਿਸ਼ਤੇ, ਨਾਰੀ ਸਰੋਕਾਰ, ਮੰਡੀਕਰਨ ਦੇ ਦੌਰ ਵਿਚ ਬਦਲਦੀਆਂ ਸਮਾਜਿਕ ਕਦਰਾਂ ਕੀਮਤਾਂ ਤੇ ਰਿਸ਼ਤੇ ਨਾਤਿਆਂ ਦੇ ਬਣਦੇ ਵਿਗੜਦੇ ਸਮੀਕਰਣ, ਡੇਰਾਵਾਦ, ਆਦਿ ਸਰੋਕਾਰਾਂ ਨੂੰ ਆਪਣੀਆਂ ਕਹਾਣੀਆਂ ਦੇ ਕਲੇਵਰ ਵਿਚ ਸਮੋਇਆ ਹੈ। ਇਸ ਸੰਦਰਭ ਵਿਚ ਸਭ ਤੋਂ ਪਹਿਲਾਂ ਸਿਰਲੇਖਕ ਕਹਾਣੀ '**ਹੁਣ ਤੂੰ ਗੱਲ ਨਾ ਕਰੀਂ**' ਵਾਚਣਯੋਗ ਹੈ। ਇਸ ਕਹਾਣੀ ਦਾ ਬਿਰਤਾਂਤ ਡੇਰਾਵਾਦ ਤੋਂ ਆਰੰਭ ਹੋ ਨਕਸਲਬਾੜੀ ਲਹਿਰ ਨਾਲ ਜਾ ਜੁੜਦਾ ਹੈ। ਨਕਸਲਬਾੜੀ ਲਹਿਰ ਜਿਸ ਨੂੰ ਕਿਸਾਨੀ ਤੇ ਮੁਜ਼ਾਹਰਾ ਲਹਿਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਲਹਿਰ 1968-69 ਦੇ ਨੇੜੇ ਤੇੜੇ ਪੰਜਾਬ ਵਿਚ ਦਾਖ਼ਲ ਹੁੰਦੀ ਹੈ। ਉਸ ਸਮੇਂ ਦੌਰਾਨ ਖੱਬੇ ਪੱਖੀ ਲਹਿਰ ਵਿਚ ਜੋ ਨਵੇਂ ਰੁਝਾਨ ਪੈਦਾ ਹੋਏ ਉਹਨਾਂ ਨਵੇਂ ਰੁਝਾਨਾਂ ਵਿਚੋਂ ਹੀ ਨਕਸਲਬਾੜੀ ਲਹਿਰ ਹੋਂਦ ਗ੍ਰਹਿਣ ਕਰਦੀ ਹੈ। ਇਸ ਲਹਿਰ ਨਾਲ ਜੁੜੇ ਲੋਕਾਂ ਨੇ ਉਸ ਵੇਲੇ ਦੀ ਪਰੰਪਰਾਗਤ ਸੋਚ ਨੂੰ ਛੱਡ ਕੇ ਸਮਾਜਵਾਦ ਲਈ ਹਥਿਆਰਬੰਦ ਰਸਤਾ ਅਖ਼ਤਿਆਰ ਕੀਤਾ। 1947 ਤੋਂ ਬਾਅਦ ਭਾਰਤੀ ਕਮਿਊਨਿਸਟ ਪਾਰਟੀ ਦੇ ਇਤਿਹਾਸ ਦਾ ਦੂਸਰਾ ਅਧਿਆਇ ਆਰੰਭ ਹੁੰਦਾ ਹੈ ਤੇ 1953 ਤੱਕ ਪਹੁੰਚਦਿਆਂ ਸਮਾਜਵਾਦੀ ਵਿਚਾਰਧਾਰਾ ਵਿਚ ਇਨਕਲਾਬੀ ਘੋਲ ਸੰਬੰਧੀ ਰਣਨੀਤੀ ਤੈਅ ਕਰਨ ਵਿਚ ਇਕ ਮਹਤੱਵਪੂਰਨ ਤਬਦੀਲੀ ਆਈ। ਨਕਸਲਬਾੜੀ ਲਹਿਰ ਦਾ ਬਿਗ਼ਲ ਵੱਜਣ ਦੀ ਢਿੱਲ ਸੀ ਕਿ ਭਾਰਤ ਦੇ ਕਰੋੜਾਂ ਗਰੀਬ ਲੋਕ ਵਹੀਰਾਂ ਘੱਤ ਕੇ ਵਿਦਰੋਹੀ ਸੁਰ ਵਿਚ ਸ਼ਹਿਰਾਂ ਵੱਲ ਤੁਰ ਪੈਂਦੇ ਹਨ। ਜਿੱਤ ਤਾਂ ਯਕੀਨੀ ਸੀ। ਆਖ਼ਰ ਕਾਗਜ਼ੀ ਸ਼ੌਰ ਕਿੰਨਾ ਕੁ ਲੋਕਾਂ ਦੇ ਹਜ਼ੂਮ ਸਾਹਮਣੇ ਟਿਕਿਆ ਰਹਿ ਸਕਦਾ ਸੀ। ਜਿਸ ਦੀ ਨਿਸ਼ਾਨਦੇਹੀ ਵਰਤਾਰੇ ਵਿਚ ਵੀ ਥਾਂ ਪਰ ਥਾਂ ਹੋਈ ਮਿਲਦੀ ਹੈ। ਸਮੁੱਚੇ ਬਿਰਤਾਂਤ ਨੂੰ ਗੱਲ -ਕੱਥ ਦੀ ਵਿਧੀ ਰਾਹੀਂ ਉਸਾਰਿਆ ਗਿਆ ਹੈ ਕਿ ਕਿਵੇਂ ਹਰ ਪਾਸੇ ਯੋਜਨਾਬੰਦੀ ਦੀ ਕਮੀ ਕਾਰਨ ਇਹ ਲਹਿਰ ਹੋਲੀ ਹੋਲੀ ਵਿਗਠਨ ਵੱਲ ਨੂੰ ਜਾਣ ਲੱਗੀ। ਲਹਿਰ ਦਾ ਸ਼ੋਰ ਵਧੇਰੇ ਸੀ। ਨਾਅਰੇਬਾਜ਼ੀ ਦੀ ਸੁਰ ਭਾਰੂ ਸੀ। ਕਾਹਲ ਸੀ ਟੀਚੇ ਤੱਕ ਪਹੁੰਚਣ ਦੀ। ਹਰ ਪਾਸੇ ਯੋਜਨਾਬੰਦੀ ਦੀ ਕਮੀ ਕਾਰਨ ਇਹ ਲਹਿਰ ਹੋਲੀ ਹੋਲੀ ਵਿਗਠਨ ਵੱਲ ਨੂੰ ਜਾਣ ਲੱਗੀ। ਖੱਬੇ ਪੱਖੀ ਰਾਜਨੀਤੀ ਜਨ ਸਾਧਾਰਣ ਲਈ ਮੁਕਤੀ ਦਾ ਮਾਡਲ ਲੈ ਕੇ ਆਈ ਸੀ। ਇਸ ਕੋਲ ਵਿਵਸਥਾ ਪਰਿਵਰਤਨ ਦਾ ਇਕ



ਵਿਗਿਆਨਕ ਮਾਡਲ ਵੀ ਮੌਜੂਦ ਸੀ। ਪਰ ਇਸ ਦੇ ਕਾਰਕੁੰਨਾਂ ਦੀ ਕਰਨੀ ਤੇ ਕਥਨੀ ਵਿਚ ਸੁਮੇਲ ਨਾ ਹੋਣ ਕਾਰਨ ਇਹ ਮਾਡਲ ਸਫ਼ਲਤਾ ਪੂਰਵਕ ਢੰਗ ਨਾਲ ਵਿਵਹਾਰਕ ਰੂਪ ਧਾਰਨ ਨਾ ਕਰ ਸਕਿਆ। ਇਥੇ ਬਿਰਤਾਂਤਕਾਰ ਵੀ ਬਿਰਤਾਂਤ ਦੀਆਂ ਦੂਸਰੀਆਂ ਪਰਤਾਂ ਦੇ ਨਾਲ ਉਸ ਵੇਲੇ ਦੀਆਂ ਹੋਈਆਂ ਗ਼ੁਜਰੀਆਂ ਦਾ ਬਿਰਤਾਂਤ ਵੀ ਉਸਾਰਦਾ ਹੈ। 'ਮੈਂ' ਪਾਤਰ ਵੀ ਕਿਸੇ ਵੇਲੇ ਉਸ ਲਹਿਰ ਦਾ ਸਗਰਮ ਮੈਂਬਰ ਸੀ। ਜੋ ਬਾਅਦ ਵਿਚ ਕੈਨੇਡਾ ਚਲਾ ਜਾਂਦਾ ਹੈ। ਹੁਣ ਉਸ ਦਾ ਪੁੱਤਰ ਪ੍ਰਿੰਸ ਕੈਨੇਡਾ ਤੋਂ ਇੰਡੀਆ ਵਿਆਹ ਕਰਵਾਉਣ ਲਈ ਆਇਆ ਹੈ। ਇੰਡੀਆ ਆ ਕੇ ਕਿੰਨੀਆਂ ਹੀ ਕੁੜੀਆਂ ਦੇਖਣ ਤੋਂ ਬਾਅਦ ਉਸ ਨੂੰ ਐਸ.ਐਸ.ਪੀ ਤਰਕ ਸਿੰਘ ਦੀ ਧੀ ਰਮਿੰਦਰ ਪਸੰਦ ਆਉਂਦੀ ਹੈ। ਤਰਕ ਸਿੰਘ ਨਕਸਲਬਾੜੀ ਲਹਿਰ ਸਮੇਂ ਪੁਲਸ ਵਿਚ ਇੰਸਪੈਕਟਰ ਸੀ। ਉਸ ਸਮੇਂ ਨਕਸਲਬਾੜੀ ਲਹਿਰ ਪੂਰੇ ਜ਼ੋਰਾਂ ਤੇ ਸੀ। ਕਈ ਨਕਸਲਬਾੜੀ ਤਰਕ ਸਿੰਘ ਵੱਲੋਂ ਅਖੌਤੀ ਮੁਕਾਬਲੇ ਬਣਾ ਕੇ ਮਾਰੇ ਗਏ । ਜਿਸ ਬਦਲੇ ਉਸ ਨੂੰ ਡੀ.ਜੀ.ਪੀ ਤੇ ਗ੍ਰਹਿ ਮੰਤਰੀ ਵੱਲੋਂ ਤਰੱਕੀ , ਸਨਮਾਨ ਪੱਤਰ ਤੇ ਤਗ਼ਮੇ ਵੀ ਮਿਲੇ। ਜਿਸ ਕਾਰਨ ਉਸ ਦਾ ਇਕੋ ਇਕ ਪੁੱਤਰ ਸਕੂਲ ਤੋਂ ਘਰ ਵਾਪਸ ਆਉਂਦਿਆਂ ਰਸਤੇ ਵਿਚ ਨਕਸਲਬਾੜੀਆਂ ਵੱਲੋਂ ਮਾਰ ਦਿੱਤਾ ਜਾਂਦਾ ਹੈ। ਜਦੋਂ 'ਮੈਂ' ਪਾਤਰ ਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਇਹ ਉਹੀ ਤਰਕ ਸਿੰਘ ਹੈ ਤਾਂ ਉਹ ਇਕ ਦਮ ਚੌਕੰਨਾ ਹੋ ਜਾਂਦਾ ਹੈ।

"ਤਰਕ ਸਿੰਘ ਦਾ ਨਾਂ ਸੁਣ ਕੇ ਜਿਵੇਂ ਮੈਨੂੰ ਬਿਜਲੀ ਦਾ ਕਰੰਟ ਲੱਗ ਗਿਆ ਹੋਵੇ। ਮੇਰੇ ਰੋਮ ਰੋਮ ਵਿਚੋਂ ਸੇਕ ਨਿਕਲਣ ਲੱਗਾ। ਮੇਰੇ ਅੰਦਰ ਲੂਹਰੀ ਜੀ ਉੱਠੀ। ਮੈਂ ਸੋਚਿਆ ਕਿ ਕੀ ਮੈਂ ਤਰਕੇ ਨਾਲ ਰਿਸ਼ਤੇਦਾਰੀ ਪਾ ਕੇ ਸਾਰੀ ਉਮਰ ਆਪਣੀਆਂ ਨਜ਼ਰਾਂ ਵਿਚ ਹੀ ਗਿਰਿਆ ਰਹਾਂਗਾ। ਇਹ ਨਹੀਂ ਹੋ ਸਕਦਾ"।(ਪੰਨਾ, 57)

ਮੈਂ ਪਾਤਰ ਨੂੰ ਇਥੇ ਇਕ ਜੁਗਤ ਸੁੱਝਦੀ ਹੈ। ਉਹ ਦੇਖਦਾ ਹੈ ਕਿ ਤਰਕ ਸਿੰਘ ਤੇ ਉਸ ਦਾ ਪਰਿਵਾਰ ਅੰਧਵਿਸ਼ਵਾਸੀ ਹੈ ਤੇ ਉਹ ਕੋਈ ਵੀ ਕੰਮ ਪਰਗਟ ਸਿੰਘ ਦੇ ਡੇਰੇ ਦੇ ਬਾਬਾ ਜੀ ਤੋਂ ਬਗੈਰ ਪੁੱਛੇ ਨਹੀਂ ਕਰਦੇ। ਜਿਉਂ ਹੀ 'ਮੈਂ' ਪਾਤਰ ਆਪਣੀ ਪਤਨੀ ਕੁਲਜਿੰਦਰ ਤੇ ਪੁੱਤਰ ਪ੍ਰਿੰਸ ਨਾਲ ਡੇਰੇ ਪਹੁੰਚਦਾ ਹੈ। ਉਹ ਬਹਾਨਾ ਕਰਕੇ ਡੇਰੇ ਦੇ ਬਾਬੇ ਪਰਗਟ ਸਿੰਘ ਕੋਲ ਪਹੁੰਚ ਆਪਣੀ ਦੁਬਿਧਾ ਦੱਸਦਾ ਹੈ। ਜਿਥੋਂ ਉਸ ਨੂੰ ਇਹ ਵੀ ਪਤਾ ਲੱਗਦਾ ਹੈ ਕਿ ਬਾਬਾ ਪਰਗਟ ਸਿੰਘ ਕੋਈ ਹੋਰ ਨਹੀਂ ਸਗੋਂ ਨਕਸਲਬਾੜੀ ਲਹਿਰ ਨਾਲ ਜੁੜੇ ਰਹਿਣ ਵਾਲਾ ਉਹਨਾਂ ਦਾ ਹੀ ਸਾਥੀ ਗਿਆਨਾ ਹੈ। ਬਾਬਾ ਪਰਗਟ ਸਿੰਘ ਆਪ ਕਦੇ ਨਕਸਲਬਾੜੀ ਲਹਿਰ ਦਾ ਸਰਗਰਮ ਕਾਰਕੁਨ ਹੁੰਦਾ ਸੀ ਜੋ ਬਾਅਦ ਵਿਚ ਰੁਪੋਸ਼ ਹੋ ਡੇਰੇ ਦਾ ਬਾਬਾ ਬਣ ਜਾਂਦਾ ਹੈ।

"ਗੁਰਮੇਲ ਸਿਆਂ ! ਤੂੰ ਮਟੀ ਦੀ ਗੱਲ ਕਰਦੈਂ। ਹਾਂ, ਇਹ ਓਹੀ ਮਟੀ ਆ ਜਿਸ ਤੇ ਤੂੰ ਅੱਲਾ ਹੂ ਅਕਬਰ -786 ਲਿਖਿਆ ਸੀ। ਤਰਕਾ ਵੀ ਉਹੀ ਆ ਜਿਸ ਨੇ ਤੇਰੇ ਸਾਥੀਆਂ ਨੂੰ ਅਖੌਤੀ ਮੁਕਾਬਲੇ ਵਿਚ ਸ਼ਹੀਦ ਕੀਤਾ ਸੀ ਪਰ ਉਹਦੇ ਮੁੰਡੇ ਨੂੰ ...." ਪੰਨਾ, 76

ਮਹਿੰਦਰ ਸਿੰਘ ਤਤਲਾ ਦੇ ਇਸ ਬਿਰਤਾਂਤਕੀ -ਪਾਠ ਦੀ ਪ੍ਰਾਪਤੀ ਇਹ ਵੀ ਬਣਦੀ ਹੈ ਕਿ ਉਹ ਸਮਕਾਲ ਵਿਚ ਖੜੋ ਕੇ ਲਹਿਰ ਨੂੰ ਆਲੋਚਨਾਤਮਕ ਜ਼ਾਵੀਏ ਤੋਂ ਦੇਖਦਾ ਪਰਖਦਾ ਹੈ। ਇਸ ਲਹਿਰ ਅੰਦਰ ਜੋ ਕੁਝ ਵਾਪਰਿਆ ਉਸ ਦੇ ਤੱਥਾਂ ਦੀ ਬਹੁਤ ਘੱਟ ਨਿਸ਼ਾਨਦੇਹੀ ਹੋਈ ਮਿਲਦੀ ਹੈ। ਵੈਸੇ ਵੀ ਲਹਿਰਾਂ ਬਾਰੇ ਲਿਖਣਾ ਕੋਈ ਆਸਾਨ ਕੰਮ ਨਹੀਂ। ਪਰ ਬਿਰਤਾਂਤਕਾਰ ਨੇ ਇਸ ਕਾਰਜ ਨੂੰ ਬਾਖ਼ੂਬੀ ਨਿਭਾਇਆ ਹੈ। ਸਮਕਾਲ ਵਿਚ ਖੜੋ ਕੇ ਜੁਝਾਰੂ ਸਾਹਿਤ ਮੁਹਾਵਰੇ ਰਾਹੀਂ ਉਸ ਸਮੇਂ ਨੂੰ ਗੋਲਣ ਦੀ ਇਤਿਹਾਸਕ ਲੋੜ ਤੇ ਵੀ ਨਜ਼ਰਸ਼ਾਨੀ ਕੀਤੀ ਗਈ ਹੈ। ਸਾਹਿਤਕ ਖੇਤਰ ਵਿਚ ਪਸਰੀ ਸੁੰਨ ਅਵਸਥਾ ਨੂੰ ਭੰਗ ਕਰਨ ਲਈ ਤੇ ਅਜੋਕੇ ਸਭਿਆਚਾਰ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਲਈ ਅਜਿਹਾ ਕਰਨਾ ਲਾਜ਼ਮੀ ਵੀ ਬਣਦਾ

ਹੈ। ਇਹ ਬਿਰਤਾਂਤਕੀ -ਪਾਠ ਬੁਰਜੂਆ ਸਭਿਆਚਾਰਕ ਮੁੱਲਾਂ ਤੇ ਸੁਹਜ ਸੰਕਲਪਾਂ ਨਾਲ ਦਸਤਪੰਜਾ ਲੈਣ ਦੀ ਲੋਕ ਚੇਤਨਾ ਪੈਦਾ ਕਰਦਾ ਸਟੇਟ ਦੇ ਅੰਨ੍ਹੇ ਵਹਿਸ਼ੀਆਨਾ ਤੇ ਅਮਾਨਵੀ ਤਸ਼ਦੱਦ ਦੇ ਤੱਥ ਵੀ ਉਜਾਗਰ ਕਰਦਾ ਹੈ। 'ਪੁਲਸ ਦਾ ਇਨਕਲਾਬੀਆਂ ਦੀ ਧਰ ਪਕੜ ਕਰਨਾ', 'ਉਹਨਾਂ ਉੱਤੇ ਵਹਿਸ਼ੀਆਨਾ ਤੇ ਅਮਨਾਵੀ ਤਸ਼ਦੱਦ ਕਰਨਾ', 'ਝੂਠੇ ਪੁਲਸ ਮੁਕਾਬਲੇ ਬਣਾਉਣੇ', ਆਦਿ ਚਿਹਨਕੀ ਜੁੱਟ ਸਟੇਟ ਦੇ ਜ਼ਾਲਮਾਨਾ ਵਰਤਾਅ ਦਾ ਪ੍ਰਗਟਾਵਾ ਕਰਦੇ ਅਖੌਤੀ ਅਜ਼ਾਦੀ ਦਾ ਪਰਦਾਫ਼ਾਸ਼ ਕਰਦੇ ਹਨ।

ਬਿਰਤਾਂਤਕਾਰ ਮਹਿੰਦਰ ਸਿੰਘ ਤਤਲਾ ਦੀਆਂ ਕਹਾਣੀਆਂ ਵਿਸ਼ੇ ਦੇ ਪੱਖ ਤੋਂ ਹੀ ਨਹੀਂ ਸਗੋਂ ਤਕਨੀਕ ਦੇ ਪੱਖ ਤੋਂ ਵੀ ਅਹਿਮ ਹਨ। ਉਸ ਦੀਆਂ ਕਹਾਣੀਆਂ ਬਹੁਆਰਥਕ ਬਿਰਤਾਂਤ ਸਿਰਜਦੀਆਂ ਹਨ। ਕਹਾਣੀ ਪਾਠ  ਵਿਚ ਬਾਬਾ ਪਰਗਟ ਸਿੰਘ ਦੇ ਡੇਰੇ ਦਾ ਗੱਲ-ਕੱਥ ਦੀ ਵਿਧੀ ਰਾਹੀਂ ਡੇਰਿਆਂ ਅੰਦਰਲੀ ਕਾਰਗੁਜ਼ਾਰੀ ਨੂੰ ਵੀ ਵਿਅੰਗਆਤਮਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਡੇਰੇ ਅੰਦਰ ਨਸ਼ਿਆਂ ਦਾ ਪੂਰਾ ਦੌਰ ਚੱਲਦਾ ਹੈ। ਇਥੇ 'ਡੇਰਾਵਾਦ' ਪੂੰਜੀਵਾਦ ਦੇ ਹੀ ਅਗਲੇ ਪਾਸਾਰ ਵਜੋਂ ਪੇਸ਼ ਹੁੰਦਾ ਹੈ। ਜਿਥੇ ਡੇਰਿਆਂ ਵਿਚਲੇ ਬਾਬੇ, ਮਹੰਤ, ਸਾਧੂ ਤੇ ਸਾਧਵੀਆਂ ਲੋਕ ਹਿਤੈਸ਼ੀ ਦਾ ਮੁਖੌਟਾ ਪਹਿਨ ਆਮ ਲੋਕਾਂ ਦਾ ਉੱਲੂ ਬਣਾਉਂਦੇ ਹਨ। ਡੇਰੇ ਅੰਦਰਲੇ ਸੇਵਾਦਾਰ ਨਿਰੇ ਕਾਗਜ਼ੀ ਪੁਤਲੇ ਹਨ ਜੋ ਮਹਾਰਾਜ ਤੇ ਮਹੰਤਾਂ ਦੇ ਚਲਾਇਆਂ ਚੱਲਦੇ ਹਨ। ਜਿਸ ਵਿਚ ਅਫ਼ਸਰਸ਼ਾਹੀ ਦੀ ਵੀ ਪੂਰੀ ਭਾਈਵਾਲੀ ਨਜ਼ਰ ਆਉਂਦੀ ਹੈ। ਸਥਿਤੀ ਦਾ ਵਿਅੰਗ ਉਦੋਂ ਉੱਭਰਦਾ ਹੈ ਜਦੋਂ ਪਹਿਰੇ ਤੇ ਖੜਾ ਪਹਿਰੇਦਾਰ ਜਗਸੀਰ ਨੂੰ ਇਸ ਲਈ ਰੋਕ ਦੇਂਦਾ ਹੈ ਕਿ ਮਨਿਸਟਰ ਸਾਹਿਬ ਆਏ ਹੋਏ ਹਨ।

ਅਸੀਂ ਦੇਖਿਆ ਕਿ ਭੌਰੇ ਦੇ ਆਸ ਪਾਸ ਲਾਲ ਬੱਤੀਆਂ ਵਾਲੀਆਂ ਗੱਡੀਆਂ ਖੜ੍ਹੀਆਂ ਹਨ। ਸਾਰੇ ਪਾਸੇ ਭਾਰੀ ਫ਼ੋਰਸ ਤੈਨਾਤ ਹੈ। ਇਕ ਹੌਲਦਾਰ ਜੋ ਜਗਸੀਰ ਨੂੰ ਜਾਣਦਾ ਸੀ ਕਹਿੰਦਾ "ਜਗਸੀਰ ਸਿਆਂ ਅਗਾਂਹ ਜਾਣ ਦੀ ਮਨਾਹੀ ਹੈ।ਤੁਸੀਂ ਠਹਿਰ ਕੇ ਆ ਜਾਣਾ"। ਪੰਨਾ, 63

ਇਸੇ ਤਰ੍ਹਾਂ ਦਾ ਬਿਰਤਾਂਤ '**ਬਾਬੇ**' ਕਹਾਣੀ ਵਿਚ ਦੇਖਣ ਨੂੰ ਮਿਲਦਾ ਹੈ। ਜਿਸ ਵਿਚ ਡੇਰੇ ਦੀ ਸੇਵਾ ਕਰਨ ਵਾਲੀਆਂ ਬੀਬੀਆਂ ਦੀ ਵੀ ਪੂਰੀ ਹਿੱਸੇਦਾਰੀ ਹੁੰਦੀ ਹੈ। ਬਹੁਤ ਸਾਰੀਆਂ ਔਰਤਾਂ ਏਜੰਟੀ ਦਾ ਕੰਮ ਕਰਦੀਆਂ ਹਨ। ਇਹ ਬੀਬੀਆਂ ਡੇਰੇ ਅੰਦਰ ਚੱਲਦੀ ਕਾਮ ਖੇਡ ਵਿਚ ਪੂਰੀ ਤਰ੍ਹਾਂ ਸਰਗਰਮ ਹੁੰਦੀਆਂ ਹਨ।

" .. ਕੁੜੇ ਜੀਤੋ  , ਆਰਤੀ, ਹਰਬੰਸ ਕੁਰੇ ਆਉ ਨੀ ਭੱਜ ਕੇ  ....। ਆਹਗੀਆਂ। ਬਹਿਜੋ। ਅੱਜ ਅਸੀਂ ਬਹੁਤ ਖੁਸ਼ ਹਾਂ। ਸਾਡੀ ਤਾਂ ਇਉਂ ਚੜ੍ਹਤ ਹੋਈ ਪਈ ਆਂ ਜਿਵੇਂ ਦਿੱਲੀ ਸਰ ਕਰਕੇ ਆਏ ਹੋਈਏ। ਆਹ ਦੇਖ ਲੋ 'ਖਬਾਰ। ਪੜ੍ਹ ਲਉ ਖਬਰ। ਪਹਿਲੇ ਸਫ਼ੇ 'ਤੇ ਹੀ ਲਿਖਿਆ -ਜਦੋਂ ਕਰਾਮਾਤੀ ਬਾਬਿਆਂ ਨੇ ਤਰਕਸ਼ੀਲ ਭਜਾਏ। ਹਾ..ਹਾ..ਹਾ (ਪੰਨਾ, 110)

ਇਸ ਦੇ ਨਾਲ ਹੀ ਬਿਰਤਾਂਤਕਾਰ ਨੇ ਸਮਾਜ ਵਿਚ ਫ਼ੈਲੇ ਅੰਧਵਿਸ਼ਵਾਸ ਦਾ ਬਿਰਤਾਂਤ ਵੀ ਸਿਰਜਿਆ ਹੈ ਕਿ ਕਿਵੇਂ ਲੋਕ ਵਹਿਮਾਂ ਭਰਮਾਂ ਅਧੀਨ ਮੜ੍ਹੀਆ ਮਸਾਣਾਂ ਨੂੰ ਪੂਜਦੇ  ਬਾਬਿਆਂ ਦੇ ਚੱਕਰਾਂ ਵਿਚ ਪੈ ਜਾਂਦੇ ਹਨ। ਅੱਜ ਭਾਵੇਂ ਅਸੀਂ 21ਵੀਂ ਸਦੀ ਦੇ ਦੂਜੇ ਦਹਾਕੇ ਦੇ ਅੱਧ ਵਿਚ ਪ੍ਰਵੇਸ਼ ਕਰ ਚੁੱਕੇ ਹਾਂ ਪਰ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸ਼ਾਂ ਤੋਂ ਛੁਟਕਾਰਾ ਪਾਉਣ ਵਿਚ ਅਸਮਰੱਥ ਰਹੇ ਹਾਂ। ਜਿਸ ਦੀ ਜਕੜ ਵਿਚ ਅਨਪੜ੍ਹ ਹੀ ਨਹੀਂ ਸਗੋਂ  ਪੜ੍ਹੇ ਲਿਖੇ ਲੋਕ ਵੀ ਹਨ। ਬਿਰਤਾਂਤਕੀ ਪਾਠ ਵਿਚ ਵੀ ਅਸੀਂ ਦੇਖਦੇ ਹਾਂ ਕਿ ਕਿਵੇਂ ਡੇਰੇ ਵਿਚ ਰਾਜੀਨਤਕ ਨੇਤਾ ਤੇ ਵੀ.ਆਈ.ਪੀ ਲੋਕਾਂ ਦੀ ਇਜ਼ਾਰੇਦਾਰੀ ਵੀ ਹੈ। ਅੱਜ ਦਾ ਯੁੱਗ ਜੋ ਵਿਸ਼ਵੀਕਰਨ ਤੇ ਗਲੋਬਲਾਈਜੇਸ਼ਨ ਦਾ ਯੁੱਗ ਹੈ। ਜਿਸ ਨੂੰ ਅਸੀਂ ਕੰਪਿਊਟਰ ਤੇ ਸੂਚਨਾ ਕ੍ਰਾਂਤੀ ਦਾ ਯੁੱਗ ਵੀ ਮੰਨਦੇ ਹਾਂ। ਚਾਰੇ ਪਾਸੇ ਵਿਸ਼ਵ ਮੰਡੀ ਦੀਆਂ ਪੂੰਜੀ ਤਾਕਤਾਂ ਦਾ ਬੋਲਬਾਲਾ ਹੈ। ਅਜਿਹੇ ਵਿਚ ਮਨੁੱਖ ਪੂੰਜੀ ਦਾ ਗ਼ੁਲਾਮ ਬਣ ਕੇ ਰਹਿ ਗਿਆ ਹੈ। ਵਿਸ਼ਵੀਕਰਨ ਦੇ ਨਤੀਜੇ ਵਜੋਂ ਉਦਾਰੀਕਰਨ ਤੇ



ਨਿੱਜੀਕਰਨ ਦੀਆਂ ਨੀਤੀਆਂ ਭਾਰੂ ਹੋ ਰਹੀਆਂ ਹਨ। ਜਿਸ ਵਿਚ ਨੰਗੇਜ਼ਵਾਦ ਤੇ ਲੱਚਰਵਾਦ ਸਦਾਚਾਰਕ ਕਦਰਾਂ -ਕੀਮਤਾਂ ਤੇ ਹਾਵੀ ਹੋ ਆਦਰਸ਼ਕ ਜੀਵਨ ਮੁੱਲਾਂ ਨੂੰ ਵੀ ਦਾਅ ਤੇ ਲਗਾ  ਰਿਹਾ ਹੈ। ਕਾਮ-ਬਿਰਤੀ, ਧਨ- ਪਦਾਰਥਾਂ, ਖਾਣ-ਪੀਣ, ਪਹਿਨਣ, ਹੰਢਾਉਂਣ, ਨਸ਼ਿਆਂ ਦੇ ਵਿਚ ਅੱਜ ਦਾ ਮਨੁੱਖ ਖ਼ਚਿਤ ਹੁੰਦਾ ਜਾ ਰਿਹਾ ਹੈ। ਇਕ ਸਮਾਂ ਸੀ ਜਦੋਂ ਭਾਰਤ ਆਪਣੀ ਸੰਸਕ੍ਰਿਤੀ ਤੇ ਸੱਭਿਅਤਾ ਲਈ ਪੂਰੀ ਦੁਨੀਆਂ ਵਿਚ ਵੱਖਰੀ ਪਹਿਚਾਣ ਰੱਖਦਾ ਸੀ ਪਰ ਅੱਜ ਪੱਛਮੀਂਕਰਨ ਦੇ ਪ੍ਰਭਾਵ ਅਧੀਨ ਸਭ ਕਾਸੇ ਦਾ ਹੀ ਮਲੀਆਮੇਟ ਹੁੰਦਾ ਜਾ ਰਿਹਾ ਹੈ ਕਿਉਂਕਿ ਪੂੰਜੀ ਕਦੇ ਵੀ ਕਿਸੇ ਸਭਿਆਚਾਰ ਜਾਂ ਸੰਸਕ੍ਰਿਤੀ ਨੂੰ ਉਸਾਰੂ ਰੁਚੀਆ ਵੱਲ ਲੈ ਕੇ ਨਹੀਂ ਜਾਂਦੀ ਸਗੋਂ ਉਸ ਨੂੰ ਢਾਹ ਲਗਾਉਣ ਵਿਚ ਪੂਰੀ ਮੱਦਦ ਕਰਦੀ ਹੈ। ਵਿਸ਼ਵੀਕਰਨ ਦਾ ਸਭਿਆਚਾਰ ਲੋਕਾਂ ਦੀਆ ਆਦਤਾਂ ,  ਰੁੱਚੀਆਂ ਤੇ ਸੁਹਜ ਸੁਆਦ ਨੂੰ ਬਦਲਣ ਵਿਚ ਅਹਿਮ ਰੋਲ ਨਿਭਾ ਰਿਹਾ ਹੈ। ਜੋ ਮਾਨਵੀਂ ਹੋਂਦ ਤੇ ਪਛਾਣ ਦੇ ਲਈ ਵੀ ਕਈ ਮਸਲੇ ਖੜ੍ਹੇ ਕਰਦਾ ਹੈ। ਵਿਸ਼ਵੀਕਰਨ ਦੀਆਂ ਮਾਰੂ ਰੁੱਚੀਆਂ ਅਧੀਨ ਮਾਇਆ ਤੇ ਪੂੰਜੀ ਉਸ ਲਈ ਰੱਬ ਬਣ ਗਏ ਹਨ। ਪੈਸਾ ਕਮਾਉਣਾ ਉਸ ਦਾ ਪਰਮ ਧਰਮ ਬਣਦਾ ਜਾ ਰਿਹਾ ਹੈ। ਭ੍ਰਿਸ਼ਟ, ਅਨੈਤਿਕ ਅਤੇ ਅਯੋਗ ਢੰਗ ਤਰੀਕਿਆਂ ਨਾਲ ਰਾਤੋ ਰਾਤ ਅਮੀਰ ਹੋ ਮਾਇਆ ਦੇ ਢੇਰ ਲਗਾਉਣ ਦੀ ਅੰਨ੍ਹੀ ਲਾਲਸਾ ਨੇ ਮਨੁੱਖ ਨੂੰ ਗੁੰਮਰਾਹ ਕਰਕੇ ਰੱਖ ਦਿਤਾ ਹੈ। ਉਹ ਪੈਸੇ ਦੀ ਅੰਨ੍ਹੀ ਕਮਾਈ ਕਰਨ ਹਿੱਤ ਹਉਮੈਂ ਤੇ ਵਿਸ਼ੇ ਵਿਕਾਰਾਂ ਦੀ ਦਲਦਲ ਵਿਚ ਫ਼ਸਦਾ ਜਾ ਰਿਹਾ ਹੈ। ਵਸਤੂਕਰਨ ਦੀ ਇਸ ਪ੍ਰਕ੍ਰਿਆ ਨੇ ਮਨੁੱਖ ਦੇ ਬਾਹਰੀ ਜਗਤ ਨੂੰ ਹੀ ਨਹੀਂ ਸਗੋਂ ਉਸ ਦੇ ਆਂਤਰਿਕ ਸੰਕਟ ਨੂੰ ਵੀ ਗਹਿਰਾ ਦਿੱਤਾ ਹੈ। ਜਿਸ ਦੀ ਪੇਸ਼ੀਨਗੋਈ 'ਪੰਜ ਲਾਲਸਾਵਾਂ 'ਚੋਂ ਲੰਘਦਿਆਂ ' ਵਰਤਾਰੇ ਵਿਚ ਭਲੀਭਾਂਤ ਹੋਈ ਮਿਲਦੀ ਹੈ। ਬਿਰਤਾਂਤਕੀ ਪਾਤਰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿਚ ਫ਼ਸ ਨੈਤਿਕਤਾ ਤੋਂ ਪਰ੍ਹੇ ਹੁੰਦੇ ਨਜ਼ਰ ਆਉਂਦੇ ਹਨ। ਮੰਡੀਵਾਦ ਦੀਆਂ ਨੀਤੀਆਂ ਕਾਰਨ ਅੱਜ ਸਾਡਾ ਸਮਾਜ ਬਹੁਤ ਸਾਰੀਆਂ ਅਹਿਮ ਤਬਦੀਲੀਆ ਵਿਚੋਂ ਗ਼ੁਜ਼ਰ ਰਿਹਾ ਹੈ। ਇਹਨਾਂ ਬਦਲਦੀਆਂ ਪ੍ਰਸਥਿਤੀਆਂ ਸਨਮੁੱਖ ਮਾਨਵ ਦੀ ਜੋ ਹਾਰ ਹੋ ਰਹੀ ਹੈ, ਉਸ ਦਾ ਮੰਜ਼ਰ ਬਹੁਤ ਹੀ ਪੀੜਾਜਨਕ ਹੈ। ਇਥੇ ਪਾਠ ਦਾ ਇਹ ਕਲਾਤਮਕ ਪਰਿਪੇਖ ਸਾਮਰਾਜੀ ਤਾਕਤਾਂ ਰਾਹੀਂ ਫ਼ੈਲਾਈ ਜਾ ਰਹੀ ਸਭਿਆਚਾਰਕ ਰਾਜਨੀਤੀ ਦਾ ਪਰਦਾਫ਼ਾਸ਼ ਕਰ ਉਹਨਾਂ ਅੰਦਰਲੇ ਕੋਹਜ ਤੇ ਬਦਫ਼ੈਲੀਆ ਨੂੰ ਵੀ ਉਜਾਗਰ ਕਰਦਾ ਹੈ। ਜਿਸ ਵਿਚ ਮੰਡੀਵਾਦ ਦਾ ਸਮੁੱਚਾ ਵਰਤਾਰਾ ਅਮਾਨਵੀ ਸੁਭਾਅ ਵਾਲਾ ਸਿੱਧ ਹੁੰਦਾ ਹੈ। ਜਿਸ ਦੀ ਬੁਨਿਆਦ ਹੀ ਤਾਮਾਸੀ, ਕਾਮੀ ਤੇ ਲੋਭੀ ਬਿਰਤੀ ਤੇ ਟਿਕੀ ਹੈ। ਵਾਸਤਵ ਵਿਚ ਵਸਤੂਕਰਨ ਦੀ ਪ੍ਰਕ੍ਰਿਆ ਨੇ ਮਨੁੱਖ ਅਤੇ ਉਸ ਦੇ ਰਿਸ਼ਤਿਆਂ ਦਾ ਵੀ ਵਸਤੂਕਰਨ ਕਰ ਦਿੱਤਾ ਹੈ।ਵਸਤੂ ਦੀ ਖ਼ਰੀਦ ਸ਼ਕਤੀ ਪੈਸਾ ਹੈ। ਪਾਠ ਵਿਚ ਗਿਆਨ , ਤਾਲੀਮ, ਧਰਮ, ਡੇਰਾਵਾਦ ਆਦਿ ਦੇ ਚਿਹਨਕੀ ਜੁੱਟ ਜੀਵਨ ਦੇ ਹਰ ਵਰਤਾਰੇ ਦੇ ਇੰਡਸਟਰੀ ਵਿਚ ਤਬਦੀਲ ਹੋਣ ਦੀ ਨਿਸ਼ਾਨਦੇਹੀ ਕਰਦੇ ਹਨ। ਜੀਵਨ ਦਾ ਕੋਈ ਵੀ ਪੱਖ ਅਜਿਹਾ ਨਹੀਂ ਜਿਸ ਨੂੰ ਵਸਤੂਕਰਨ ਦੀ ਸਥਿਤੀ ਨੇ ਪ੍ਰਭਾਵਿਤ ਨਾ ਕੀਤਾ ਹੋਵੇ। ਜਿਸ ਤਰ੍ਹਾਂ ਦਾ ਨਿਘਾਰ, ਲਾਲਚ, ਨੀਚਤਾ ਤੇ ਵਹਿਸ਼ਤ ਮਾਨਵੀ ਰਿਸ਼ਤਿਆਂ ਵਿਚ ਪ੍ਰਵੇਸ਼ ਕਰ ਗਿਆ ਹੈ, ਉਸ ਦੀ ਇਕ ਝਲਕ ' ਬੋਹਾ' ਤੇ '**ਲੋਈ**' ਕਹਾਣੀ ਵਿਚ ਦੇਖਣ ਨੂੰ ਮਿਲਦੀ ਹੈ। '**ਬੋਹਾ**' ਕਹਾਣੀ ਦੀ ਮਾਂ ਮਹਿਟਰ ਰਮਨ ਘਰ ਦੀ ਚਾਰਦੀਵਾਰੀ ਅੰਦਰ ਪਿਉ ਦੁਆਰਾ ਕੀਤੇ ਜਾਂਦੇ ਸਰੀਰਕ ਸ਼ੋਸ਼ਣ ਤੋਂ ਤੰਗ ਹੋ ਆਤਮ ਹੱਤਿਆ ਕਰਨ ਵਰਗਾ ਤਲਖ਼ ਫ਼ੈਸਲਾ ਕਰ ਲੈਂਦੀ ਹੈ। ਡਾਇਰੀ ਦੇ ਪੰਨੇ ਬੜੇ ਦਿਲਚਸਪ ਢੰਗ ਨਾਲ ਪਰਤ ਦਰ ਪਰਤ ਬਿਰਤਾਂਤ ਦੀਆਂ ਪਰਤਾਂ ਖੋਲ੍ਹਦੇ ਹਨ ਕਿ ਕੰਧ ਤੇ ਲਿਖਿਆ ਲਫ਼ਜ਼ 'ਬੋਹਾ' ਨਹੀਂ ਸਗੋਂ 'ਬੋਰਾ' ਹੈ। ਇਹ ਉਹ ਬੋਰਾ ਹੈ , ਜਿਸ ਵਿਚ ਰਮਨ ਆਤਮਹੱਤਿਆ ਕਰਨ ਤੋਂ ਪਹਿਲਾਂ  ਡਾਇਰੀ ਛੁਪਾ ਜਾਂਦੀ ਹੈ । ਜਿਸ ਵਿਚ ਉਸ ਦੀ ਮੌਤ ਦਾ ਰਾਜ਼ ਛੁਪਿਆ ਹੋਇਆ ਹੁੰਦਾ ਹੈ। ਇਸੇ ਸੰਦਰਭ ਅਧੀਨ ਬਿਰਤਾਂਤਕਾਰ ਨੂੰ ਸਭ ਕੁਝ ਹੀ ਗ਼ਲਤ

ਮਲਤ ਹੁੰਦਾ ਜਾਪਦਾ ਹੈ। ਜਿਥੇ ਕਿਸੇ ਵੀ ਰਿਸ਼ਤੇ ਵਿਚ ਨਾ ਪਹਿਲਾਂ ਵਰਗੀ ਕੋਈ ਸ਼ੁੱਧਤਾ ਨਜ਼ਰ ਆਉਂਦੀ ਹੈ ਤੇ ਨਾ ਹੀ ਵਿਸ਼ਵਾਸ। ਇਸ ਤੋਂ ਇਲਾਵਾ ਬਿਰਤਾਂਤਕਾਰ ਦਲਿਤ ਤੇ ਦਮਿਤ ਦ੍ਰਿਸ਼ਟੀ ਦਾ ਵਾਹਕ ਵੀ ਬਣਦਾ ਹੈ। ਹਾਸ਼ੀਆਗਤ ਲੋਕਾਂ ਦੇ ਸਮਾਜਿਕ ਯਥਾਰਥ ਦੀਆਂ ਵਿਭਿੰਨ ਪਰਤਾਂ ਸਮੇਂ ਨਾਲ ਸੰਵਾਦ ਰਚਾ ਨਵੀਨ ਦਿਸਹੱਦੇ ਸਿਰਜਦੀਆਂ ਹਨ। ਪਾਠ ਵਿਚ ਸਥਿਤੀ ਦਾ ਵਿਅੰਗ ਉਦੋਂ ਉੱਭਰਦਾ ਹੈ, ਜਦੋਂ ਘਰ ਦਾ ਗੋਹਾ ਕੂੜਾ ਕਰਨ ਵਾਲੀ ਮੇਲੋ ਅੰਤਿਮ ਰਸਮਾਂ ਵੇਲੇ ਪਾਏ ਜਾਣ ਵਾਲੇ ਕੱਪੜੇ ਲੈਣ ਲਈ ਉਸ ਦੇ ਪੋਤੇ ਮੰਟੂ ਦੇ ਤਰਲੇ ਮਿੰਨਤਾਂ ਕਰਦੀ ਉਸ ਨਾਲ ਸਰੀਰਕ ਸੰਬੰਧ ਸਥਾਪਿਤ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ।

"ਅੱਛਾ ਬੜਾ ਹੇਜ ਮਾਰਦਾ ਅੱਜ ਤਾਂ। ਨਾਂ ਓਦੇਂ ?" ਮੰਟੂ ਬੋਲਿਆ। ਮੇਲੋ ਨੇ ਆਖਿਆ, " ਜਾਹ ਭੈੜਿਆ, ਤੂੰ ਤਾਂ ਲੋਲਾ ਈ ਆਂ। ਮੈਂ ਕਿਹੜਾ ਤੈਥੋਂ...."। ਪੰਨਾ, 84

**'ਲੋਈ'** ਕਹਾਣੀ ਇਸ ਸੰਦਰਭ ਤੋਂ ਵੀ ਮਹਤੱਵਪੂਰਨ ਭਾਵ ਪੈਦਾ ਕਰਦੀ ਹੈ ਕਿ ਕਿਵੇਂ ਘਰ ਦੇ ਸਾਰੇ ਮੈਂਬਰ ਆਪੋ ਆਪਣੇ ਸਵਾਰਥ ਵੱਸ ਦਾਦੀ ਦੇ ਮਰਨ ਦਾ ਇੰਤਜ਼ਾਰ ਕਰਦੇ ਹਨ।

ਹਰਮੇਲ ਦੇ ਮੂੰਹ ਤੇ ਤਾਂ ਇਕ ਗੱਲ ਹੀ ਹੁੰਦੀ ਆ ਜੋ ਉਹ ਬੁੱਲ੍ਹਾਂ ਤੋਂ ਬਾਹਰ ਨਾ ਲਿਆ ਸਕਦੀ, "ਹੇ ਰੱਬ ਸੱਚਿਆ, ਬੁੜ੍ਹੀ ਨੂੰ ਛੇਤੀ ਸੱਦਲਾ ਆਪਦੇ ਕੋਲ ਸਵਰਗਾਂ 'ਚ। ਮੇਰੀ ਧੀ ਦਾ ਵਿਆਹ ਸੁਖੀ ਸਾਂਦੀ ਸਿਰੇ ਚੜ੍ਹ ਜਾਵੇ। ਉਹ ਕਨੇਡਾ ਚਲੀ ਜਾਵੇ। ਇਧਰ ਕੀ ਆ ਨਿਰਾ ਨਰਕ। ਸੁਰਗ ਤਾਂ ਕਨੇਡਾ ਵਾਲੇ ਭੋਗਦੇ ਆ। ਉਪਿੰਦਰ ਦੇ ਜਾਣ ਤੋਂ ਬਾਅਦ ਅਸੀਂ ਵੀ ਸਾਰਾ ਟੱਬਰ ਉੱਥੇ ਚਲੇ ਜਾਈਏ"। ਪੰਨਾ, 78

ਪਾਠ ਵਿਚ ਵਿਚਰਦਿਆਂ ਮਹਿੰਦਰ ਤਤਲਾ ਦਾ ਕਲਾ ਪੱਖ ਵੀ ਮਹਤੱਵਪੂਰਨ ਤੱਤ ਪੇਸ਼ ਕਰਦਾ ਹੈ। ਉੱਤਮ ਪੁਰਖੀ ਵਿਧੀ ਵਿਚ ਰਚੀ ਲੰਮੀ ਕਹਾਣੀ ਪਾਠਕ ਦਾ ਧਿਆਨ ਖਿੱਚਦੀ ਹੈ। ਦਿਲਚਸਪ ਵੇਰਵੇ ਰੋਚਕਤਾ ਭਰ ਪਾਠਕੀ ਮਨ ਨੂੰ ਧੂੰਹਦੇ ਚਲੇ ਜਾਂਦੇ ਹਨ। ਯਥਾਰਥਕ ਛੋਹਾਂ ਨਾਲ ਆਪਣੇ ਅਨੁਭਵ ਨੂੰ ਪੇਸ਼ ਕਰਨਾ ਬਿਰਤਾਂਤਕਾਰ ਦੀ ਕਹਾਣੀ ਕਲਾ ਦੇ ਅਹਿਮ ਲੱਛਣ ਹਨ। ਕਥਾ ਰਸ, ਮਨੋਵਿਗਿਆਨਕ ਛੋਹਾਂ, ਜੀਵਨ ਕਾਰਜ ਦੇ ਜੀਵੰਤ ਚਿੱਤਰ ਸਿਰਜਣਾ, ਵਿਅੰਗ ਵਿਧੀ, ਸੰਗਠਿਤ ਕਥਾਨਕ ਰਾਹੀਂ ਰਸ ਪੈਦਾ ਕਰਨਾ ਆਦਿ ਉਸ ਦੀਆਂ ਪ੍ਰਮੁੱਖ ਬਿਰਤਾਂਤਕ ਜੁਗਤਾਂ ਹਨ। ਕਹਾਣੀਆਂ ਵਿਚਲੇ ਬਹੁਤੇ ਵੇਰਵੇ ਲੇਖਕ ਦੇ ਆਪਣੇ ਵਿਆਕਤਿੱਤਵ ਤੇ ਨਿੱਜਤਵ ਦਾ ਹੀ ਪ੍ਰਗਟਾਵਾ ਕਰਦੇ ਭਾਸਦੇ ਹਨ। ਪਰ ਫ਼ਿਰ ਵੀ ਉਹ ਕਹਾਣੀ ਰਸ ਨਾਲ ਪਾਠਕ ਉੱਤੇ ਆਪਣੀ ਪਕੜ ਮਜ਼ਬੂਤ ਕਰਨ ਵਿਚ ਸਫ਼ਲ ਰਹਿੰਦਾ ਹੈ। ਭਾਵੇਂ ਕਈ ਥਾਵਾਂ ਤੇ ਵਿਸ਼ੇ ਵਿਚ ਲਟਕਾਅ, ਗੌਂਦ ਦਾ ਢਿੱਲਾਪਣ ਤੇ ਸ਼ਬਦ ਜੋੜਾਂ ਦੀਆਂ ਗ਼ਲਤੀਆਂ ਜ਼ਰੂਰ ਰੜਕਦੀਆਂ ਹਨ । ਪਰ ਸਭ ਕੁਝ ਦੇ ਬਾਵਜੂਦ ਕਹਾਣੀ ਪਾਠ ਵਿਚੋਂ ਨਿਕਟ ਭਵਿੱਖ ਵਿਚ ਬਹੁਤ ਸਾਰੀਆਂ ਸੰਭਾਵਨਾਵਾਂ ਜਾਗਦੀਆਂ ਹਨ।

**ਸਹਾਇਕ ਪੁਸਤਕਾਂ**:


1. ਰਜਨੀਸ਼ ਬਹਾਦਰ ਸਿੰਘ (ਡਾ.) , ਪੰਜਾਬੀ ਸਾਹਿਤ ਚਿੰਤਨ,ਆਧਾਰ ਤੇ ਉਸਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010

2. ਭੱਟੀ, ਸੁਰਜੀਤ ਸਿੰਘ, ਵਿਸ਼ਵੀਕਰਣ ਅਤੇ ਸਾਹਿਤ ਚਿੰਤਨ , ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011


3. ਸਮਕਾਲੀ ਪੰਜਾਬੀ ਸਾਹਿਤ, ਸਰੋਕਾਰ ਤੇ ਸੰਭਾਵਨਾਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

4. ਪ੍ਰਵਚਨ , ਕਹਾਣੀ ਗੋਸ਼ਟੀ ਵਿਸ਼ੇਸ਼ ਅੰਕ, ਜਨਵਰੀ-ਮਾਰਚ 2008




## ਵਿਲੱਖਣ ਬਿਰਤਾਂਤ ਦੀ ਬਾਤ ਪਾਉਂਦਾ 'ਸਮੁੰਦਰ ਦਾ ਆਦਮੀ'

**ਡਾ. ਗੁਲਜ਼ਾਰ ਸਿੰਘ ਪੰਧੇਰ**




ਪਰਮਜੀਤ ਮਾਨ ਦਾ ਕਹਾਣੀ ਸੰਗ੍ਰਹਿ ਸਮੁੰਦਰ ਦਾ ਆਦਮੀ ਉਸਦੇ ਦੋ ਕਾਵਿ ਸੰਗ੍ਰਹਿ 'ਧੁਖਦੀਆਂ ਸਵੇਰਾਂ ਸਬਲਦੀਆਂ ਸਵੇਰਾਂ' ਅਤੇ 'ਸਾਗਰ ਦੇ ਸਫ਼ੇ 'ਤੇ' ਤੋਂ ਬਾਅਦ 2005 ਵਿਚ ਛਪ ਕੇ ਆਇਆ ਤੇ ਹੁਣ 2014 ਵਿਚ ਇਸ ਕਹਾਣੀ ਸੰਗ੍ਰਹਿ ਦਾ ਦੂਜਾ ਐਡੀਸ਼ਨ ਛਪ ਕੇ ਸਾਡੇ ਸਾਹਮਣੇ ਆਇਆ ਹੈ। ਪਰਮਜੀਤ ਮਾਨ ਕਵਿਤਾ ਵਿਚ ਗਹਿਰੇ ਕਾਵਿ ਬਿੰਬਾਂ ਦੀ ਵਰਤੋਂ ਹੈ। ਇਸੇ ਤਰ੍ਹਾਂ ਉਸਦੀਆਂ ਕਹਾਣੀਆਂ ਵਿਚਲੇ ਬਿੰਬ ਵੀ ਕਵਿਤਾ ਵਾਂਗੂੰ ਹੀ ਗਹਿਰੇ ਹਨ। ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਬੰਦ ਦਰਵਾਜੇ ਦਰ ਅਸਲ ਦਿਲ ਦੇ ਦਰਵਾਜ਼ੇ ਬੰਦ ਹੋਣ ਦੀ ਕਹਾਣੀ ਹੈ। ਇਹ ਦਰਵਾਜੇ ਮੁਹੱਬਤ ਵਿਚ ਬੇਵਫ਼ਾਈ ਕਾਰਨ ਬੰਦ ਹੋ ਗਏ ਤੇ ਫੇਰ ਇਹ ਮੁਹੱਬਤ ਦੇ ਜ਼ੋਰ ਨਾਲ ਹੀ ਖੁੱਲ੍ਹਦੇ ਹਨ। ਸਮੁੰਦਰੀ ਜੀਵਨ ਅਤੇ ਵਿਭਿੰਨ ਸਭਿਆਚਾਰਾਂ ਦਾ ਅਨੁਭਵ ਸਾਡੇ ਦਰਵਾਜੇ ਬਾਹਰਲੀ ਦੁਨੀਆਂ ਵੱਲ ਵੀ ਖੋਲਦਾ ਹੈ। ਨਵੇਂ ਕਿਸਮ ਦੇ ਅਨੁਭਵ ਨਵਾਂ ਸੰਸਾਰ ਦਿਸ਼ਟੀਕੋਨ ਸਿਰਜਦੇ ਹਨ। ਕਹਾਣੀ ਡਾਲਰ ਇਹ ਨਵੀਂ ਦੁਨੀਆਂ ਦਾ ਅਨੁਭਵ ਸਾਡੇ ਸਾਹਮਣੇ ਦਿਸ਼ਟੀਗੋਚਰ ਕਰਦੀ ਹੈ ਕਿ ਕਿਵੇਂ ਧਨ ਸ਼ਕਤੀ ਸਭਿਆਚਾਰਕ ਕਦਰਾਂ ਕੀਮਤਾਂ ਤੇ ਬੇਕਿਰਕ ਹਮਲਾ ਕਰਦੀ ਹੈ। ਇਸ ਸੰਧਰਵ ਵਿਚਸਾਡਾ ਸਭਿਆਚਾਰ ਪੱਛਮੀਂ ਸੱਭਿਆਚਾਰ ਨਾਲੋਂ ਵਧੇਰੇ ਟਿਕਾਊ ਹੋ ਨਿਬੜਦਾ ਹੈ। ਇਸ ਕਹਾਣੀ ਦੀ ਪਾਤਰ ਦਲਜੀਤ ਆਪਣੇ ਧਰਾਤਲ ਤੋਂ ਥਿੜਕਦੀ ਨਹੀਂ ਭਾਵੇਂ ਉਸਦੇ ਪਤੀ ਗੁਰਮੀਤ ਦੀ ਦੁਬਿਧਾ ਆਖਿਰ 100 ਡਾਲਰਾਂ ਸਾਹਮਣੇ ਆਪਣਾ ਦਮ ਤੋੜ ਜਾਂਦੀ ਹੈ। ਦੂਜੇ ਪਾਸੇ ਪੱਛਮੀ ਸੱਭਿਆਚਾਰ ਦਾ ਪਾਤਰ ਮਾਰਕ ਆਪਣੀ ਰਾਇ ਤੇ ਪੱਕਾ ਰਹਿੰਦਾ ਹੈ। ਦੋਹਾਂ ਸਭਿਆਚਾਰਾਂ ਵਿਚ ਧਨ ਸ਼ਕਤੀ ਸਾਹਵੇਂ ਵਿਹਾਰ ਔਰਤਾਂ ਮਰਦਾਂ ਦੇ ਸੰਦਰਵ ਵਿਚ ਇਕ ਦੂਜੇ ਦੇ ਉਲਟ ਨਿਭਦਾ ਹੈ, ਸਭਿਆਚਾਰਕ ਵਿਹਾਰ ਦਾ ਨੁਕਤਾ ਨਿਗਾਹ ਆਪਣੇ ਆਪ ਵਿਚ ਵਿਸ਼ੇਸ਼ ਹੈ। ਅਗਲੀ ਕਹਾਣੀ 'ਰੱਬਾ ਮੈਡਮ ਨੂੰ ਬਚਾਈ' ਵਾਲੀ ਕਥਾ ਵਿਚ ਸਮੁੰਦਰੀ ਜਹਾਜ ਦੇ ਕੈਪਟਨ ਦੀ ਪਤਨੀ ਉਸਨੂੰ ਸਮੁੰਦਰ ਵਿਚ ਡੁਬੋ ਕੇ ਮਾਰ ਦੇਣ ਦੀ ਨੌਬਤ ਤਕ ਜਾ ਪਹੁੰਚਦੀ ਹੈ। ਗਲਤ ਫਹਿਮੀ ਦਾ ਭੈਅ ਮਨੁੱਖ ਨੂੰ ਅੰਨਾ ਕਰ ਦਿੰਦਾ ਹੈ। ਜਦੋਂ ਸਹਿ ਕਰਮੀ ਮੈਡਮ ਨੂੰ ਡੁਬੋ ਕੇ ਮਾਰ ਰਹੇ ਹੁੰਦੇ ਹਨ ਤਾਂ ਇਕ ਮੁੰਡੇ ਦੇ ਮਨ ਵਿਚ ਪੈਦਾ ਹੋਈ ਹਮਦਰਦੀ ਇਨਸਾਨੀ ਜਜਬੇ ਦੇ ਜਿਉਂਦੇ ਹੋਣ ਦੀ ਮਿਸਾਲ ਬਣਦੀ ਹੈ। ਅਜਿਹੀ ਹੀ ਇਕ ਹੋਰ ਕਹਾਣੀ ਹੈ 'ਮੌਤ ਦਾ ਘੇਰਾ' ਜਹਾਜ ਦੇ ਕੈਪਟਨ ਦੇ ਬੇਟੇ ਨੂੰ ਨਿੱਕੀਆਂ ਅਮਾਨਵੀ ਮਨੁੱਖੀ ਪ੍ਰਵਿਤਰੀਆਂ ਤੋਂ ਪੈਦਾ ਹੋਈ ਬਦਲਾ ਲਊ ਭਾਵਨਾ ਕਰਕੇ ਸਮੁੰਦਰ ਵਿਚ ਸੁਟ ਦਿੱਤਾ ਜਾਂਦਾ ਹੈ। ਉਸਦੇ ਚਾਰ ਦਿਨ ਮੌਤ ਦੇ ਘੇਰੇ ਵਿਚ ਰਹਿਣ ਦਾ ਬਿਰਤਾਂਤ

ਸਮੁੰਦਰੀ ਜੀਵਨ ਦਾ ਬਿਰਤਾਂਤ ਵਿਲੱਖਣ ਅਤੇ ਭੈਅ ਦੇ ਪਹਾੜ ਟੁੱਟਣ ਵਰਗਾ ਹੈ। ਉਂਞ ਭਾਵੇਂ ਸਾਡੇ ਥਲਾਂ ਅਤੇ ਮਨ ਦੀ ਜ਼ਮੀਨ ਵਿਚ ਵੀ ਅਜਿਹੇ ਦੁਖਾਂ ਦੇ ਅਨੇਕ ਅਨੁਭਵ ਹੋ ਸਕਦੇ ਹਨ ਪਰ ਇਹ ਸਮੁੰਦਰੀ ਜੀਵਨ ਦੀ ਵਿਸ਼ੇਸ਼ ਪ੍ਰਸਥਿਤੀ ਵਿਚਲੀ ਸਮਾਜਿਕ ਰਿਸ਼ਤਿਆਂ ਵਿਚਲੀ ਤੰਦ ਨੂੰ ਵਧੇਰੇ ਉਘਾੜਦੀ ਕਹਾਣੀ ਹੈ। ਕਹਾਣੀ 'ਤੁਫਾਨ ਅੰਦਰ ਤੁਫਾਨ' ਵਿਚ ਸਮੁੰਦਰੀ ਜੀਵਨ ਵਿਚ ਜਹਾਜ ਦਾ ਪਾਣੀ ਵਿਚ ਤੁਫਾਨ ਕਾਰਨ ਡੁੱਬਣਾ ਅਤੇ ਕੈਪਟਨ ਦੇ ਰਵਾਇਤ ਨੂੰ ਤੋੜਦਿਆਂ ਪਾਣੀ ਵਿਚ ਜਹਾਜ ਦੇ ਨਾਲ ਹੀ ਡੁਬਣ ਦੇ ਫੈਸਲੇ ਨੂੰ ਬਦਲਨ ਦੀ ਸ਼ਕਤੀ ਵੀ ਮੁਹੱਬਤ ਹੋ ਨਿਬੜਦੀ ਹੈ। ਇਸ ਕਹਾਣੀ ਵਿਚ ਰਵਾਇਤੀ ਸਤੀ ਪ੍ਰਥਾ ਨੂੰ ਅਜੋਕੇ ਸਮਿਆਂ ਦੇ ਤਰਕ ਅਨੁਸਾਰ ਬਦਲ ਦੇਣ ਵਰਗੀ ਹੈ। ਸਮਾਜਿਕ ਲੀਹਾਂ ਤੋੜਨ ਲਈ ਤਰਕ ਨਾਲੋਂ ਵੀ ਵੱਧ ਮੁਹੱਬਤ ਵਰਗਾ ਜਜ਼ਬਾਤ ਭੂਮਿਕਾ ਨਿਭਾਉਂਦਾ ਹੈ। ਕਹਾਣੀ **'ਐਲਨ'** ਰਾਹੀ ਕਹਾਣੀਕਾਰ ਇਕ ਵਿਸ਼ੇਸ਼ ਅਨੁਭਵ ਦੀਆਂ ਬਰੀਕੀਆਂ ਸਾਡੇ ਸਾਹਮਣੇ ਰੱਖਦਾ ਹੋਇਆ ਇਹ ਯਤਨ ਕਰਦਾ ਹੈ ਕਿ ਕਿਵੇਂ ਬੇਗਾਨੇ ਸਭਿਆਚਾਰਾਂ ਦੀ ਚਮਕ ਦਮਕ ਵੇਖਦਿਆਂ ਸਾਡੇ ਨੌਜਵਾਨ ਅਪਣੀਆਂ ਕਦਰਾਂ ਕੀਮਤਾਂ ਤੋਂ ਭਟਕ ਜਾਂਦੇ ਹਨ। ਪਰ ਉਹਨਾਂ ਦੇ ਮਨਾ ਵਿਚ ਪਈ ਪਹਿਲੀ ਮੁਹੱਬਤ ਉਹਨਾ ਨੂੰ ਭਟਕਣ ਤੋਂ ਹੋੜ ਲਿਆਉਂਦੀ ਹੈ। ਏਥੋਂ ਤਕ ਕਿ ਪੱਛਮੀਂ ਸੱਭਿਆਚਾਰ ਦੀ ਪ੍ਰਤੀਨਿਧ ਪਾਤਰ ਐਲਨ ਵੀ ਪਹਿਲੀ ਮੁਹੱਬਤ ਕਾਰਨ ਨੌਜਵਾਨਾਂ ਵਿਚ ਆਈ ਤਬਦੀਲੀ ਕਾਰਨ ਪ੍ਰਭਾਵਤ ਹੋਣ ਤੋਂ ਨਹੀਂ ਰਹਿੰਦੀ। ਅੱਗੇ ਹੈ ਇਸ ਕਹਾਣੀ ਸੰਗ੍ਰਹਿ ਦੀ ਮੁੱਖ ਕਹਾਣੀ **'ਸਮੁੰਦਰ ਦਾ ਆਦਮੀ'** ਇਹ ਕਹਾਣੀ ਸਮੁੰਦਰੀ ਜੀਵਨ ਅਤੇ ਉਸ ਵਿਚਲੇ ਰੁਝੇਵੇਂ ਕਿਵੇਂ ਰਾਜੇਸ਼ ਵਰਗੇ ਸੱਚੇ ਸੁੱਚੇ ਇਮਾਨਦਾਰ ਇਨਸਾਨ ਪ੍ਰਤੀ ਵੀ ਉਸਦੀ ਮਾਸ਼ੂਕ ਸੁਨੀਤਾ ਗਲਤ ਫਹਿਮੀ ਦਾ ਸ਼ਿਕਾਰ ਹੋ ਜਾਂਦੀ ਹੈ। ਕਹਾਣੀ **'ਸਮੁੰਦਰ ਦਾ ਬੁਲਾਵਾ'** ਸਮੁੰਦਰ ਕੰਢੇ ਅਥਾਹ ਪਾਣੀ ਤੇ ਨਿਰਭਰ ਰੰਗਾਨਾਦਨ ਅਤੇ ਉਸਦੇ ਪਿਤਾ ਦੀ ਮਛੇਰੇ ਵਜੋਂ ਇਕ ਸੰਘਰਸ਼ ਰੰਗਾਨਾਦਨ ਅਤੇ ਉਸਦੇ ਪਿਤਾ ਦੀ ਮਛੇਰੇ ਵਜੋਂ ਇਕ ਸੰਘਰਸ਼ੀ ਜੀਵਨ ਗਾਥਾ ਹੈ। ਪਾਣੀ ਦੇ ਤੁਫਾਨਾਂ ਦੇ ਨਾਲ ਨਾਲ ਕਿਵੇਂ ਜ਼ਿੰਦਗੀ ਵਿਚ ਵੀ ਤੁਫਾਨ ਆ ਕੇ ਮਨੁੱਖ ਨੂੰ ਭੰਨ ਤੋੜ ਸੁੱਟਦੇ ਹਨ ਇਹ ਸਾਰਾ ਇਸ ਕਹਾਣੀ ਦਾ ਅਨੁਭਵ ਹੈ। ਰੰਗਾਨਾਦਨ ਆਪਣੇ ਪਿਤਾ ਦੀ ਮੌਤ ਪਿਛੋਂ ਅਤੇ ਆਪਣੇ ਤੁਫਾਨ ਵਿਚ ਘਿਰ ਜਾਣ ਤੋਂ ਬਾਅਦ ਜਦੋਂ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਢੇਰੀ ਢਾਹ ਬਹਿੰਦਾ ਹੈ ਤਾਂ ਮੁਹੱਬਤੀ ਰੂਹ ਮਮਤਾ ਦਾ ਉਹਨੂੰ ਝੰਜੋੜਨਾ **'ਰੋਸ਼ਾ ਹੋਊ ਸਮੁੰਦਰ ਨਾਲ ਹੋਰਾਂ ਨਾਲ ਕਾਹਦਾ ਰੋਸਾ''** ਇਕੋ ਖਿਆਲ ਉਹਦੇ ਵਿਚ ਮੁੜ ਹਿੰਮਤ ਭਰ ਦਿੰਦਾ ਹੈ। ਕਹਾਣੀ **'ਜਲਪਰੀ'** ਕਲਪਨਾ ਦੀ ਉਡਾਰੀ ਦੀ ਕਮਾਲ ਦੀ ਮਿਸਾਲ ਹੈ। ਜੋ ਅਸੀਂ ਯਥਾਰਥਕ ਜ਼ਿੰਦਗੀ ਵਿਚ ਨਹੀਂ ਕਰ ਸਕਦੇ ਕਲਪਨਾ ਰਾਹੀਂ ਕਰਕੇ ਨਵੇਂ ਸਭਿਆਚਾਰਕ ਦਾਇਰਿਆਂ ਅਤੇ ਸੰਸਕਾਰਾਂ ਦੀ ਸਿਰਜਣਾ ਵਲ ਵਧਦੇ ਹਾਂ। ਕਲਪਨਾ ਹੀ ਤਾਂ ਅਨੁਭਵ ਨੂੰ ਵਿਚਾਰ ਨਾਲ ਉਤਪੋਤ ਕਰਕੇ ਕਹਾਣੀ ਬਣਾਉਂਦੀ ਹੈ। ਆਖਰੀ ਕਹਾਣੀ 'ਐਡਰੀਅਨ ਦੀ ਉਡੀਕ' ਵੀ ਜਿੱਥੇ ਸਮੁੱਚੇ ਤੌਰ ਤੇ ਸਮੁੰਦਰੀ ਜੀਵਨ ਦੀ ਥੀਮਿਕ ਪ੍ਰਤੀਨਿਧਤਾ ਕਰਦੀ ਹੈ ਉੱਥੇ ਟਾਪੂਆਂ ਵਿੱਚ ਰਹਿੰਦੀ ਜ਼ਿੰਦਗੀ ਦੀ ਸਾਂਝ ਲਿਖਤਾਂ ਰਾਹੀਂ ਉਸਾਰ ਕੇ ਪਹਿਲੀਆਂ ਕਹਾਣੀਆਂ ਦੀ ਤਰ੍ਹਾਂ ਆਪਣਾ ਇਕ ਵਿਸ਼ੇਸ਼ ਥੀਮਿਕ ਪਾਸਾਰ ਵੀ ਬਣਾਉਂਦੀ ਹੈ।

ਕਹਾਣੀ ਸੰਗ੍ਰਹਿ ਪੜ੍ਹਦਿਆਂ ਮੈਨੂੰ ਇਕ ਨਵੀਂ ਗਲਪ ਵਿਧਾ ਅਭੁੱਲ ਯਾਦਾਂ ਦਾ ਵੀ ਧਿਆਨ ਆਇਆ ਅਭੁਲ ਯਾਦਾਂ ਪਹਿਲਾਂ ਪਹਿਲ ਫੌਜੀ ਜਰਨੈਲਾਂ ਵਲੋਂ ਆਪਣੇ ਤਜਰਬੇ ਸਾਂਝੇ ਕਰਨ ਲਈ ਲਿਖੀਆਂ ਜਾਣ ਲੱਗੀਆਂ ਸੀ। ਉਸੇ ਤਰ੍ਹਾਂ ਇਹ ਕਹਾਣੀਆਂ ਵੀ ਪਾਣੀ ਵਿਚਲੀ ਜ਼ਿੰਦਗੀ




ਦੀਆਂ ਮੁਸ਼ਕਲਾਂ, ਬਹਾਦਰੀ, ਨਿਰਾਸ਼ਤਾਵਾਂ, ਪ੍ਰੇਰਨਾਵਾਂ ਅਤੇ ਕਾਰਨਾਮਿਆਂ ਭਰਪੂਰ ਹਨ। ਕਹਾਣੀਆਂ ਵਿਚ ਅਚੇਤ ਜਾਂ ਸੁਚੇਤ ਇਕ ਵਿਲੱਖਣ ਬਿਰਤਾਂਤ ਸ਼ਾਸਤਰ ਵੀ ਨਾਲ ਨਾਲ ਚੱਲ ਰਿਹਾ ਹੈ। ਕਥਾ ਸ਼ੈਲੀ ਅਨਾੜੀ ਨਹੀਂ ਜਾਪਦੀ। ਵਿਸ਼ੇ ਦੀ ਚੋਣ ਅਤੇ ਉਸ ਪਾਸਾਰ ਨਾਲ ਨਿਭਾਉਣ ਦਾ ਲੇਖਕ ਨੂੰ ਬਲ ਆਉਂਦਾ ਹੈ। ਆਪਣੀ ਕਹਾਣੀ **'ਐਂਡਰੀਸਨ ਦੀ ਉਡੀਕ'** ਵਿਚ ਉਹ ਪਰੋਖ ਵਿਧੀ ਨਾਲ ਲੇਖਣੀ ਦੇ ਗੁਣ ਬਿਆਨ ਕਰਦਾ ਵੇਖ ਸਕਦੇ ਹਾਂ, ''ਹਰ ਕਹਾਣੀ ਮਨ ਤੇ ਨਾਲ ਦੀ ਨਾਲ ਉਕਰਦੀ ਜਾਂਦੀ ਹੈ, ਮਜਬੂਨ ਦੀ ਪਕੜ ਭਾਸ਼ਾ ਦੀ ਸਰਲਤਾ, ਲਿਖਣ ਦੀ ਕਲਾ, ਪਾਤਰ ਉਸਾਰੀ ਸਭ ਕੁਝ ਹੀ ਬੜੇ ਸੁੰਦਰ ਤਰੀਕੇ ਨਾਲ ਪਰੁੰਨਿਆਂ ਹੁੰਦਾ-ਪਤਾ ਨਹੀਂ ਉਹ ਕਿਥੋਂ ਕਿਥੋਂ ਪਾਤਰ ਲੱਭ ਲੈਂਦੀ ਅਤੇ ਐਸੇ ਕਮਾਲ ਨਾਲ ਚਿਤਰਦੀ ਕਿ ਪੜ੍ਹਨ ਵਾਲੇ ਪਾਠਕ ਨੂੰ ਲੱਗਦਾ ਕਿ ਇਹ ਤਾਂ ਮੈਂ ਹੀ ਹਾਂ।'' ਇਹ ਸਾਰੇ ਗੁਣ ਪਰਮਜੀਤ ਮਾਨ ਦੀਆਂ ਕਹਾਣੀਆਂ ਵਿਚ ਵੀ ਨਿਭਦੇ ਹਨ। ਔਰਤ ਪਾਤਰ ਸਮੁੱਚੀਆਂ ਕਹਾਣੀਆਂ ਵਿਚ ਹਾਂਦਰੂ ਭੂਮਿਕਾ ਅਦਾ ਕਰਦੇ ਹਨ। ਇਹ ਸਾਡੇ ਸਮਾਜ ਸਾਸਤਰ ਵਿਚ ਵਿਚਾਰਿਆ ਜਾਣ ਵਾਲਾ ਵਿਚਾਰ ਬਣਦਾ ਹੈ। ਸਮੁੰਦਰੀ ਜ਼ਿੰਦਗੀ ਸਬੰਧੀ ਇਹ ਜਗਤ ਪ੍ਰਸਿੱਧ ਨਾਵਲ ਕਾਰ ਅਰਨੈਸਟ ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਹੈ ਇਹ ਅਗਲੀ ਕੜੀ ਬਣਦੀ ਹੈ। ਕਹਾਣੀਆਂ ਦਾ ਵਿਲੱਖਣ ਬਿਰਤਾਂਤ ਇਕ ਅਲੱਗ ਥੀਮ ਅਤੇ ਪਾਸਾਰ ਵਾਲੇ ਕਥਾ ਸ਼ਾਸਤਰ ਦੀ ਟੋਹ ਲਾਉਂਦਾ ਹੈ। ਕਹਾਣੀਕਾਰ ਦੀ ਕਵਿਤਾ ਅਤੇ ਕਹਾਣੀ ਦੀ ਪੜ੍ਹਤ ਤੋਂ ਸਮੁੰਦਰੀ ਜ਼ਿੰਦਗੀ ਜਾਂ ਸਮੁੱਚੀ ਜ਼ਿੰਦਗੀ ਦੀਆਂ ਵਧੇਰੇ ਕਲਾਤਮਕ ਕਹਾਣੀਆਂ ਆਉਣ ਦੀ ਆਸ ਬੱਝਦੀ ਹੈ। ਕਹਾਣੀ 'ਸਮੁੰਦਰ ਦਾ ਆਦਮੀ' ਵਿਚਲੀ ਨਿਰਾਸ਼ਤਾ ਨੂੰ ਸੰਗ੍ਰਹਿ ਦੀਆਂ ਦੂਜੀਆਂ ਕਹਾਣੀਆਂ ਦੀ ਤਰ੍ਹਾਂ ਹਾਂਦਰੂ ਦ੍ਰਿਸ਼ਟੀ ਤੋਂ ਮੁੜ ਫੋਕਸ ਕਰਨ ਦੀ ਲੋੜ ਜਾਪਦੀ ਹੈ। ਪਰਮਜੀਤ ਮਾਨ ਹੋਰਾਂ ਦਾ ਵਿਲੱਖਣ ਅਨੁਭਵ ਅਤੇ ਕਲਾ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਜਗਤ ਲਈ ਵਧੇਰੇ ਵਿਲੱਖਣ ਅਤੇ ਨਿਆਰੀਆਂ ਕਹਾਣੀਆਂ ਦੀ ਆਸ ਬੱਝਦੀ ਹੈ।


**ਪੰਜਾਬੀ ਦੇ ਚਰਚਿਤ ਕਹਾਣੀਕਾਰ ਸਰੂਪ ਸਿਆਲਵੀ ਦੀਆਂ ਕਹਾਣੀਆਂ ਦਾ ਬਹੁਪੱਖੀ ਵਿਸ਼ਲੇਸ਼ਣ ਕਰਦੀ ਡਾ. ਸੰਤੋਖ ਸਿੰਘ ਵਲੋਂ ਸੰਪਾਦਤ ਆਲੋਚਨਾ ਪੁਸਤਕ**

*ਸਰੂਪ ਸਿਆਲਵੀ ਬਿਰਤਾਂਤ ਤੇ ਵਿਚਾਰਧਾਰਾ*

*ਸੰਪਾਦਕ ਡਾ. ਸੰਤੋਖ ਸਿੰਘ*

**ਪ੍ਰਕਾਸ਼ਕ ਪਰਵਾਜ਼ ਪ੍ਰਕਾਸ਼ਕ, ਜਲੰਧਰ**



# 'ਲਾਹੇ ਹੋਏ' ਸੰਸਾਰਕ ਪੱਧਰ ਦੇ ਮਾਨਵੀ ਸਰੋਕਾਰਾਂ ਨਾਲ ਜੂਝਦੀਆਂ ਕਹਾਣੀਆਂ - ਰਵਿੰਦਰ ਸਿੰਘ ਸੰਧੂ




ਬਰਨਾਲੇ ਦੀ ਸਾਹਿਤਕ ਮਿੱਟੀ ਬੜੀ ਜਰਖੇਜ਼ ਹੈ। ਇਸਨੇ ਸਾਹਿਤ ਵਿੱਚ ਬੜੇ ਉੱਘੇ ਸਾਹਿਤਕਾਰ ਪੈਦਾ ਕੀਤਾ ਹਨ। ਇਸੇ ਜ਼ਰਖੇਜ਼ ਮਿੱਟੀ ਵਿੱਚ ਨਵਾਂ ਖਿੜਿਆ ਫੁੱਲ ਹੈ-ਪਵਨ ਪਰਿੰਦਾ। ਪਵਨ ਪਰਿੰਦਾ ਅੱਖਰਾਂ ਦਾ ਵਪਾਰੀ ਹੈ। ਇਹ ਅੱਖਰ ਅੱਖਰਾਂ ਨੂੰ ਕਸਬ ਬਣਾਈ ਬੈਠੇ ਪਵਨ ਦੇ ਅੰਦਰ ਉੱਤਰਦੇ ਰਹੇ ਅਤੇ ਉਸਦੇ ਅੰਤਰਮਨ ਦੀਆਂ ਸੰਵੇਦਨਾਵਾਂ ਦਾ ਜਾਮਾ ਬਣਦੇ ਰਹੇ। ਸਾਹਿਤਕਾਰ ਦਾ ਅੰਤਰਮਨ ਮੋਮ ਦੀ ਤਰ੍ਹਾਂ ਹੁੰਦਾ ਹੈ ਜੋ ਹਲਕੇ ਜਿਹੇ ਸੇਕ ਨਾਲ ਪਿਘਲ ਕੇ ਵਹਿ ਤੁਰਦਾ ਹੈ ਤੇ ਪੋਲੀ ਜਿਹੀ ਖਰੋਂਚ ਨਾਲ ਉਖੜ ਜਾਂਦਾ ਹੈ। ਪਵਨ ਨੇ ਆਪਣੇ ਸਮਾਜਿਕ ਚੋਗਿਰਦੇ ਵਿੱਚ ਵਿਚਰਦਿਆਂ ਇਸ ਸੇਕ ਦੀ ਤਪਸ਼ ਵੀ ਮਹਿਸੂਸ ਕੀਤੀ ਹੈ ਤੇ ਖਰੋਚਾਂ ਦੀ ਤੜਪ ਤੇ ਚੀਸ ਵੀ। ਇਹ ਮਨ ਦੁਆਰਾ ਮਹਿਸੂਸ ਕੀਤੇ ਤੇ ਤਨ ਤੇ ਹੰਢਾਏ ਅਨੁਭਵ ਹੀ ਉਸ ਦੀਆਂ ਅਭਿਵਿਅਕਤੀ ਮੂਲਕ ਪ੍ਰੇਰਨਾਵਾਂ ਦੇ ਲਖਾਇਕ ਹਨ। ਉਸਨੇ ਇਹਨਾਂ ਸੰਵੇਦਨਾਵਾਂ ਤੇ ਪ੍ਰੇਰਨਾਵਾਂ ਨੂੰ ਆਪਣੇ ਨਜ਼ਰੀਏ ਨਾਲ ਪਕੜਿਆ ਤੇ ਪ੍ਰਗਟਾਇਆ ਹੈ। ਉਸਦੀਆਂ ਕਹਾਣੀਆਂ ਵਿੱਚ ਪਰਗਟਾਅ ਦਾ ਮਾਧਿਅਮ ਬਣੇ ਵਿਸ਼ੇ ਅਸਲੋਂ ਨਵੇਂ ਹਨ। ਇਹਨਾਂ ਵਿਸ਼ਿਆਂ ਦੀ ਨਵੀਨਤਾ ਦਾ ਇੱਕ ਪੱਖ ਇਹਨਾਂ ਨਾਲ ਸਬੰਧਿਤ ਸੂਖਮ ਪਰਤਾਂ ਦੀ ਪੇਸ਼ਕਾਰੀ ਵੀ ਹੈ। ਉਸਦੀ ਤਿੱਖੀ ਸੂਝ ਤੇ ਪੈਨੀ ਦ੍ਰਿਸ਼ਟੀ ਵਿਸ਼ੇ ਦੇ ਪ੍ਰਾਪਤ ਸਮਾਜਿਕ ਸੰਦਰਭਾਂ ਦੇ ਓਪਰੀ ਭਾਵੁਕ ਪੇਤਲੇਪਨ ਤੇ ਨਹੀਂ ਵਿਚਰਦੀ ਸਗੋਂ ਵਿਸ਼ੇ ਦੇ ਗਰਭ ਵਿੱਚ ਕਾਰਜ਼ਸੀਲ ਸੂਖ਼ਮ ਸੰਵੇਦਨਾਵਾਂ ਨੂੰ ਆਪਣਾ ਬਿਰਤਾਂਤਕ ਆਧਾਰ ਬਣਾਉਂਦੀ ਹੈ। ਇਸ ਤਰ੍ਹਾਂ ਉਹ ਪ੍ਰਾਪਤ ਸਮਾਜਿਕ ਯਥਾਰਥ ਦਾ ਬਹੁਕੋਂਣੀ ਵਿਸ਼ਲੇਸ਼ਣ ਕਰਦਾ ਹੋਇਆ ਵਿਸ਼ੇ ਪੱਖ ਤੇ ਨਵੀਨਤਾ ਦਾ ਧਾਰਨੀ ਬਣਦਾ ਹੈ। ਇਹ ਉਸਦੇ ਨਿਵੇਕਲੇ ਦ੍ਰਿਸ਼ਟੀਕੋਣ ਸਦਕਾ ਹੀ ਹੈ ਕਿ ਉਸਦੀਆਂ ਕਹਾਣੀਆਂ ਦੇ ਪਾਤਰ ਵੀ ਸਮਾਜਿਕ ਸੰਦਰਭ ਵਿੱਚ ਵਿਚਦਿਆਂ ਹੋਇਆਂ ਪਰੰਪਰਿਕ ਵਿਹਾਰਕ ਜਕੜ ਬੰਦੀਆਂ ਨੂੰ ਤੋੜਦੇ ਹਨ। ਪਵਨ ਮਾਨਵਵਾਦੀ ਦ੍ਰਿਸ਼ਟੀ ਤੋਂ ਕਹਾਣੀਆਂ ਦੀ ਬਿਰਤਾਂਤਕ ਉਸਾਰੀ ਕਰਦਾ ਹੈ। ਪਾਤਰ ਉਸਾਰੀ ਵਿਚ ਵੀ ਉਹ ਅੰਤਰਮਨ ਦੀਆਂ ਸੂਖ਼ਮ ਭਾਵਨਾਵਾਂ ਤੇ ਸੰਵੇਦਨਾਵਾਂ ਨੂੰ ਪਕੜਦਾ ਹੈ। ਪਰਸਪਰ ਵਿਰੋਧੀ ਪਰਿਸਥਿਤੀਆਂ ਵਿੱਚ ਪਾਤਰਾਂ ਦੇ ਧੁਰ ਅੰਦਰ ਲਹਿਕੇ ਉਹਨਾਂ ਦੇ ਵਿਵਹਾਰ ਨੂੰ ਚੇਤੰਨ ਪੱਧਰ ਤੇ ਨਿਰਧਾਰਤ ਕਰਦਾ ਹੈ। ਪਵਨ ਦੀ ਇੱਕ ਹੋਰ ਖ਼ਾਸੀਅਤ ਹੈ ਕਿ ਉਹ ਕਹਾਣੀ ਦੇ ਚਲਦੇ ਬਿਰਤਾਂਤ ਵਿੱਚ ਇੱਕ ਅੱਧ ਅਜਿਹਾ ਵਾਕ ਸਿਰਜਦਾ ਹੈ ਜੋ ਉਸਦੀ ਪ੍ਰੌੜ ਦਾਰਸ਼ਨਿਕ ਸੂਝ ਦਾ ਪ੍ਰਗਟਾਵਾ ਕਰਦਾ ਹੈ। ਜ਼ਿੰਦਗੀ ਦੇ ਵਿਸ਼ਾਲ ਅਨੁਭਵ ਅਤੇ ਗਹਿਨ ਚਿੰਤਨ ਦੀਆਂ ਪ੍ਰਮਾਣ ਹਨ ਇਹ ਉਕਤੀਆਂ। ਵਿਸ਼ੇ-ਵਸਤੂ ਉੱਪਰ ਪਕੜ ਤੇ ਨਿਭਾਅ ਉਸਦੀ ਇਸ ਚਿੰਤਨਸ਼ੀਲ ਦ੍ਰਿਸ਼ਟੀ ਦਾ ਕਲਾਤਮਕ ਪੱਖ ਹਨ।

ਉਸਦੀ ਕਹਾਣੀ '**ਲਾਹੇ ਹੋਏ**' ਦੇ ਬਿਰਤਾਂਤਕ ਉਸਾਰ ਦਾ ਆਧਾਰ ਛੋਟੀ ਕਿਸਾਨੀ ਦੀ ਥੁੜ੍ਹਾਂ ਮਾਰੀ ਜ਼ਿੰਦਗੀ ਦੇ ਸਮਾਜਿਕ ਆਰਥਿਕ ਸਘਰਸ਼ ਅਤੇ ਮਾਨਸਿਕ ਉਤਪੀੜਨਾ ਵਿਚਲਾ ਦਵੰਧ



ਬਣਦਾ ਹੈ। ਆਮਦਨ ਦੀ ਘਾਟ ਕਾਰਨ ਫੌਜੀ ਸੁੱਚਾ ਸਿੰਘ ਦਾ ਪਰਿਵਾਰ ਵਰਤੋਂ ਦੀ ਹਰੇਕ ਵਸਤੂ ਪੁਰਾਣੀ ਵਰਤੀ ਹੋਈ ਸੈਕਿੰਡ ਹੈਂਡ ਲੈਣ ਲਈ ਮਜਬੂਰ ਹੈ। ਮੀਤਾਂ ਦੇ ਮਨ ਅੰਦਰ ਬੜੀ ਖ਼ਾਹਿਸ਼ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਕੁਝ ਤਾਂ ਨਵਾਂ, ਅਣਲੱਗ ਹੰਢਾਏ। ਸਹੁਰੇ ਘਰ ਨੂੰ ਲੈ ਕੇ ਉਸਦੇ ਮਨ ਵਿੱਚ ਬੜਾ ਚਾਅ ਹੈ। ਪਰ ਉਸਦੇ ਚਾਵਾਂ, ਸੱਧਰਾਂ ਤੇ ਅਲ੍ਹੜ ਜਵਾਨੀ ਨੂੰ ਪਤੀ ਵੀ ਨਵਾਂ ਨਹੀਂ ਮਿਲਦਾ ਸਗੋਂ ਉਹ ਵੀ ਪੁਰਾਣਾ ਵਰਤਿਆ ਹੋਇਆ, ਦੁਹਾਜੂ ਤੇ ਢਲਦੀ ਉਮਰ ਵਾਲਾ ਮਿਲਦਾ ਹੈ। ਇਸ ਤਰ੍ਹਾਂ ਕਹਾਣੀ ਦਾ ਸਿਰਲੇਖ 'ਲਾਹੇ ਹੋਏ' ਪ੍ਰਤੀਕ ਪੱਧਰ ਤੇ ਸਮੁੱਚੀ ਕਹਾਣੀ ਦੇ ਆਰ ਪਾਰ ਫੈਲਿਆ ਹੋਇਆ ਹੈ। ਅਖੀਰ ਵਿੱਚ ਪਵਨ ਪਰੰਪਰਿਕ ਸਮਾਜਿਕ ਜਕੜਬੰਦੀਆਂ ਤੋੜਦਿਆਂ ਹੋਇਆਂ ਮੀਤਾਂ ਦੇ ਰੋਹ ਨੂੰ ਪ੍ਰਗਟ ਕਰਦਾ ਹੈ। ਉਹ ਗਊ ਦੀ ਤਰ੍ਹਾਂ ਸਿਰ ਸੁੱਟ ਕੇ ਜਿਊਣ ਦੀ ਥਾਂ ਵਿਦਰੋਹ ਕਰਦੀ ਹੈ ਤੇ ਆਪਣੇ ਹਾਣੀ ਪੁੱਤਰ 'ਗਿੰਦੇ' ਨਾਲ ਰਹਿਣ ਦਾ ਫੈਸਲਾ ਆਪਣੇ ਅੱਧਖੜ੍ਹ ਅਖੌਤੀ ਪਤੀ ਨੂੰ ਸੁਣਾਉਂਦੀ ਹੈ। ਉਹ ਆਪਣੇ ਸਰੀਰਕ, ਭਾਵੁਕ ਤੇ ਮਾਨਸਿਕ ਹਾਣੀ ਗਿੰਦੇ ਨੂੰ ਪਤੀ ਗਰਦਾਨਦੀ ਹੈ ਤੇ ਗਿੰਦਾ ਵੀ ਸਹਿਮਤੀ ਪ੍ਰਗਟ ਕਰਦਾ ਹੈ। ਪਰੰਪਰਿਕ 'ਲੂਣਾਂ ਪੂਰਨ' ਦੇ ਸਥਾਪਿਤ ਮੌਟਿਫ਼ ਨੂੰ ਨਕਾਰਦਿਆਂ ਇਹ ਪਵਨ ਦੀ ਕਰਾਂਤੀਕਾਰੀ ਸੋਚ ਤੇ ਮਾਨਵੀ ਭਾਵਨਾਵਾਂ ਨੂੰ ਪਹਿਲ ਦੇਣ ਦਾ ਇੱਕ ਪੱਖ ਹੈ।

'**ਭੱਕ ਭੱਕ ਕਰਦੀ ਲਾਲਟੈਨ**' ਅਤ੍ਰਿਪਤ ਖ਼ਾਹਿਸ਼ਾਂ ਦੇ ਭਾਵੁਕ ਵੇਗ ਸਾਹਮਣੇ ਸੰਤੁਲਿਤ ਤੇ ਪ੍ਰੌੜ ਮਾਨਸਿਕਤਾ ਵਿੱਚ ਆਏ ਅੰਸਤੁਲਨ ਦੀ ਗੱਲ ਕਰਦੀ ਹੈ। ਜਿਵੇਂ ਬੁਝਣ ਵੇਲੇ ਲਾਲਟੈਨ ਭਕ ਭਕ ਕਰਕੇ ਵਧ ਜਗਣ ਦਾ ਪ੍ਰਭਾਵ ਸਿਰਜਦੀ ਹੈ ਉਵੇਂ ਹੀ ਅੱਲੜ ਉਮਰੇ ਅਤ੍ਰਿਪਤ ਰਹੀਆਂ ਕਾਮੁਕ ਭਾਵਨਾਵਾਂ ਵੱਡੀ ਉਮਰੇ ਮੁੜ ਮੁੜ ਮਸਤਿਕ ਤੇ ਹਾਵੀ ਹੋਣ ਦੀ ਕੋਸ਼ਿਸ਼ ਕਰਦੀਆਂ ਹਨ। ਕੁੰਠਿਤ ਭਾਵਨਾਵਾਂ ਦੀ ਵੇਗਮਈ ਉਕਸਾਹਟ ਸਤੁੰਲਿਤ ਮਨੁੱਖ ਅੰਦਰ ਵੀ ਕਈ ਪ੍ਰਕਾਰ ਦੀਆਂ ਵਿਸੰਗਤੀਆਂ ਪੈਦਾ ਕਰਦੀ ਹੈ। ਪਵਨ ਇਨ੍ਹਾਂ ਵਿਸੰਗਤੀਆਂ ਅਤੇ ਆਦਰਸ਼ਾਂ ਵਿਚਲੇ ਮਾਨਸਿਕ ਦਵੰਦ ਨੂੰ ਬਖੂਬੀ ਚਿਤਰਦਾ ਹੋਇਆ ਨੈਤਿਕ ਆਦਰਸ਼ਾਂ ਨੂੰ ਸਥਾਪਿਤ ਕਰਦਾ ਹੈ।

'**ਕੀ ਹੁਣ ਚੰਦਰਵੰਸ਼ੀ ਨਹੀਂ ਰਹਿਣਗੇ**' ਕਹਾਣੀ ਵਿਸ਼ੇ ਦੇ ਪੱਖ ਤੋਂ ਨਵੀਨਤਾ ਦੀ ਧਾਰਨੀ ਹੈ। ਕਹਾਣੀ ਨਸ਼ੇ ਵਰਗੇ ਕੋਹੜ ਦੀ ਗੱਲ ਕਰਦੀ ਹੋਈ ਅਜੋਕੀ ਨੌਜਵਾਨ ਪੀੜ੍ਹੀ ਵਿਚ ਪ੍ਰਚੱਲਿਤ ਮੈਡੀਕੇਟਿਡ ਨਸ਼ਿਆਂ ਦਾ ਵੇਰਵਾ ਤਾਂ ਦਿੰਦੀ ਹੈ ਪਰ ਨੌਜਵਾਨ ਪੀੜ੍ਹੀ ਦੀ ਇਸ ਸਮੱਸਿਆ ਨੂੰ ਸਮੁੱਚੇ ਸਮਾਜਿਕ ਕਲੇਵਰ ਵਿਚ ਨਹੀਂ ਚਿਤਰਦੀ। ਨੌਜਵਾਨ ਹੋਰਤਾਸ ਦੀ ਨਪੁੰਸਕਤਾ ਕਾਰਨ ਵੰਸ਼ ਦੇ ਖ਼ਾਤਮੇ ਦੀ ਸਮੱਸਿਆ ਨੂੰ ਸਮੁੱਚੀ ਮਾਨਵਜਾਤੀ ਨਾਲ ਤਾਂ ਜੋੜਦੀ ਹੈ ਪਰ ਇਸ ਤੋਂ ਅੱਗੇ ਨਹੀਂ ਜਾਂਦੀ ਜਦੋਂ ਕਿ ਇਹ ਵਿਸ਼ਾ ਸੰਭਾਵਨਾਵਾਂ ਭਰਪੂਰ ਹੈ ਤੇ ਇਸ ਪੱਖੋ ਸਮਾਜ ਨੂੰ ਸੇਧ ਦੀ ਵੀ ਲੋੜ ਹੈ।

ਅਪਰੇਸ਼ਨ ਬਲਿਊ ਸਟਾਰ ਨੂੰ ਪਿਛੋਕੜ ਵਿਚ ਰੱਖ ਕੇ ਸਿਰਜੀ ਗਈ ਹੈ ਕਹਾਣੀ '**ਬੇਵਕਤੇ ਜ਼ਖ਼ਮ ਦੀ ਤਾਬ**' ਇਸਦਾ ਬਿਰਤਾਂਤਕ ਉਸਾਰ ਵਿਅਕਤੀਗਤ ਹਿੱਤਾਂ ਦੀ ਪੂਰਤੀ ਲਈ ਰਾਜਸੀ ਤਾਕਤਾਂ ਦੀਆਂ ਕੋਝੀਆਂ ਰਾਜਨੀਤਿਕ ਚਾਲਾਂ ਨਾਲ ਆਮ ਮਨੁੱਖ ਦੇ ਘਾਣ ਨੂੰ ਪ੍ਰਮੁੱਖ ਸਰੋਕਾਰ ਮਿੱਥ ਕੇ ਉਸਾਰਿਆ ਗਿਆ ਹੈ। ਪਵਨ ਇਸ ਮਨੁੱਖੀ ਘਾਣ ਵਿਚ ਵਲੂੰਧਰੀ ਗਈ ਆਮ ਸਮਾਜਿਕ ਮਨੁੱਖ ਦੀ ਸੰਵੇਦਨਸ਼ੀਲ ਮਾਨਸਿਕਤਾ ਦੀ ਗੱਲ ਕਰਦਾ ਹੈ।

ਅਜੋਕੇ ਦੌਰ ਵਿਚ ਵਿਸ਼ਵੀਕਰਨ ਦਾ ਵਰਤਾਰਾ ਸੰਸਾਰ ਸਾਹਿਤ ਦਾ ਵਿਆਪਕ ਵਰਤਾਰਾ ਹੈ। ਇਹ ਵਰਤਾਰਾ ਦੇਸ਼ ਕਾਲ ਦੀਆਂ ਹੱਦਾਂ ਤੋਂ ਪਾਰ ਹਰੇਕ ਸਮਾਜ ਉੱਤੇ ਆਪਣਾ ਪ੍ਰਭਾਵ ਪਾ ਰਿਹਾ ਹੈ। ਪੰਜਾਬੀ ਸਾਹਿਤ ਵੀ ਇਸ ਵਰਤਾਰੇ ਅਧੀਨ ਵਾਪਰ ਰਹੀਆਂ ਸਮਾਜਿਕ, ਆਰਥਿਕ ਤੇ

ਸਭਿਆਚਾਰਕ ਤਬਦੀਲੀਆਂ ਨੂੰ ਅਭਿਵਿਅਕਤੀ ਮੂਲਕ ਸੰਵੇਦਨਾਵਾਂ ਤੇ ਪ੍ਰੇਰਨਾਵਾਂ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ। ਪੰਜਾਬੀ ਸਾਹਿਤ ਦੀ ਹਰੇਕ ਵਿਧਾ ਵਿਚ ਹੀ ਇਸਦੇ ਚਿੰਨ੍ਹ ਪਛਾਣੇ ਜਾ ਸਕਦੇ ਹਨ। ਪਵਨ ਵੀ ਅਚੇਤ ਜਾਂ ਸੁਚੇਤ ਗ੍ਰਹਿਣ ਕੀਤੇ ਇਹਨਾਂ ਪ੍ਰਭਾਵਾਂ ਨੂੰ ਆਪਣੀਆਂ ਕਹਾਣੀਆਂ ਵਿਚ ਪ੍ਰਗਟ ਕਰਦਾ ਹੈ।

ਕਹਾਣੀ **'ਇਜ਼ ਤੋਂ ਵਾਜ਼ ਬਣਿਆ ਫ਼ਾਦਰ'** ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਆ ਰਹੀ ਸੱਭਿਆਚਾਰਕ ਤਬਦੀਲੀ ਅਤੇ ਭਾਸ਼ਾਈ ਸਮੱਸਿਆ ਦੀ ਗੱਲ ਕਰਦੀ ਹੈ। ਪਵਨ ਦੀ ਦਾਰਸ਼ਨਿਕ ਸੂਝ ਅਤੇ ਸਮਾਜਿਕ ਚੇਤੰਨਤਾ ਦਾ ਝਲਕਾਰਾ ਮੈਂ ਪਾਤਰ ਦੀਆਂ ਮੂੰਹੋਂ ਅਖਵਾਈਆਂ ਗੱਲਾਂ ਤੋਂ ਮਿਲਦਾ ਹੈ। ਫ਼ਿਲਾਸਫਾਨਾ ਬਿਰਤਾਂਤਕ ਪਸਾਰ ਵਿਚ ਕਿਧਰੇ ਕਿਧਰੇ ਹਲਕੇ ਵਿਅੰਗ ਦੀਆਂ ਚੋਭਾਂ ਵੀ ਹਨ ਜੋ ਅਸਲ ਵਿਚ ਗੰਭੀਰ ਸਮੱਸਿਆਵਾਂ ਵੱਲ ਇਸ਼ਾਰਾ ਹਨ।

**'ਸੀਸ਼ਿਆਂ ਉਹਲੇ'** ਕਹਾਣੀ ਦਾ ਬਿਰਤਾਂਤ ਵੀ ਆ ਰਹੀਆਂ ਤਬਦੀਲੀਆਂ ਦੇ ਪ੍ਰਸੰਗ ਵਿਚ ਹੀ ਉਸਾਰਿਆ ਗਿਆ ਹੈ। ਕਹਾਣੀ ਵਿਚ ਮਾਸੀ ਸਥਾਨਕ ਸਭਿਆਚਾਰ ਵਿਚਲੀਆਂ ਕਦਰਾਂ-ਕੀਮਤਾਂ ਤੇ ਮੋਹ ਪਿਆਰ ਵਾਲੇ ਰਿਸ਼ਤਿਆਂ ਦੀ ਪ੍ਰਤੀਕ ਹੈ। ਪਰ ਭੀਮ ਸੈਨ ਅਜੋਕੇ ਸਮਾਜਿਕ ਮਨੁੱਖ ਦਾ ਪ੍ਰਤੀਕਾਤਮਕ ਰੂਪ ਹੈ ਜੋ ਆਪਣੇ ਦੁਆਲੇ ਕੰਧਾਂ ਉਸਾਰੀ ਜਾ ਰਿਹਾ ਹੈ ਅਤੇ ਆਪਣੇ ਕਰਮਾਂ ਕਾਰਨ ਓਹਲੇ ਵਿਚ ਰਹਿਣਾ ਪਸੰਦ ਕਰਦਾ ਹੈ। ਇਸੇ ਲਈ ਸਾਫ਼ ਅਕਸ ਵਾਲੀ ਮਾਸੀ ਲਈ ਕਾਲੇ ਸ਼ੀਸ਼ੇ ਘਬਰਾਹਟ ਦਾ ਕਾਰਨ ਹਨ ਪਰ ਭੀਮ ਸੈਨ ਲਈ ਸਵੈ-ਸੁਰੱਖਿਆ ਦਾ ਭਰਮ।

**'ਪੌਣੀ ਸਦੀ ਦਾ ਸਫ਼ਰ'** ਸੰਸਾਰੀਕਰਨ ਦੇ ਦੌਰ ਵਿਚ ਦੇਸ਼ ਦੀ ਲੋਕਤੰਤਰੀ ਵਿਵਸਥਾ ਵਿਚਲੇ ਨਿਘਾਰ ਦੇ ਪਾਜ ਉਘੇੜਦੀ ਹੈ। ਦੇਸ਼ ਆਜ਼ਾਦੀ ਦੇ ਪੰਜਾਹ ਸਾਲਾ ਜਸ਼ਨ ਮਨਾ ਰਿਹਾ ਹੈ ਪਰ ਆਮ ਸਾਧਾਰਣ ਮਨੁੱਖ ਨੂੰ ਅਜੇ ਵੀ ਗੁਲਾਮੀ ਦੀ ਜ਼ਿੰਦਗੀ ਜਿਉਣੀ ਪੈ ਰਹੀ ਹੈ। ਇਹ ਇੱਕ ਗੰਭੀਰ ਸਵਾਲ ਹੈ ਜੋ ਇਹ ਕਹਾਣੀ ਪਿੱਛੇ ਛੱਡੇ ਜਾਂਦੀ ਹੈ। ਪਝੱਤਰ ਸਾਲਾ ਬਜੁਰਗ ਸੰਤਾ ਸਿੰਘ ਦੀ ਗੱਲ ਕਿ 'ਮੁਲਕ ਤਾਂ ਸਾਰੇ ਹੀ ਮਹਾਨ ਹੁੰਦੇ ਹੋਣਗੇ' ਇਸ ਤ੍ਰਾਸਦਿਕ ਹਾਲਤ ਤੇ ਤਕੜਾ ਵਿਅੰਗ ਹੈ।

ਕਹਾਣੀ **'ਪਲ ਪਲ ਵਧਦੇ ਕਦਮ'** ਪਵਨ ਦੀ ਚੇਤੰਨ ਯਥਾਰਥਕ ਮਾਨਸਿਕ ਪਹੁੰਚ ਦੀ ਪ੍ਰਤੀਕ ਹੈ। ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਪੱਛਮੀ ਭੋਗਵਾਦੀ ਸਭਿਆਚਾਰ ਦਾ ਗਲਬਾ ਸਥਾਨਕ ਸਭਿਆਚਾਰ ਤੇ ਪੈ ਰਿਹਾ ਹੈ। ਕਹਾਣੀਕਾਰ ਚੇਤੰਨ ਪੱਧਰ ਤੇ ਇਸਦਾ ਖੁਲਾਸਾ 'ਟਿੱਬਿਆਂ ਵਾਲੀ ਤੇਰੇ ਉੱਤੇ ਮਹਾਰਾਜੇ ਦਾ ਕਬਜ਼ਾ ਹੋ ਰਿਹਾ ਹੈ' ਰੂਪ ਵਿਚ ਚਿੰਤਾ ਜਤਾ ਕੇ ਕਰਦਾ ਹੈ। ਇਹ ਕਹਾਣੀ ਇਸ ਸਿਸਟਮ ਵਿਚ ਆਮ ਮਨੁੱਖ ਦੀ ਹੋਣੀ ਦੀ ਗੱਲ ਕਰਦੀ ਹੈ। ਵਿਸ਼ਵੀਕਰਨ ਦੇ ਸਮੁੱਚੇ ਵਰਤਾਰੇ ਨੂੰ ਕਹਾਣੀਕਾਰ ਹੜ੍ਹ ਦੇ ਰੂਪ ਵਿਚ ਚਿਤਰਦਾ ਹੈ। ਜਿਸ ਵਿਚ ਸਾਜੀਆਂ ਨਰੋਈਆਂ ਕਦਰਾਂ ਕੀਮਤਾਂ, ਮਾਨਵਵਾਦੀ ਦ੍ਰਿਸ਼ਟੀਕੋਣ, ਸਭਿਆਚਾਰਕ ਵਿਰਸਾ ਆਦਿ ਵਹਿ ਚੁੱਕੇ ਹਨ।

ਸਮੁੱਚੀਆਂ ਕਹਾਣੀਆਂ ਵਿਚ ਅਜੇਹੇ ਵੇਰਵੇ ਭਰਪੂਰ ਮਾਤਰਾ ਵਿਚ ਮਿਲਦੇ ਹਨ ਜੋ ਬਿਰਤਾਂਤ ਉਪਰ ਸਥਾਨੀਕਰਨ ਦੇ ਪ੍ਰਭਾਵ ਦੇ ਸੂਚਕ ਹਨ। ਕਹਾਣੀਆਂ ਵਿਚ ਆਏ ਪਿੰਡਾਂ ਅਤੇ ਕਸਬਿਆਂ ਦੇ ਨਾਂ, ਸਥਾਨਾਂ, ਵਸਤਾਂ ਆਦਿ ਦੀ ਖੇਤਰੀ ਪਛਾਣ ਦੇ ਚਿੰਨ੍ਹ ਕਹਾਣੀ ਦੇ ਘਟਨਾ ਸਥਲ ਅਤੇ ਕਹਾਣੀਕਾਰ ਦੇ ਅਨੁਭਵ ਖੇਤਰ ਦਾ ਸੰਕੇਤ ਹਨ। ਇਹ ਅਨੁਭਵ ਖੇਤਰ ਮਾਲਵੇ ਦਾ ਵਿਸ਼ੇਸ਼ ਇਲਾਕਾ ਹੈ ਜਿਸਦੀ ਬੋਲੀ ਅਤੇ ਭਾਸ਼ਾ ਦਾ ਪ੍ਰਭਾਵ ਵੀ ਕਹਾਣੀਕਾਰ ਦੀ ਰਚਨਾ ਦ੍ਰਿਸ਼ਟੀ ਉਪਰ ਦਿਖਾਈ ਦਿੰਦਾ ਹੈ। ਇਹ ਕਹਾਣੀਆਂ ਖੇਤਰੀ ਅਨੁਭਵਾਂ ਤੋਂ ਪ੍ਰੇਰਣਾ ਗ੍ਰਹਿਣ ਕਰਦੀਆਂ ਹੋਈਆਂ ਸੰਸਾਰਕ ਪੱਧਰ ਤੇ ਮਾਨਵੀ ਸਰੋਕਾਰਾਂ ਨਾਲ ਜੂਝਦੀਆਂ ਹਨ। ✪



# ਹਾਸ਼ੀਏ ਤੋਂ ਪਾਰ ਵਿਚਰਦੀਆਂ ਧਿਰਾਂ ਦਾ ਪ੍ਰਵਚਨ 'ਬਿੱਲੀਆਂ ਅੱਖਾਂ ਦਾ ਜਾਦੂ' / -ਡਾ.ਪਰਗਟ ਸਿੰਘ




ਇੱਕੀਵੀਂ ਸਦੀ ਦੇ ਪਹਿਲੇ ਡੇਢ ਦਹਾਕੇ ਦੀ ਪੰਜਾਬੀ ਕਹਾਣੀ ਬੌਧਿਕ, ਚੇਤੰਨ ਅਤੇ ਪ੍ਰਤੀਬੱਧ ਪਾਠਕਾਂ ਦੇ ਨਾਲ ਨਾਲ ਆਮ ਪਾਠਕ ਵਰਗ ਦਾ ਧਿਆਨ ਵੀ ਆਕਰਸ਼ਤ ਕਰ ਰਹੀ ਹੈ। ਸਮਕਾਲ ਦੀ ਪੰਜਾਬੀ ਕਹਾਣੀ ਆਪਣੇ ਬਿਰਤਾਂਤਕ, ਥੀਮਕ ਅਤੇ ਭਾਸ਼ਾਈ ਪਹਿਲੂਆਂ ਦੇ ਨਾਲ-ਨਾਲ ਸੰਚਾਰੀ ਜੁਗਤਾਂ ਪੱਖੋਂ ਵੀ ਨਵੇਂ ਕਥਾ-ਬਿੰਬ ਸਿਰਜ ਰਹੀ ਹੈ। ਜਿਸ ਤਰ੍ਹਾਂ ਸਮਾਜਕ ਯਥਾਰਥ ਜਟਿਲਤਾ ਵੱਲ ਵੱਧ ਰਿਹਾ ਹੈ, ਉਸ ਨਾਲ ਮਾਨਵੀ ਹੋਂਦ ਤਣਾਓ ਗ੍ਰਸਤ ਹੁੰਦੀ ਜਾ ਰਹੀ ਹੈ। ਜੀਵਨ ਵਿਚ ਜਟਿਲਤਾਵਾਂ, ਦੁਬਿਧਾਵਾਂ ਦੀ ਭਰਮਾਰ ਵੱਧਦੀ ਜਾ ਰਹੀ ਹੈ। ਸਮਕਾਲੀ ਪੰਜਾਬੀ ਕਹਾਣੀ ਪੰਜਾਬੀ ਸਮਾਜ ਦੇ ਗੁੰਝਲਦਾਰ ਜੀਵਨ ਯਥਾਰਥ ਤੇ ਮਨੁੱਖ ਦੇ ਹਾਸ਼ੀਆਗਤ ਸੰਦਰਭਾਂ ਨੂੰ ਨਵੀਆਂ ਬਿਰਤਾਂਤ ਦ੍ਰਿਸ਼ਟੀਆਂ ਤੇ ਜੁਗਤਾਂ ਤੋਂ ਪੇਸ਼ ਕਰ ਰਹੀ ਹੈ।

ਸਮਕਾਲੀ ਪੰਜਾਬੀ ਕਹਾਣੀ ਨੂੰ ਬਦਲੇ ਸਮਾਜਕ ਯਥਾਰਥ ਦੇ ਵਰ ਮੇਚਦਾ ਰੱਖਣ ਲਈ ਕਈ ਕਥਾ ਸਿਰਜਕਾਂ ਦਾ ਅਹਿਮ ਯੋਗਦਾਨ ਹੈ। ਇਹਨਾਂ ਕਹਾਣੀਕਾਰਾਂ ਨੇ ਵੱਥ ਤੇ ਕੱਥ ਦੋਵਾਂ ਪੱਖਾਂ ਤੋਂ ਹੀ ਨਵੇਂ ਆਯਾਮ ਸਿਰਜੇ ਹਨ। ਇਹਨਾਂ ਕਹਾਣੀਕਾਰਾਂ ਵਿਚੋਂ ਇਕ ਉਭਰਦਾ ਨਾਂ ਜਸਵੀਰ ਸਿੰਘ ਰਾਣਾ ਹੈ। ਇਹ ਉਸ ਦਾ ਨਵਾਂ ਕਹਾਣੀ ਸੰਗ੍ਰਹਿ ਹੈ। ਰਾਣਾ ਕਿਸੇ ਵਿਸ਼ੇਸ਼ ਵਿਚਾਰਧਾਰਾ ਜਾਂ ਵਾਦ ਦੀ ਸਿਧਾਂਤਕ ਕੱਟੜਤਾ ਤੋਂ ਰਹਿਣ ਆਪਣੀਆਂ ਕਹਾਣੀਆਂ ਦਾ ਧੁਰਾ ਹਿਜੜੇ, ਬੌਨੇ, ਤਮਾਸ਼ਾ ਕਰਨ ਵਾਲੇ ਜਾਦੂਗਰ, ਭਿਖਾਰੀ, ਸੰਚਾਰ ਸਾਧਨਾਂ ਵਿਚ ਫਸ ਕੇ ਪਰੰਪਰਾਂ ਨਾਲੋਂ ਟੁੱਟੇ ਲੋਕਾਂ ਤੇ ਵਿਵਰਜਿਤ ਰਿਸ਼ਤਿਆਂ ਬਾਰੇ ਨਿਸੰਗ ਹੋ ਕੇ ਗੱਲਾਂ ਕਰਨ ਵਾਲਿਆਂ ਨੂੰ ਬਣਾਉਂਦਾ ਹੈ। ਉਪਰੋਕਤ ਹਾਸ਼ੀਏ ਤੋਂ ਪਰ੍ਹਾਂ ਧੱਕ ਦਿੱਤੇ ਗਏ ਇਹਨਾਂ ਪਾਤਰਾਂ ਦੇ ਅਵਚੇਤਨੀ ਸਰੋਕਾਰ ਉਸ ਦੀ ਕਹਾਣੀ ਦਾ ਕੇਂਦਰੀ ਮਰਕਜ਼ ਬਣਦੇ ਹਨ।

**'ਬਿੱਲੀਆਂ ਅੱਖਾਂ ਦਾ ਜਾਦੂ''** ਕਹਾਣੀ ਸੰਗ੍ਰਹਿ ਵਿਚ ਲੇਖਕ ਦੀਆਂ ਪੰਜ ਵੱਡ ਅਕਾਰੀ ਕਹਾਣੀਆਂ ਸ਼ਾਮਿਲ ਹਨ। ਇਹ ਕਹਾਣੀਆਂ ਸਮਕਾਲੀ ਵਸਤੂ ਯਥਾਰਥ ਦੇ ਬਹੁ ਭਾਂਤੇ ਕਥਾ ਬਿੰਬ ਹਨ। ਜਿਹਨਾਂ ਦੁਆਰਾ ਲੇਖਕ ਨੇ ਵਰਤਮਾਨ ਦੌਰ ਦੇ ਵਿਡੰਬਨਾ ਮੁਖੀ ਮਨੁੱਖੀ ਜੀਵਨ ਦੇ ਕਈ ਪਹਿਲੂ ਪੇਸ਼ ਕੀਤੇ ਹਨ। ਇਸ ਕਹਾਣੀ ਸੰਗ੍ਰਹਿ ਦੀ ਪ੍ਰਥਮ ਕਹਾਣੀ 'ਪੱਟ ਦੇ ਵਾਹੀ ਮੋਰਨੀ' ਵਿਚ ਔਰਤ ਜਾਂ ਮਰਦ ਸੰਬੰਧਾਂ ਦੀ ਨਵੀਂ ਵਿਆਕਰਣ ਦਾ ਇਕ ਨਵਾਂ ਪਾਸਾਰ ਉਭਰਦਾ ਹੈ। ਕਹਾਣੀ ਵਿਚ ਔਰਤ ਜਾਂ ਮਰਦ ਦੀ ਕਾਮ ਇੱਛਾ ਤੇ ਸਮਾਜਕ ਦਮਨ ਦੇ ਦਵੰਦ ਵਾਲੀ ਕਥਾ ਸਿਰਜਣਾ ਹੀ ਨਹੀਂ ਹੋਈ ਸਗੋਂ ਦੋਵੇਂ ਧਿਰਾਂ ਦੁਆਰਾ ਵਿਆਹ ਬਾਹਰੇ ਸਬੰਧ ਹੰਢਾਉਂਦੇ ਸਮੇਂ ਆਪੋ ਆਪਣੇ

ਸੱਚ ਪੇਸ਼ ਕਰਨਾ ਇਸ ਕਹਾਣੀ ਦਾ ਇਜ਼ਾਫ਼ਾ ਹੈ। ਕਹਾਣੀ ਦੀ ਪ੍ਰਾਪਤੀ ਕਾਮ ਦੇ ਮਸਲੇ ਤੱਕ ਸੀਮਤ ਨਾ ਹੋ ਕੇ ਮਾਨਸਿਕ ਸੰਤੁਸ਼ਟੀ ਨੂੰ ਵਿਭਿੰਨ ਕੋਣਾਂ ਤੋਂ ਦੇਖਣ ਵਿਚ ਨਿਹਤ ਹੈ। ਕਹਾਣੀ ਦਾ ਰਚਨਾ ਪਾਸਾਰ ਪਾਤਰਾਂ ਦੇ ਬਾਹਰੀ ਸੰਸਾਰ ਨਾਲੋਂ ਅੰਦਰੂਨੀ ਸੰਸਾਰ ਦੀ ਪੇਸ਼ਕਾਰੀ ਨਾਲ ਜੁੜਿਆ ਹੋਇਆ ਹੈ। ਵੈਸੇ ਤਾਂ ਸਮਕਾਲੀ ਪੰਜਾਬੀ ਕਹਾਣੀ ਨੇ ਪੰਜਾਬੀ ਸਮਾਜ ਸਭਿਆਚਾਰ ਵਿਚ ਵਰਜ਼ਿਤ ਕਹਾਉਂਦੇ ਮੁੱਲਾਂ, ਕਦਰਾਂ-ਕੀਮਤਾਂ, ਨੈਤਿਕ ਪ੍ਰਤਿਮਾਨਾਂ ਤੇ ਮਨਾਹੀਆਂ ਨੂੰ ਸੁਚੇਤ ਰੂਪ ਵਿਚ ਕਥਾ ਸੰਵਾਦ ਦਾ ਹਿੱਸਾ ਬਣਾਇਆ ਹੈ ਪਰ ਮਾਂ, ਬਾਪ ਤੇ ਪੁੱਤ ਆਪਸ ਵਿਚ 'ਇਸ਼ਕ ਸੰਬੰਧਾਂ' ਸਬੰਧੀ ਚਰਚਾ ਕਰਨ ਟੁੱਟ ਰਹੀਆਂ ਵਰਜਣਾਵਾਂ ਦਾ ਇਕ ਨਵਾਂ ਪਾਸਾਰ ਹੈ।

ਇਸ਼ਕ, ਮੁਹੱਬਤ, ਵਫ਼ਾ, ਬੇ-ਵਫ਼ਾ ਰੂਹਾਨੀ ਤੇ ਜਿਸਮਾਨੀ ਭੁੱਖਾਂ, ਤੇਹਾਂ ਮਨੁੱਖੀ ਅਵਚੇਤਨ ਵਿਚ ਇਸ ਕਦਰ ਸਮਾਏ ਹੋਏ ਹਨ ਕਿ ਇਹਨਾਂ ਦੀ ਥਾਹ ਪਾਉਣਾ ਨਾ ਮੁਮਕਿਨ ਹੈ। ਕੁਝ ਅਜਿਹੀਆਂ ਹੀ ਭਾਵਨਾਵਾਂ ਕਹਾਣੀ ਵਿਚਲੇ ਮੈਂ ਪਾਤਰ ਤੇ ਉਸ ਦੇ ਬਾਪੂ ਵਿਚ ਸਮਾਈਆਂ ਹੋਈਆਂ ਹਨ। ਸਾਡੇ ਸਮਾਜਕ ਸਿਸਟਮ ਦੀ ਨੀਂਹ ਵਿਆਹ ਪ੍ਰਬੰਧ ਨੂੰ ਮੰਨਿਆ ਜਾਂਦਾ ਹੈ ਪਰ ਇਹ ਪ੍ਰਬੰਧ ਵੀ ਮਨੁੱਖ ਦੀ ਮਾਨਸਿਕ ਤ੍ਰਿਪਤੀ ਨਹੀਂ ਕਰ ਪਾ ਰਿਹਾ। ਕਹਾਣੀ ਵਿਚਲੇ ਬਾਪੂ ਦਾ ਮਾਂ ਪ੍ਰਤੀ ਬੇਰੁੱਖੀ ਦਾ ਕਾਰਨ ਉਸਦਾ ਜਵਾਨੀ ਵੇਲੇ ਦਾ ਸੁਪਨਾ ਲਾਲੀ (ਮੋਰਨੀ) ਦਾ ਸਥਾਈ ਸਰੀਰਕ ਤੇ ਮਾਨਸਿਕ ਸਾਥ ਨਾ ਮਿਲਣਾ ਹੈ। ਅਜਿਹੇ ਹਾਲਾਤਾਂ ਵਿਚ ਵਿਆਹ ਸੰਬੰਧ ਭਾਵੇਂ ਅਸਥਾਈ ਤੌਰ ਤੇ ਤਾਂ ਮਾਨਸਿਕ ਖਲਾਅ ਭਰ ਦਿੰਦੇ ਹਨ। ਪ੍ਰੰਤੂ ਅਜਿਹੇ ਰਿਸ਼ਤਿਆਂ ਵਿਚ ਵੀ ਕਈ ਵਾਰ ਸ਼ੱਕ ਦੀ ਗੁੰਜ਼ਾਇਸ ਆਉਣ ਨਾਲ ਇਹ ਰਿਸ਼ਤੇ ਹੋਰ ਜ਼ਿਆਦਾ ਤਿੜਕ ਜਾਂਦੇ ਹਨ, "ਨਾਲੇ ਤੇਰੀ ਮਾਂ ਨੇ!... ਨਾਲੇ ਇਸ ਘਰ ਨੇ!... ਮੈਨੂੰ ਦਿੱਤਾ ਈ ਕੀ ਐ!... ਮੈਂ ਤਾਂ ਜਿਹ ਜਿਆ ਆਇਆ ਸੀ!... ਇਕ ਦਿਨ ਉਹਾ ਜਿਹਾ ਈ ਭਰਿਆ -ਭਰਾਇਆ ਚਲਿਆ ਜਾਣਾ...!" ਪੰਨਾ-19 ਇਕੱਲਾ ਬਾਪ ਹੀ ਰਿਸ਼ਤਿਆਂ ਦੀ ਸਾਂਝ ਤੋਂ ਅਸੰਤੁਸ਼ਟ ਨਹੀਂ ਸਗੋਂ ਮਾਂ ਵੀ ਕੁਝ ਅਜਿਹੀ ਹੀ ਸੋਚ ਦੀ ਧਾਰਣੀ ਹੈ,"ਜਿੱਦਣ ਦੀ ਇਹਦੇ ਘਰ ਆਈ ਆ! ਇਕ ਦਿਨ ਵੀ ਸੁੱਖ ਦਾ ਨੀ ਦੇਖਿਆ... ਕੋਈ ਰਾਇ ਨੀ!... ਕੋਈ ਪਿਆਰ ਦੀ ਗੱਲ ਨੀਂ!... ਇਹਦੇ ਤਾਂ ਸਾਰੀ ਉਮਰ ਇਸ਼ਨੇ ਬਿਸ਼ਨੇ ਈ ਲੋਟ ਨੀ ਆਏ...!" ਪੰਨਾ-18

ਕਹਾਣੀ ਦੋ ਮਸਲਿਆਂ ਤੇ ਫੋਕਸ ਕਰਦੀ ਹੈ। ਇਕ ਪੱਖ ਇੱਕ ਦੂਜੇ ਪ੍ਰਤੀ ਸ਼ੱਕ ਦੀ ਭਾਵਨਾ ਕਾਰਨ ਪੈਦਾ ਹੋਇਆ ਮਾਨਸਿਕ ਕਲੇਸ਼ ਹੈ। ਦੂਜਾ ਵਿਆਹ ਤੋਂ ਬਾਅਦ ਵਿਆਹ ਬਾਹਰੇ ਵਰਜ਼ਿਤ ਸੰਬੰਧ ਸਿਰਜਣ ਦੀ ਇੱਛਾ। ਬਾਪੂ ਜਿੱਥੇ ਆਪਣੀ ਪਤਨੀ ਦੇ ਆਪਣੇ ਭਰਾ ਜੰਗ ਨਾਲ ਰਿਸ਼ਤਿਆਂ ਨੂੰ ਲੈ ਕੇ ਪਰੇਸ਼ਾਨ ਹੈ ਉਥੇ ਮਾਂ ਬਾਪੂ ਦੇ ਲਾਲੀ ਨਾਲ ਸੰਜੋਏ ਰਿਸ਼ਤਿਆਂ ਤੋਂ ਪਰੇਸ਼ਾਨ ਹੈ। ਅਜਿਹੇ ਹਲਾਤਾਂ ਵਿਚ ਵੀ ਸਾਡਾ ਸਮਾਜਕ ਸਿਸਟਮ ਕਈ ਵਾਰ ਅਜਿਹੇ ਰਿਸ਼ਤਿਆਂ ਪ੍ਰਤੀ ਜਾਣਦਾ ਹੋਇਆ ਵੀ ਇਹਨਾਂ ਨੂੰ ਮੂਕ ਸਹਿਮਤੀ ਦਿੰਦਾ ਪ੍ਰਤੀਤ ਹੁੰਦਾ ਹੈ। ਜਿਵੇਂ ਮਾਂ ਸਭ ਕੁਝ ਜਾਣਦੀ ਹੋਈ ਵੀ ਵਿਰੋਧ ਤਾਂ ਕਰਦੀ ਹੈ ਪਰ ਫਿਰ ਵੀ ਬਾਪ ਪ੍ਰਤੀ ਲਗਾਅ ਮਹਿਸੂਸ ਕਰਦੀ ਹੈ। ਪੱਟ ਤੇ ਵਾਹੀ ਮੋਰਨੀ ਸੰਕੇਤਕ ਤੌਰ ਤੇ ਬਾਪ ਦੇ ਕਿਸੇ ਔਰਤ ਨਾਲ ਪ੍ਰੇਮਿਕ ਸੰਬੰਧਾਂ ਦੀ ਯਾਦ ਹੈ। ਉਥੇ ਮਾਂ ਦੇ ਹੱਥ ਤੇ ਮੋਰ ਵਾਹਿਆ ਹੋਣਾ ਵੀ ਇਸੇ ਤਰ੍ਹਾਂ ਦੇ ਰਿਸ਼ਤਿਆਂ ਵੱਲ ਸੰਕੇਤ ਕਰਦਾ ਹੈ। ਕਹਾਣੀ ਦੀ ਮੂਲ ਚੂਲ ਪਰੰਪਰਾਮੁਖੀ ਸਮਾਜਕ ਰਿਸ਼ਤਾ ਨਾਤਾ ਪ੍ਰਬੰਧ ਦੀ ਬਦਲਦੀ ਵਿਆਕਰਨ ਕਾਰਨ ਉਪਜੀਆਂ ਮਨੋ ਗੁੰਝਲਾਂ ਤੇ ਸੰਸਕ੍ਰਿਤ ਮੁੱਲਾਂ ਦੇ ਵਿਰੋਧ ਨੂੰ ਸਿਰਜਣਾ ਹੈ।

ਹਾਸ਼ੀਏ ਤੋਂ ਪਾਰ ਵਿਚਰਦੇ ਲੋਕਾਂ ਦੀਆਂ ਮਾਨਸਿਕ, ਸਰੀਰਕ, ਦੁਸ਼ਵਾਰੀਆਂ ਅਤੇ ਉਹਨਾਂ



ਦੇ ਵਿਭਿੰਨ ਮਾਨਸਿਕ ਧਰਾਤਲਾਂ ਨੂੰ ਵਿਭਿੰਨ ਕੋਣਾਂ ਤੋਂ ਫਰੋਲਣਾ ਜਸਵੀਰ ਸਿੰਘ ਰਾਣੇ ਦੀ ਕਹਾਣੀ ਦੀ ਪ੍ਰਾਪਤੀ ਹੈ। ਪੰਜਾਬੀ ਕਹਾਣੀ ਸਾਹਿਤ ਦੇ ਇਤਿਹਾਸ ਵਿਚ ਔਰਤ ਮਰਦ ਦੇ ਚੇਤਨੀ, ਅਰਧ ਚੇਤਨੀ ਅਤੇ ਅਵਚੇਤਨੀ ਪਹਿਲੂਆਂ ਦੀਆਂ ਅਨੇਕਾਂ ਪਰਤਾਂ ਨੂੰ ਤਾਂ ਘੋਖਿਆ ਗਿਆ ਹੈ ਪਰ ਹਿਜੜੇ (ਕਿੰਨਰਾਂ) ਦੇ ਜੀਵਨ ਬਾਰੇ ਪੰਜਾਬੀ ਸਾਹਿਤ ਖਾਸ ਤੌਰ ਤੇ ਕਹਾਣੀ ਸਾਹਿਤ ਵਿਚ ਕੁੱਝ ਗਿਣਵੀਆਂ ਚੁਣਵੀਆਂ ਕਹਾਣੀਆਂ ਦਾ ਹੀ ਜ਼ਿਕਰ ਕੀਤਾ ਜਾ ਸਕਦਾ ਹੈ। 'ਘੁੰਗਰੂ ਕਥਾ' ਕਹਾਣੀ ਹਿਜੜੇ ਲੋਕਾਂ ਦੇ ਜੀਵਨ ਨਾਲ ਸੰਬੰਧਤ ਜਿੱਥੇ ਕਈ ਮਨਘੜਤ ਮਿੱਥਾਂ ਨੂੰ ਤੋੜਦੀ ਹੈ ਉਥੇ ਇਸ ਵਰਗ ਦੇ ਲੋਕਾਂ ਦੀਆਂ ਸੰਵੇਦਨਾਵਾਂ, ਦੁਸ਼ਵਾਰੀਆਂ, ਮਾਨਸਿਕ ਸਮੱਸਿਆਵਾਂ ਅਤੇ ਸਾਡੇ ਸਮਾਜ ਦੇ ਲੋਕਾਂ ਦਾ ਇਹਨਾਂ ਪ੍ਰਤੀ ਹਮੇਸ਼ਾ ਨਾ ਪੱਖੀ ਰਵੱਈਏ ਨੂੰ ਉਜਾਗਰ ਕਰਦੀ ਹੈ, ਜੈਲੇ ਵਰਗੇ ਕਿਰਦਾਰ 'ਨਚਾਰ' ਹੋਣ ਦੇ ਲੇਬਲ ਤੋਂ ਮੁਕਤ ਹੋਣਾ ਲੋਚਦੇ ਹਨ ਪਰ ਸਾਡਾ ਸਮਾਜਕ ਸਿਸਟਮ ਇਸ ਵਰਗ ਪ੍ਰਤੀ ਤੰਗਦਿਲੀ ਵਾਲਾ ਨਜ਼ਰੀਆ ਰੱਖਦਾ ਹੈ। ਉਹ ਇਸ ਗੱਲ ਦਾ ਵਾਰ ਵਾਰ ਅਹਿਸਾਸ ਕਰਵਾਉਂਦੇ ਹਨ ਕਿ ਤੁਸੀਂ ਹਿਜੜੇ ਹੋ। ਸਰਪੰਚ ਦੇ ਨਿਮਨ ਲਿਖਤ ਬੋਲ ਸਾਡੇ ਸਮਾਜਕ ਸੱਚ ਦੀ ਗਵਾਹੀ ਭਰਦੇ ਹਨ-

"ਤੁਸੀਂ ਨਾ ਬੰਦੇ ਓ ਨਾ ਤੀਮੀਆਂ... ਨਾ ਤਿੰਨ 'ਚ ਓ ਨਾ ਤੇਰਾਂ ਚ !... ਘਰ ਦਰ ਥੋਡਾ ਨੀ!... ਮੰਗ ਕੇ ਖਾਨੇ ਓ!... ਨਵੀਂ ਓ ਗੱਲ! ... ਅਖੇ ਥਾਂ ਦਿਵਾ ਦੇ!... ਕੱਲ੍ਹ ਨੂੰ ਕਹੋਗੇ ਸਾਡੇ ਨਾਲ ਆਪਣੇ ਮੁੰਡੇ-ਕੁੜੀਆਂ ਵਿਆਹ ਦੇ...! ਪੰਨਾ-42

ਸਮਾਜ ਦਾ ਇਕ ਅੰਗ ਹੋ ਕੇ ਵੀ ਮੁੱਖ ਧਾਰਾ ਤੋਂ ਵਿਹੂਣੇ ਸੰਤਾਪ ਹੰਢਾਉਂਦੇ ਇਹ ਲੋਕ ਧੁਰ ਅੰਦਰੋਂ ਬੋਲਾਂ (ਜ਼ੁਬਾਨ) ਦੇ ਫੱਟ ਦਾ ਸ਼ਿਕਾਰ ਹੋਏ ਮਾਨਸਿਕ ਸੰਤਾਪ ਭੋਗਦੇ ਹਨ। ਭਾਵੇਂ ਅਜੋਕੇ ਦੌਰ ਵਿਚ ਸਰਕਾਰ ਨੇ ਇਹਨਾਂ ਲੋਕਾਂ ਨੂੰ ਸਮਾਜਕ ਅਹਿਮੀਅਤ (ਬਰਾਬਰਤਾ) ਦੇਣ ਦੇ ਯਤਨ ਸ਼ੁਰੂ ਕੀਤੇ ਹਨ ਪਰ ਅਹਿਮ ਸਵਾਲ ਇਹ ਹੈ ਕਿ ਸਰਕਾਰੀ ਯਤਨਾਂ ਦੇ ਬਾਵਜੂਦ ਕੀ ਸਾਡਾ ਸਮਾਜ ਇਹਨਾਂ ਲੋਕਾਂ ਦਾ ਬਣਦਾ ਮਾਣ-ਸਤਿਕਾਰ ਦੇ ਕੇ ਇਹਨਾ ਨੂੰ ਕਬੂਲ ਕਰੇਗਾ।

ਜਸਵੀਰ ਰਾਣਾ ਦੇ ਕਥਾ ਪ੍ਰਬੰਧ ਵਿਚ ਸਮਕਾਲੀ ਦੌਰ ਦੀਆਂ ਤੇਜ਼ ਤਰਾਰ ਤਬਦੀਲੀਆਂ ਤੋਂ ਉਪਜੇ ਸੰਕਟ ਨੂੰ ਭਰਵੀਂ ਸਪੇਸ ਮਿਲਦੀ ਹੈ, ਤਕਨਾਲੌਜੀ ਤੇ ਸੂਚਨਾ ਸੰਚਾਰ ਦੇ ਅਥਰੇ ਵੇਗ ਕਾਰਨ ਪੰਜਾਬੀ ਬੰਦੇ ਦੀ ਸੰਵੇਦਨਾ ਜਿਹਨਾਂ ਸੰਕਟਾ ਦੇ ਮਨੁਮੁੱਖ ਹੈ। ਰਾਣੇ ਦੀ ਕਹਾਣੀ ਉਸ ਨੂੰ ਮੁਖ਼ਾਤਿਬ ਹੈ। ਜਿਹੜੇ ਸੰਚਾਰ ਦੇ ਸਾਧਨਾਂ ਨੇ ਪੰਜਾਬੀ ਸਮਾਜ ਨੂੰ ਤੇਜ਼ ਤਰਾਰ ਖੋਰੂ ਪਾਊ ਤਬਦੀਲੀ ਦੇ ਸਨਮੁੱਖ ਖੜ੍ਹਾ ਕਰ ਦਿੱਤਾ ਹੈ, ਉਸ ਨੇ ਪੰਜਾਬੀ ਭਾਈਚਾਰੇ ਦੀਆਂ ਸਾਂਝਾ ਨੂੰ ਤਾਂ ਖਤਮ ਕੀਤਾ ਹੀ ਹੈ ਸਗੋਂ ਇਸ ਵਰਗ ਦੇ ਲੋਕਾਂ ਦੀ ਉਸਾਰੂ ਤੇ ਸਿਰਜਣਾਤਮਕ ਸੋਚ ਨੂੰ ਵੀ ਆਪਣੇ ਵਹਿਣ ਦੇ ਮੁੱਖ ਮੋੜ ਲਿਆ ਹੈ। ਕਹਾਣੀ ਦੇ ਕ੍ਰਾਂਤੀ ਵਰਗੇ ਪਾਤਰ ਵੀ ਇਸ ਸੂਚਨਾ ਕ੍ਰਾਂਤੀ ਦੀ ਗ੍ਰਿਫ਼ਤ 'ਚ ਆਏ ਆਪਣੇ ਮੂਲ ਖਾਸੇ ਤੋਂ ਭਟਕ ਜਾਂਦੇ ਹਨ। ਜਸਵੀਰ ਦੀ ਕਹਾਣੀ ਦੀ ਪ੍ਰਾਪਤੀ ਇਹ ਹੈ ਕਿ ਉਹ ਅਜਿਹੇ ਹਲਾਤਾਂ ਵਿਚ ਸੰਘਰਸ਼ਸ਼ੀਲ ਪਾਤਰਾਂ ਨੂੰ ਚਿਤਰਦਾ ਹੈ ਜੋ ਮਨੁੱਖ ਵਿਰੋਧੀ ਪ੍ਰਬੰਧ ਤੋਂ ਨਾਬਰ ਹਨ, ਗੀਤ ਵਰਗੀ ਪਾਤਰ ਸੰਘਰਸ਼ ਦੇ ਜੀਵਨ ਮੁੱਲਾਂ ਤੋਂ ਬੇ ਮੁੱਖ ਹੋ ਚੁੱਕੇ ਕ੍ਰਾਂਤੀ ਵਰਗੇ ਲੋਕਾਂ ਦਾ ਮੁਹਾਣ ਮੋੜਨਾ ਚਾਹੁੰਦੀ ਹੈ। ਉਸ ਦੀ ਸੋਚ ਉਪਰ ਉਸ ਦਾ ਪਿਆਰ ਭਾਰੂ ਨਾ ਪੈ ਕੇ ਉਸ ਦੀ ਵਿਚਾਰਧਾਰਕ ਸੋਚ ਪ੍ਰਭਾਵ ਸ਼ਾਲੀ ਰਹਿੰਦੀ ਹੈ। ਉਸ ਦੀ ਸੋਚ ਦੀ ਪ੍ਰਤੀਧੁਨੀ ਇੰਝ ਸੁਣਾਈ ਦਿੰਦੀ ਹੈ, "ਕੁਝ ਲੋਕਾਂ ਦੀ ਰੂਹ ਵਿਚ ਅਜੇ ਵੀ ਮੱਸਾ ਰੰਗੜ ਤੇ ਔਰੰਗਜ਼ੇਬ ਵਸਦਾ ਹੈ। ਮੈਂ ਉਨ੍ਹਾਂ ਲੋਕਾਂ ਦੇ ਖਿਲਾਫ਼ 'ਜ਼ਫ਼ਰਨਾਮਾ' ਲਿਖਣਾ ਚਾਹੁੰਦੀ ਹਾਂ।" ਪੰਨਾ-106

ਕਹਾਣੀ ਦੀ ਅਹਿਮ ਪਰਤ ਸਾਡੇ ਆਧੁਨਿਕ ਕਹੇ ਜਾਂਦੇ ਸਮਾਜ ਵਿਚ ਸੂਚਨਾ ਕ੍ਰਾਂਤੀ ਨੇ ਜੋ ਘੁਸਪੈਠ ਕੀਤੀ ਹੈ। ਉਸ ਦੇ ਨਾ ਮੁਖੀ ਵਰਤਾਰੇ ਨੂੰ ਸਾਹਮਣੇ ਲਿਆਉਣਾ ਹੈ। ਇਸ ਸੂਚਨਾ ਕ੍ਰਾਂਤੀ ਨੇ ਮਨੁੱਖ ਤੋਂ ਉਸ ਦੀ ਸਹਿਜਤਾ ਖੋਹ ਉਸ ਦੇ ਪੈਰੀਂ ਚੱਕਰ ਪਾ ਦਿੱਤਾ ਹੈ। ਅਸਲ ਵਿਚ ਬੰਦੇ ’ਚੋਂ ਬੰਦਾ ਗੈਰ ਹਾਜ਼ਰ ਹੋ ਗਿਆ ਹੈ। ਖਤਾਂ ਦੀ ਥਾਂ ਮੋਬਾਇਲ , ਈ. ਮੇਲ ਆਦਿ ਦੇ ਵਰਤਾਰੇ ਨੇ ਮਨੁੱਖ ਦੀ ਸਿਰਜਣਾ ਖਤਮ ਕਰ ਦਿੱਤੀ ਹੈ। ਇਸ ਦਾ ਅਸਰ ਇਕਹਰਾ ਨਾ ਹੋ ਕੇ ਬਹੁ ਪਾਸਾਰੀ ਹੈ। ਸੂਚਨਾ ਕ੍ਰਾਂਤੀ ਨੇ ਸਾਡੇ ਰਿਸ਼ਤਾ ਪ੍ਰਬੰਧ ਦੀ ਪੂਰੀ ਵਿਆਕਰਣ ਹੀ ਹਿਲਾ ਕੇ ਰੱਖ ਦਿੱਤੀ ਹੈ। ਬੇ ਭਰੋਸਗੀ ਦੇ ਇਸ ਆਲਮ ਵਿਚ ਵਿਅਕਤੀ ਦੀ ਪਹਿਚਾਣ ਸਮੇਂ ਦੀ ਧੂੜ ’ਚ ਗੁਆਚ ਗਈ ਪ੍ਰਤੀਤ ਹੁੰਦੀ ਹੈ। ਕੌਣ ਕਿਸ ਦਾ ਦੋਸਤ, ਰਿਸ਼ਤੇਦਾਰ, ਸਾਂਝੀ ਹੈ, ਇਹ ਪਤਾ ਕਰਨਾ ਮੁਸ਼ਕਿਲ ਹੀ ਨਹੀਂ ਨਾ ਮੁਮਕਿਨ ਹੋ ਗਿਆ ਹੈ। ਕ੍ਰਾਂਤੀ ਦਾ ਫਿੱਕੀ, ਸੱਤੀ ਮੈਂਟਲ, ਰਾਸ਼ੀ ਅਤੇ ਅਨੇਕਾਂ ਕੁੜੀਆਂ ਨਾਲ ਜੋ ਰਿਸ਼ਤਾ ਹੈ। ਉਸਦਾ ਕੋਈ ਨਾਮ ਨਹੀਂ।

ਸੂਚਨਾ ਕ੍ਰਾਂਤੀ ਨੂੰ ਗਿਆਨ ਅਤੇ ਜ਼ਿੰਦਗੀ ਇਨਜੁਆਏ ਕਰਨ ਦੇ ਨਵੇਂ ਤਰੀਕੇ ਵਜੋਂ ਵੀ ਪ੍ਰਚਾਰਿਤ ਕੀਤਾ ਜਾ ਰਿਹਾ ਹੈ। ਇਸ ਸਾਰੇ ਵਰਤਾਰੇ ਦੇ ਧੁੰਦਲਕਾ ਮਈ ਮਾਹੌਲ ਵਿਚ ਅਜੇ ਵੀ ਆਸ ਕੀ ਕਿਰਨ ਬਾਕੀ ਹੈ। ਜਿਵੇਂ ਕਹਾਣੀ ਵਿੱਚ ਗੀਤ ਤੇ ਪੱਪੀ ਵਰਗੇ ਨੌਜਵਾਨ ਇਸ ਸੂਚਨਾ ਕ੍ਰਾਂਤੀ ਦੀ ਅੰਦਰੂਨੀ ਪਰਤਾਂ ਦੀ ਸਹੀ ਪਹਿਚਾਣ ਕਰ ਪਾਉਂਦੇ ਹਨ, “ਇਹ ਸਾਨੂੰ ਮਾਨਸਿਕ ਤੌਰ ਤੇ ਨਿਪੁੰਸਕ ਬਨਾਉਣ ਦਾ ਨਵਾਂ ਤਰੀਕਾ ਹੈ। ਕਾਲਜ ਦੀ ਸਟੇਜ ਉਪਰ ਪੰਜਾਬੀ ਨੌਜਵਾਨ ਸਭਾ ਦਾ ਪ੍ਰਧਾਨ ਪੱਪੀ ਦੀ ਦਹਾੜ ਗੂੰਜੀ” ਪੰਨਾ 95 ਸੂਚਨਾ ਕ੍ਰਾਂਤੀ ਦੇ ਨਾਂ ਤੇ ਸਾਨੂੰ ਸਰੀਰਕ, ਮਾਨਸਿਕ ਤੇ ਜ਼ਿਹਨੀ ਤੌਰ ਤੇ ਖੱਸੀ ਕਰਣ ਦੀ ਜੋ ਚਾਲ ਚੱਲੀ ਜਾ ਰਹੀ ਹੈ। ਉਸ ਦੇ ਪਿੱਛੇ ਸਟੇਟ ਦੀ ਇਕ ਗੁੱਝੀ ਸਾਜ਼ਿਸ ਹੈ ਜੋ ਲੋਕਾਂ ਨੂੰ ਗਿਆਨ ਵਿਹੁਣੇ ਰੱਖਕੇ ਆਪਣਾ ਮਨ ਮਰਜ਼ੀ ਦਾ ਪ੍ਰਬੰਧ ਚਲਾਉਣਾ ਚਾਹੁੰਦੀ ਹੈ। ਅਜੋਕੇ ਸਿਸਟਮ ਵਿਚ ਗਿਆਨ ਦੇ ਨਾਂ ਤੇ ਆਦਮੀ ਨੂੰ ਬੌਧਿਕ ਤੌਰ ਤੇ ਨਿਗੂਣਾ ਕਰ ਫੋਨ, ਮੋਬਾਇਲ, ਮੈਸ਼ਜ਼, ਮੇਲ, ਨੈੱਟ, ਕੰਪਿਊਟਰ, ਲੈਪਟਾਪ ਤੇ ਫੇਸ ਬੁੱਕ ਦੇ ਚੱਕਰ ’ਚ ਫਸਾ ਸਟੇਟ ਦੇ ਗੁਲਾਮ ਤੱਕ ਬਣਾ ਦਿੱਤਾ ਹੈ, ਤਾਂ ਜੋ ਉਹ ਵਿਰੋਧ ਨਾ ਕਰ ਸਕੇ। ਇਸ ਦੇ ਲਈ ਇਕ ਚਾਲ ਚੱਲੀ ਜਾ ਰਹੀ ਹੈ ਜਿਸ ਬਾਰੇ ਅਸੀਂ ਗਿਆਨ ਹੀਣ ਹਾਂ।

“ਜਿਸ ਦੇ ਦਿਮਾਗ ਵਿਚ ਐਂਟੀ ਸਟੇਟ ਵਾਇਰਸ ਪੈਦਾ ਹੋ ਜਾਂਦਾ ਹੈ!... ਉਹ ਪੱਪੀ ਤੇ ਗੀਤ ਵਾਂਗ ਗਾਇਬ ਕਰ ਦਿੱਤਾ ਜਾਂਦਾ ਹੈ। ਇਨਕਲਾਬ ਖਤਮ!... ਗਦਰ ਫੇਲ... । ਪੰਨਾ-123

ਇਸ ਕਹਾਣੀ ਦਾ ਮੂਲ ਮਕਸਦ ਜੁਝਾਰੂ ਤਾਸੀਰ ਤੇ ਨਾਬਰ ਚੇਤਨਾ ਵਾਲੇ ਪੰਜਾਬੀ ਲੋਕਾਂ ਨੂੰ ਵਰਤਮਾਨ ਸਮੇਂ ਵਿਚ ਦਰਪੇਸ਼ ਚੁਣੌਤੀਆਂ ਦਾ ਪ੍ਰਵਚਨ ਉਸਾਰਨਾ ਹੈ। ਇਹ ਚੁਣੌਤੀਆਂ ਪੰਜਾਬੀ ਸਮਾਜ ਵਿਚ ਤੇਜ਼ ਤਰਾਰ ਤਬਦੀਲੀਆਂ ਦੇ ਕਾਰਨ, ਸੂਚਨਾ ਕ੍ਰਾਂਤੀ, ਰਿਸ਼ਤਿਆਂ, ਕਦਰਾਂ-ਕੀਮਤਾਂ, ਸਾਂਝਾ ਤੇ ਜੀਵਨ ਆਦਰਸ਼ਾ ਦਾ ਨਿਘਾਰ, ਸਵਾਰਥ ਤੇ ਟੁੱਟ ਭੱਜ ਆਦਿ ਦੇ ਰੂਪ ਵਿਚ ਪੇਸ਼ ਹੋ ਰਹੀਆਂ ਹਨ। ਅਸਲ ਵਿਚ ਲੇਖਕ ਉਸ ਵਿਵਸਥਾ ਤੋਂ ਪਰਦਾ ਚੁੱਕ ਦਿੰਦਾ ਹੈ, ਜਿਹੜੀ ਸਮਕਾਲ ਦੇ ਅਖੌਤੀ ਵਿਕਾਸ ਯੁੱਗ ਦੀ ਦਾਅਵੇਦਾਰ ਹੈ।

**‘ਬਿੱਲੀਆਂ ਅੱਖਾਂ ਦਾ ਜਾਦੂ’** ਕਹਾਣੀ ਵਿਚ ਲੇਖਕ ਨੇ ਅਣਦਿਸਦੇ ਤੇ ਅਣਗੌਲੇ ਵਰਤ-ਵਰਤਾਰਿਆਂ ਨੂੰ ਬੌਧਿਕ ਗਹਿਰਾਈ ਤੋਂ ਰੌਚਿਕ ਕਥਾ ਰਸ ਦੁਆਰਾ ਰੂਪਮਾਨ ਕੀਤਾ ਹੈ। ਮੰਗ ਖਾਂਦੇ, ਗੰਦਗੀ ਦੇ ਢੇਰ ਫਰੋਲਦੇ, ਮੈਰਿਜ਼ ਪੈਲਿਸਾਂ ਵਿਚ ਜੂਠ ਖਾਣ ਲਈ ਯਤਨ ਕਰਦੇ, ਗਟਰ, ਪਾਇਪਾਂ ਵਿਚ ਰਹਿੰਦੇ ਪਾਤਰ **‘ਬਿੱਲੀਆਂ ਅੱਖਾਂ ਦਾ ਜਾਦੂ’** ਕਹਾਣੀ ਦੇ ਅਹਿਮ ਪਾਤਰ ਹਨ। ਇਹ ਸਾਰੇ



ਹੀ ਪਾਤਰ ਸਾਡੇ ਅਖੌਤੀ ਸੁਚੱਜੇ ਸਮਾਜ ਪ੍ਰਬੰਧ ਉਪਰ ਪ੍ਰਸ਼ਨ ਚਿੰਨ ਲਾਉਂਦੇ ਹਨ। ਕਹਾਣੀ ਉਹਨਾਂ ਲੋਕਾਂ ਦੀ ਬਾਤ ਪਾਉਂਦੀ ਹੈ। ਜਿਹਨਾਂ ਲਈ ਜ਼ਿੰਦਗੀ ਜਿਉਣ ਦਾ ਮਕਸਦ ਸਿਰਫ ਰੋਟੀ ਦਾ ਜੁਗਾੜ ਹੈ। ਇਸ ਜੁਗਾੜ ਲਈ ਜ਼ਿੰਦਗੀ ਦਾਅ ਤੇ ਲਾਅ ਦੇਣਾ ਇਸ ਵਰਗ ਦੀ ਹੋਣੀ ਹੋ ਨਿਬੜਦਾ ਹੈ।

ਜਸਵੀਰ ਸਿੰਘ ਦੀ ਕਹਾਣੀ ਦਾ ਇਕ ਅਹਿਮ ਕੇਂਦਰ ਬਿੰਦੂ ਹਾਸ਼ੀਏ ਤੋਂ ਪਾਰ ਦਮਨ ਭੋਗਦੀਆਂ ਧਿਰਾਂ ਨੂੰ ਬੋਲ ਦੇਣ ਦਾ ਯਤਨ ਵੀ ਹੈ। ਯਥਾਰਥ ਦਾ ਇਕ ਨਵਾਂ ਰੂਪ ਉਸ ਦੀ ਕਹਾਣੀ ਦੀ ਘਾੜਤ ਹੋ ਨਿਬੜਦਾ ਹੈ, ਜਿਸ ਵਿਚ ਬਾਹਰੀ ਯਥਾਰਥ ਨਾਲੋਂ ਅੰਦਰੂਨੀ ਤੇ ਢੱਕੇ ਯਥਾਰਥ ਨੂੰ ਰੂਪਮਾਨ ਕੀਤਾ ਗਿਆ ਹੈ। ‘ਮਜ਼ਾਕ ਦੀ ਹੱਦ ਨਹੀਂ ਹੁੰਦੀ’ ਆਪਣੇ ਆਪ ਵਿਚ ਨਿਵੇਕਲੇ ਵਿਸ਼ੇ ਦੀ ਧਾਰਨੀ ਕਹਾਣੀ ਹੈ। ਕਹਾਣੀਕਾਰ ਨੇ ਬੌਨੇ ਕੱਦ ਦੇ ਮਰਦ ਤੇ ਔਰਤਾਂ ਦੀ ਸਮਾਜ ਵਿਚਲੀ ਥਾਂ ਅਤੇ ਇਹਨਾਂ ਲੋਕਾਂ ਦੀਆਂ ਸਮਾਜਕ, ਮਾਨਸਿਕ ਪ੍ਰੇਸ਼ਾਨੀਆਂ ਦਾ ਬਹੁਤ ਹੀ ਦਿਲ ਨੂੰ ਹਲੂਣ ਵਾਲਾ ਬਰੀਕਬੀਨੀ ਅਹਿਸਾਸ ਚਿਤਰਿਆ ਗਿਆ ਹੈ।

“ਬੰਦੇ ਦਾ ਕੱਦ ਸਰੀਰ ਨਾਲ ਨਹੀਂ... ਉਹਦੇ ਕੰਮਾਂ ਤੇ ਸੋਚ ਨਾਲ ਬਣਦਾ ਹੈ।” ਪੰਨਾ-145

ਉਪਰੋਕਤ ਕਥਨ ਸੱਚ ਹੁੰਦਾ ਵੀ ਸੱਚ ਨਹੀਂ ਹੁੰਦਾ ਕਿਉਂਕਿ ਸਾਡਾ ਸਮਾਜ ਅਜਿਹੀਆਂ ਗੱਲਾਂ ਤਾਂ ਕਰਦਾ ਹੈ ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਸਾਹਮਣੇ ਆਉਂਦੀ ਹੈ। ਸਾਡੇ ਲੋਕ ਇਹਨਾਂ ਬੌਨੇ ਲੋਕਾਂ ਪ੍ਰਤੀ ਕਿਹੋ ਜਿਹਾ ਵਿਵਹਾਰ ਕਰਦੇ ਹਨ। ਉਸ ਦੇ ਕਈ ਉੱਤਮ ਨਮੂਨੇ ਕਹਾਣੀ ’ਚ ਸਾਕਾਰ ਹੁੰਦੇ ਹਨ। ਜਦੋਂ ਮੈਂ ਪਾਤਰ ਬਾਪੂ ਰਾਹੀਂ ਪ੍ਰਧਾਨ ਜੀ ਨੂੰ ਨਗਰ ਕੀਰਤਨ ’ਚ ਸਿੰਘ ਸੱਜਣ ਦੀ ਇੱਛਾ ਜ਼ਾਹਿਰ ਕਰਦਾ ਹੈ, ਉਸ ਸਮੇਂ ਪ੍ਰਧਾਨ ਦੇ ਨਿਮਨ ਲਿਖਤ ਬੋਲ ਉਸ ਦੀ ਨਾਕਾਰਤਮਕ ਸੋਚ ਦੀ ਗਵਾਹੀ ਭਰਦੇ ਹਨ, “ਕੀ ਕਿਹੈ!.. ਤੂੰ ਪੰਜ ਪਿਆਰਿਆਂ ’ਚ ਸਿੰਘ ਸਜਣੈ! ... ਕਿੱਥੇ ਐਨੇ ਲੰਬੇ ਜਵਾਬ!... ਕਿੱਥੇ ਤੂੰ ਐਡਾ ਕੁ...।” ਪੰਨਾ-144

ਨਿੰਦੀ ਜੋਕਰ, ਮੈਂ ਪਾਤਰ, ਬੰਟੀ, ਦਾਸੀ ਦੀ ਕੁੜੀ ਸਭ ਦੀ ਹੋਣੀ ਸਮਾਜ ਦੁਆਰਾ ਇਕੋ ਜਿਹੀ ਨਿਰਧਾਰਿਤ ਕਰ ਦਿੱਤੀ ਜਾਂਦੀ ਹੈ। ਸਮਾਜ ਦੇ ਇਸ ਅੰਗ ਨੂੰ ਲੋਕ ਤ੍ਰਿਸਕਾਰ ਦੀ ਭਾਵਨਾ ਨਾਲ ਦੇਖਦੇ ਹੀ ਨਹੀਂ ਸਗੋਂ ਵਿਵਹਾਰ ਵੀ ਅਜਿਹਾ ਕਰਦੇ ਹਨ। ਬੌਨੇ ਕੱਦ ਦੇ ਬੰਟੀ ਮਗਰ ਜਦੋਂ ਅਵਾਰਾ ਕੁੱਤੇ ਪੈ ਜਾਂਦੇ ਹਨ ਤਾਂ ਲੋਕਾਂ ਦੁਆਰਾ ਉਸ ਨੂੰ ਬਚਾਉਣ ਦੀ ਬਜਾਏ ਮੋਬਾਇਲ ਤੇ ਉਸਦੀ ਫਿਲਮ ਬਣਾਈ ਜਾਂਦੀ ਹੈ। ਇਨਸਾਨੀਅਤ ਦਾ ਅਜਿਹਾ ਕਰੂਰ ਚਿਹਰਾ ਦੇਖਣ ਨੂੰ ਮਿਲਦਾ ਹੈ ਜੋ ਪਹਿਲੀ ਨਜ਼ਰੇ ਜ਼ਹਿਨ ’ਚ ਪਚਦਾ ਦਿਖਾਈ ਨਹੀਂ ਦਿੰਦਾ ਪਰ ਨਿਮਨ ਲਿਖਤ ਵੇਰਵੇ ਇਸ ਪਹਿਲੂ ਦੀ ਗਵਾਹੀ ਭਰਦੇ ਹਨ,“ਬਚਾਓ! ਬਚਾਓ!...।” ਕੁੱਤਿਆਂ ਵਿਚ ਘਿਰਿਆ ਬੰਟੀ ਰੋਣ ਲੱਗ ਪਿਆ ਹੈ... ਕੁੱਤੇ ਉਹਦੇ ਪਿੱਛੇ ਭੱਜ ਲਏ ਹਨ। ...ਉਸਦੀਆਂ ਚੀਕਾਂ ਸੁਣ ਦੂਰ ਖੜ੍ਹੀ ਭੀੜ ਵਿਚ ਹਲਚਲ ਹੋਈ ਹੈ। ਇੱਕ ਬੰਦਾ ਨਜ਼ਦੀਕ ਆਇਆ ਹੈ। ਉਹਦੇ ਹੱਥ ਵਿਚ ਮੋਬਾਇਲ ਹੈ। ‘ਇਕ ਮਿੰਟ! ... ਇਕ ਮਿੰਟ... ।” ਉਹ ਬੰਟੀ ਨੂੰ ਬਚਾਉਣ ਦੀ ਥਾਂ ਉਹਦੀ ਮੌਤ ਦੇ ਪਲਾਂ ਦੀ ਫਿਲਮ ਬਨਾਉਣ ਲੱਗ ਪਿਆ ਹੈ। ਹੱਥ ਵਿਚ ਮੋਬਾਇਲ ਫੜੀਂ ਉਹ ਘੁੰਮ ਰਿਹਾ ਹੈ। ਕੁੱਤੇ ਬੰਟੀ ਨੂੰ ਖਾ ਰਹੇ ਹਨ। ਉਹ ਮਰ ਰਿਹਾ ਹੈ।” ਪੰਨਾ-149

ਕੱਦ-ਕਾਠ, ਰੰਗ ਰੂਪ ਨੂੰ ਸੁੰਦਰਤਾ ਦਾ ਮਾਪਦੰਡ ਤਹਿ ਕਰਨ ’ਚ ਅਜੋਕਾ ਮੀਡੀਆ ਵੀ ਅਹਿਮ ਯੋਗਦਾਨ ਪਾ ਰਿਹਾ ਹੈ। ਉਹ ਹੀ ਲੰਬੇ ਕੱਦ ਨੂੰ ਤਵੱਜੋ ਦੇ ਬੌਨੇ ਕੱਦ ਪ੍ਰਤੀ ਤ੍ਰਿਸ਼ਕਾਰਤ (ਮਜ਼ਾਕੀਆਂ) ਨਜ਼ਰੀਆ ਪੇਸ਼ ਕਰ ਰਿਹਾ ਹੈ। ਖਾਸ ਤੌਰ ਤੇ ਸਾਡੇ ਸਮਾਜ ’ਚ ਜੇਕਰ ਔਰਤ ਬੌਨੇ

ਕੱਦ ਦੀ ਹੋਵੇ ਤਾਂ ਉਸਨੂੰ ਹੋਰ ਵੀ ਜ਼ਿਆਦਾ ਮਾਨਸਿਕ ਤੇ ਸਮਾਜਕ ਤੌਰ ਤੇ ਤ੍ਰਿਸਕਾਰਿਆ ਜਾਂਦਾ ਹੈ, ਉਸ ਨੂੰ ਕਈ ਅਪਸ਼ਬਦਾਂ ਨਾਲ ਸੰਬੋਧਨ ਕਰ ਉਸ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ।

"ਜਦੋਂ ਮੈਂ ਪੇਕੇ ਘਰ ਸੀ, ਮਾਂ ਬਾਪ ਤੇ ਭੈਣ ਭਰਾਵਾਂ ਨੇ ਇਕ ਨਹੀਂ ਸੁਣੀ। ਜਦੋਂ ਸਿੱਪੀ ਦੇ ਘਰ ਆਈ। ਇਹ ਪਹਿਲਾਂ ਤਾਂ ਮੈਨੂੰ 'ਬਰਬੀ ਡੌਲ' ਆਖਦਾ ਹੁੰਦਾ ਸੀ। ਪਰ ਰੌਮੀ ਦੇ ਜਨਮ ਤੋਂ ਬਾਅਦ ਬੌਨੀ ਕਹਿਣ ਲੱਗ ਪਿਆ। ਗਾਲ੍ਹਾ ਕੱਢਣ ਲੱਗ ਪਿਆ। ਫਿਰ ਮਾਰਨ ਕੁੱਟਣ ਲੱਗ ਪਿਆ।" ਪੰਨਾ-126

ਅਜਿਹੇ ਹਾਲਾਤਾਂ ਵਿਚ ਬੌਨੇ ਲੋਕ ਕਈ ਵਾਰ ਤਾਂ ਮਾਨਸਿਕ ਦੁਸ਼ਵਾਰੀਆਂ 'ਚ ਫਸੇ ਆਪਣੇ ਆਪ ਨੂੰ 'ਇਨਫੀਰੀਅਟ ਕੰਪਲੈਕਸ' 'ਚ ਫਸਾ ਕਈ ਅਲਾਮਤਾਂ ਦਾ ਸ਼ਿਕਾਰ ਹੋ ਜਾਂਦੇ ਹਨ। ਪਰ ਕਈ ਵਾਰ ਵਿਰੋਧ ਜਤਾਉਂਦੇ ਬਦਲਾ ਲਊ ਪ੍ਰਵਿਰਤੀ ਦਾ ਰੂਪ ਵੀ ਧਾਰਨ ਕਰ ਲੈਂਦਾ ਹਨ।

"ਸਾਡਾ ਕਮਰਾ... ਸਿੱਪੀ... ਮੈਂ... ਖ਼ੂਨ... ਤੇ ਇੱਕ ਲੰਬੀ ਚੀਕ...! ਉਸ ਰਾਤ ਉਹ ਮੇਰੇ ਨਾਲ ਰੇਪ ਕਰਨ ਲੱਗਿਆ। ਮੈਂ ਜ਼ਹਿਰ ਦਾ ਘੁੱਟ ਭਰ ਸਿਰਹਾਣੇ ਹੇਠਾਂ ਰੱਖਿਆ ਚਾਕੂ ਕੱਢ ਲਿਆ। ...ਮੈਂ ਉਹਦਾ ਉਹ ਅੰਗ ਬੌਨਾ ਕਰ ਦਿੱਤਾ ਸੀ, ਜਿਸ ਨਾਲ ਬੰਦਾ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਦਾ ਹੈ।" ਪੰਨਾ-132

ਜਸਵੀਰ ਸਿੰਘ ਰਾਣਾ ਆਪਣੇ ਕਥਾ-ਸੰਸਾਰ ਲਈ ਵਿਸ਼ੇ ਹੀ ਵਿਕਲੋਤਰੇ ਨਹੀਂ ਲੈਂਦਾ। ਉਸ ਦੀ ਕਥਾ ਸ਼ੈਲੀ ਵੀ ਵਿਲੱਖਣ ਰੰਗ ਦੀ ਹੈ। ਉਹ ਸਮਾਜਕ ਸੱਚ ਨੂੰ ਗਲਪੀ ਸੱਚ ਵਿਚ ਢਾਲਣ ਲਈ ਉੱਤਮ ਪੁਰਖੀ ਕਥਾ ਵਿਧੀ, ਪਿੱਛਲਝਾਤੀ ਪ੍ਰਸੰਗਾਂ ਮੁਹਾਵਰਿਆਂ ਤੇ ਨਾਟਕੀ ਅੰਸ਼ਾਂ ਨਾਲ ਬਿਰਤਾਂਤਕ ਚਾਲ ਨੂੰ ਰੌਚਿਕ ਬਣਾਈ ਰੱਖਦਾ ਹੈ। ਕਹਾਣੀ ਅਕਾਰ ਅਤੇ ਮਿਆਰ ਪੱਖੋਂ ਬੱਝਵਾ ਪ੍ਰਭਾਵ ਪਾਉਂਦੀ ਕਿਤੇ ਵੀ ਪਾਠਕ ਨੂੰ ਭਟਕਣ ਜਾਂ ਖਲਾਅ 'ਚ ਨਹੀਂ ਛੱਡਦੀ ਸਗੋਂ ਨਿਰੰਤਰ ਆਪਣੇ ਨਾਲ ਜੋੜੀ ਰੱਖਦੀ ਹੈ। ਜਸਵੀਰ ਦੇ ਸਮੁੱਚੇ ਕਹਾਣੀ ਸੰਗ੍ਰਹਿ ਦੀ ਇਹ ਪ੍ਰਾਪਤੀ ਹੈ ਕਿ ਉਸ ਨੇ ਉਸ ਵਰਗ ਦੇ ਲੋਕਾਂ ਦੀ ਮਾਨਸਿਕਤਾ ਦਾ ਚਿਤਰਣ ਕੀਤਾ ਹੈ, ਜਿਸ ਨੂੰ ਅਸੀਂ ਸਹਿਜੇ ਹੀ ਅਣਗੌਲਿਆ ਕਰ ਦਿੰਦੇ ਹਾਂ। ਇਹਨਾਂ ਵਰਗਾਂ ਦੇ ਲੋਕਾਂ ਦੀਆਂ ਖਵਾਹਿਸ਼ਾਂ, ਇੱਛਾਵਾਂ, ਸੁਪਨੇ ਕਿਸ ਕਦਰ ਸਮੇਂ ਦੀ ਚਾਲ ਵਿਚ ਦਫ਼ਨ ਹੁੰਦੇ ਹਨ। ਉਸ ਦਾ ਉਤਮ ਨਮੂਨਾ ਹਨ ਇਹ ਕਹਾਣੀਆਂ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਪੰਜਾਬੀ ਕਹਾਣੀ ਵਿਚ ਜਸਵੀਰ ਸਿੰਘ ਰਾਣਾ ਦਾ ਮੁਕਾਮ ਉਸਦੀ ਵਿਲੱਖਣ ਕਥਾ ਪ੍ਰਬੰਧ ਤੇ ਕਥਾ ਸ਼ੈਲੀ ਵਿਚ ਨਿਹਤ ਹੈ। ਰਾਣਾ ਆਪਣੀ ਕਥਾਕਾਰੀ ਵਿਚ ਖਾਸ ਵਰਗ ਜਾਂ ਵਿਚਾਰਧਾਰਾ ਦੀ ਬਜਾਏ ਹਾਸ਼ੀਆਗਤ ਧਿਰਾਂ ਦੇ ਵਿਭਿੰਨ ਮਾਨਸਿਕ ਧਰਾਤਲਾਂ ਦਾ ਚਿਤੇਰਾ ਹੋ ਨਿਬੜਦਾ ਹੈ। ਉਸ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਪੰਜਾਬੀ ਕਹਾਣੀ ਨੂੰ ਵੱਖਰੀ ਦਸ਼ਾ ਤੇ ਦਿਸ਼ਾ ਪ੍ਰਦਾਨ ਕਰਨ ਵਾਲਾ ਕਥਾਕਾਰ ਹੈ। ਬੌਧਿਕ ਤੇ ਜਗਿਆਸੂ ਕਿਸਮ ਦੀ ਬਿਰਤੀ ਵਾਲੇ ਇਸ ਕਹਾਣੀਕਾਰ ਤੋਂ ਸਮਾਜ ਦੇ ਅਨੇਕਾਂ ਹੋਰ ਅਣਗੌਲੇ ਵਰਗਾਂ ਤੇ ਪਾਤਰਾਂ ਬਾਰੇ ਕਥਾ ਰਚਨਾ ਦੀ ਆਸ ਨਾਲ...। ✪



## ਜਾਤੀ ਪੀੜਾ ਦਾ ਰੁਦਨ ਕੁਵੇਲੇ ਤੁਰਿਆ ਪਾਂਧੀ -ਡਾ. ਅੰਮ੍ਰਿਤਪਾਲ ਕੌਰ




ਪੰਜਾਬੀ ਕਹਾਣੀ ਦੇ ਖੇਤਰ ਵਿਚ ਜਿਹੜੇ ਕਹਾਣੀਕਾਰ ਆਪਣੀ ਕਥਾ ਸੰਵੇਦਨਾ ਦੀ ਨਿਸ਼ਚਿਤ ਅਤੇ ਵੱਖਰੀ ਪਹਿਚਾਣ ਬਣਾਉਣ ਦੇ ਸਮਰੱਥ ਹੋ ਸਕੇ ਹਨ, ਉਹਨਾਂ ਵਿਚੋਂ ਭਗਵੰਤ ਰਸੂਲਪੁਰੀ ਦਾ ਨਾਂ ਸਹਿਜੇ ਹੀ ਸ਼ਾਮਿਲ ਹੈ। 'ਚਾਨਣ ਦੀ ਲੀਕ', 'ਮੈਂ ਸ਼ੈਤਾਨ ਤੇ ਇੰਦੂਮਣੀ', 'ਤੀਜਾ ਨੇਤਰ', 'ਮਰਨ ਰੁੱਤ' ਤੇ 'ਕੁਵੇਲੇ ਤੁਰਿਆ ਪਾਂਧੀ' ਵਿੱਚੋਂ ਉੱਭਰਦੇ ਮਸਲੇ ਅਤੇ ਸਰੋਕਾਰ ਏਨੇ ਸਪੱਸ਼ਟ ਅਤੇ ਪਰਪੱਕ ਜ਼ਰੂਰ ਹਨ ਕਿ ਉਸਦੀ ਸਾਹਿਤ ਸੰਵੇਦਨਾ ਦੀ ਨਿਸ਼ਾਨਦੇਹੀ ਕਰ ਸਕਣ।

ਰਸੂਲਪੁਰੀ ਦੀ ਕਹਾਣੀ ਕਲਾ ਜਿਨ੍ਹਾਂ ਮਸਲਿਆਂ ਨੂੰ ਪ੍ਰਤੱਖਦੀ ਹੈ ਨਜਿੱਠਦੀ ਹੋਈ ਆਪਣੇ ਨੈਣ ਨਕਸ਼ ਨਿਖਾਰਦੀ ਹੈ, ਉਨ੍ਹਾਂ ਦਾ ਸਬੰਧ ਸਾਡੀ ਜਮਾਤੀ ਸਮਾਜਿਕ ਬਣਤਰ ਨਾਲ ਹੈ। ਸਮਾਜਿਕ ਯਥਾਰਥ, ਜਮਾਤੀ ਚੇਤਨਾ ਜਾਂ ਵਰਗ ਸੰਘਰਸ਼ ਵਰਗੇ ਮੁੱਦੇ ਭਾਵੇਂ ਪੰਜਾਬੀ ਕਹਾਣੀ ਦੇ ਮੁੱਢੋਂ ਹੀ ਅੰਗ ਸੰਗ ਰਹੇ ਹਨ ਪਰ ਯਥਾਰਥ ਦੇ ਸਥਿਰ, ਵਰਗ ਸੰਘਰਸ਼ ਦੀ ਨਿਸ਼ਚਿਤ ਪ੍ਰਤਿਮਾਨਕ ਪੇਸ਼ਕਾਰੀ ਤੋਂ ਉਤਾਂਹ ਉੱਠ ਕੇ ਇਸ ਕਰੂਰ ਯਥਾਰਥ ਦਾ ਇਕ ਜੀਵੰਤ ਬਿੰਬ ਸਿਰਜਣ ਦੀ ਸਮਰੱਥਾ ਬਹੁਤ ਘੱਟ ਗਲਪਕਾਰਾਂ ਦਾ ਹਾਸਲ ਬਣੀ ਹੈ। ਇਸ ਹਾਸਲ ਬਦੌਲਤ ਰਸੂਲਪੁਰੀ ਇਕ ਸਫ਼ਲ ਕਹਾਣੀਕਾਰ ਹੈ।

ਇਥੇ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ 'ਕੁਵੇਲੇ ਤੁਰਿਆ ਪਾਂਧੀ' ਨੂੰ ਵਿਸ਼ਲੇਸ਼ਣ ਦਾ ਆਧਾਰ ਬਣਾ ਕੇ ਉਸਦੀ ਕਹਾਣੀ ਦੇ ਸਿਰਜਣਾ ਸਰੋਤ ਜਾਤੀ-ਜਮਾਤੀ ਹਉਮੈਂ ਵਾਲੇ ਭਾਰਤੀ ਸਮਾਜ ਵਿਚ ਆਰਥਿਕ ਪੱਖੋਂ ਹੀਣਾ ਹੋਣ ਕਰਕੇ ਅਮਾਨਵੀ ਸੰਤਾਪ ਭੋਗ ਰਹੇ ਦਲਿਤ ਵਰਗ ਦੀ ਡਰੀ ਬੈਠੀ ਮਾਨਸਿਕਤਾ ਨੂੰ ਬਿਆਨਿਆ ਗਿਆ ਹੈ। ਉਸਦੀ ਕਹਾਣੀ ਪੰਜਾਬ ਦੇ ਪਿੰਡਾਂ ਦੀਆਂ ਠੱਠੀਆਂ ਵਿਚ ਵੱਸਦੇ ਕੰਮੀ ਕਮੀਣਾਂ ਦੇ ਦੁੱਖਾਂ ਦਰਦਾਂ, ਫਿਕਰਾਂ, ਵਿਗੋਚਿਆਂ, ਮਸਲਿਆਂ ਅਤੇ ਜ਼ਿਲਤਾਂ ਦੀਆਂ ਬਾਤਾਂ ਪਾਉਂਦੀ ਹੈ। ਵਿੱਤੋਂ ਬਾਹਰੀ ਮੁਸ਼ੱਕਤ ਕਰਦੇ ਪਰ ਫਿਰ ਵੀ ਢਿੱਡੋਂ ਭੁੱਖੇ ਰਹਿੰਦੇ, ਢਹਿੰਦੇ ਕੋਠਿਆਂ ਵਿਚ ਬੀਮਾਰਾਂ, ਡੰਗਰਾਂ ਨਾਲ ਦਰਗੁਜ਼ਰ ਕਰਦੇ, ਨਿੱਤ ਜ਼ਲੀਲ ਹੁੰਦੇ ਇਸ ਵਰਗ ਦੇ ਅਨੇਕ ਵੇਰਵੇ ਉਸ ਦੀਆਂ ਕਹਾਣੀਆਂ ਦਾ ਤਾਣਾ ਪੇਟਾ ਸਿਰਜਦੇ ਹਨ। ਢਿੱਡ ਦੀ ਭੁੱਖ ਨਾਲ ਛਟਪਟਾਉਂਦੇ ਇਸ ਵਰਗ ਦੇ ਜੀਵਨ ਦੇ ਤਿੱਖੇ ਭਿਆਨਕ ਅਤੇ ਅਣਗੌਲੇ ਮਸਲੇ ਰਸੂਲਪੁਰੀ ਦੇ ਗਾਲਪਨਿਕ ਬਿੰਬਾਂ ਵਿਚ ਢਲਦੇ ਹੋਏ ਆਰਥਿਕਤਾ ਦੇ ਅੰਨ੍ਹੇ ਬੋੜੇ ਖ਼ੂਹ ਵਿਚ ਗਰਕ ਹੁੰਦੀ ਹੋਂਦ ਚੇਤਨਾ ਦਾ ਇਕ ਪੂਰਾ ਪਾਸਾਰ ਸਾਡੇ ਸਨਮੁਖ ਕਰਦੇ ਹਨ।

ਰਸੂਲਪੁਰੀ ਦਾ ਕਥਾ ਸਫ਼ਰ ਉਸ ਦੀ ਸਾਹਿਤ ਚੇਤਨਾ ਦੇ ਵਿਕਾਸ ਦਾ ਪ੍ਰਮਾਣ ਪ੍ਰਸਤੁਤ ਕਰਦਾ ਹੈ। ਉਸਦੀ ਕਹਾਣੀ ਦੇ ਥੀਮਕ ਬਿਰਤਾਂਤਕ ਪਹਿਲੂ ਗਹਿਨ ਅਤੇ ਵਿਸ਼ਾਲ ਹੁੰਦੇ ਹੋਏ ਉਸਦੀ ਕਲਾ ਸੂਝ ਦੇ ਪਰਪੱਕ ਹੋਣ ਦਾ ਸਬੂਤ ਦਿੰਦੇ ਹਨ। ਰਸੂਲਪੁਰੀ ਦੀ ਕਹਾਣੀ ਦੇ ਥੀਮਕ ਪਾਸਾਰਾਂ ਵਿਚ

ਭਾਵੇਂ ਅਨੇਕ ਸੂਤਰਾਂ ਦੀ ਪਛਾਣ ਸੰਭਵ ਹੈ ਪਰ ਉਸਦੀ ਕਹਾਣੀ ਦਾ ਕੇਂਦਰੀ ਫੋਕਸ ਆਰਥਿਕ ਪੱਖੋਂ ਦੱਬੇ, ਹੀਣੇ ਮਨੁੱਖ ਦੀ ਦਰਦਨਾਕ ਸਥਿਤੀ ਅਤੇ ਵਲੂੰਧਰੀ ਮਾਨਸਿਕਤਾ ਹੈ। 'ਧੁੰਦ ਨੂੰ ਚੀਰਦਾ ਸੂਰਜ', 'ਕੁਵੇਲੇ ਤੁਰਿਆ ਪਾਂਧੀ' ਆਦਿ ਅਨੇਕ ਕਹਾਣੀਆਂ ਦੇ ਬੀਜ ਸੂਤਰ ਇਸ ਆਰਥਿਕ ਪੱਖੋਂ ਹੀਣੀ ਸਥਿਤੀ ਵਿਚ ਹੀ ਪਏ ਹੋਏ ਹਨ। ਹੋਂਦ ਨਿਸਹੋਂਦ ਦੀ ਪੱਧਰ ਤੱਕ ਨਿੱਘਰੀ ਇਸ ਵਸਤੂਪੂਰਕ ਸਥਿਤੀ ਅਤੇ ਉਲਝੀ ਮਨੋ ਸੰਰਚਨਾ ਦਾ ਕਲਾਤਮਕ ਬਿੰਬ 'ਬਾਰਿ ਪਰਾਇਐ ਬੈਸਣਾ' ਨਾਮੀ ਕਹਾਣੀ ਵਿਚ ਵੇਖਿਆ ਜਾ ਸਕਦਾ ਹੈ। ਨਾਨਕੇ ਘਰ ਵਿਚ ਰਹਿੰਦਾ ਸਰੂਪ ਆਪਣੀ ਖਿੰਡੀ ਪੁੰਡੀ ਹੋਂਦ ਨੂੰ ਕਦੇ ਵੀ ਕੱਠਿਆ ਨਹੀਂ ਕਰ ਸਕਿਆ। ਢਿੱਡ ਦੀ ਭੁੱਖ ਤੋਂ ਆਤੁਰ ਮਾਪਿਆਂ ਵਲੋਂ ਨਾਨਕੇ ਘਰ ਭੇਜ ਕੇ ਆਪਣੇ ਭਵਿੱਖ ਨੂੰ ਸੁਨਹਿਰਾ ਬਣਾਉਣ ਦੀ ਲਾਲਸਾ ਪਿੱਛੇ ਸਰੂਪ ਦੀ ਤੀਬਰ ਬੁੱਧੀ ਨਾਨਾ-ਨਾਨੀ ਦੀ ਮੌਤ ਪਿਛੋਂ ਖ਼ਤਮ ਹੋ ਜਾਂਦੀ ਹੈ। ਮਾਮਾ ਮਾਮੀ ਉਸਨੂੰ ਆਪਣਾ ਘਰੇਲੂ ਨੌਕਰ ਬਣਾ ਕੇ ਰੱਖਦੇ ਹਨ। ਮਾਮਾ ਆਪਣੇ ਪੁੱਤਰ ਦੇ ਜਨਮ ਦਿਨ ਦੀ ਪਾਰਟੀ ਕਰਦਾ ਹੈ ਪਰ ਸਰੂਪ ਹਵੇਲੀ 'ਚ ਬਿਮਾਰ ਪਿਆ ਹੈ।

"ਮੈਂ ਨੂਣ ਮਿਰਚਾਂ ਨਾਲ ਰੋਟੀ ਖਾ ਲੂੰ ਪਰ ਮੈਂ ਇਥੇ ਨ੍ਹੀਂ ਰਹਿਣਾ, ਨਹੀਂ ਰਹਿਣਾ ਮਾਂ... ਮੈਂ ਨਹੀਂ ... ਰਹਿਣਾ।"

ਇਹੋ ਜਿਹੀਆਂ ਕੌਤਰ ਸੌ ਸੋਚਾਂ ਦੇ ਆਕ੍ਰੋਸ਼ ਵਿਚ ਘਿਰਿਆ ਸਰੂਪ ਭੁੱਖੇ ਢਿੱਡ ਦੇ ਬਾਵਜੂਦ ਮਾਮਿਆਂ ਦਾ ਗੋਲਪੁਣਾ ਠੁਕਰਾਉਣ ਦੀ ਹਿੰਮਤ ਰੱਖਦਾ ਹੈ। ਵਿਪਰੀਤ ਪ੍ਰਸਥਿਤੀਆਂ ਵਿਚ ਸਰੂਪ ਨਿਰੰਤਰ ਮਾਨਸਿਕ ਸੰਕਟ ਵਿਚ ਘਿਰਿਆ ਰਹਿੰਦਾ ਹੈ। ਇਸ ਮਾਨਸਿਕ ਸੰਕਟ ਅਤੇ ਸੰਘਰਸ਼ ਦਾ ਆਧਾਰ ਜਿਥੇ ਸਮਾਜਿਕ ਵਖਰੇਵਾਂ ਹੈ ਉਥੇ ਕਹਾਣੀ ਬਿਰਤਾਂਤ ਪਰਿਵਾਰਕ ਸੰਬੰਧਾਂ ਤੇ ਵੀ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। 'ਕੁਵੇਲੇ ਤੁਰਿਆ ਪਾਂਧੀ' ਕਹਾਣੀ ਦਾ ਬਲੌਂਦੀ ਪਾਤਰ ਜਿਥੇ ਸਮਾਜਿਕ ਵਖਰੇਵੇ ਦਾ ਸ਼ਿਕਾਰ ਹੈ ਉਥੇ ਉਹ ਆਪਣੀ ਜਾਤੀ ਦੇ ਲੋਕਾਂ ਦੇ ਵਖਰੇਵੇਂ ਦਾ ਵੀ ਸ਼ਿਕਾਰ ਹੈ। ਆਪਣਿਆਂ ਦੁਆਰਾ ਨੀਵਾਂ ਵਿਖਾਉਣ ਦੀ ਪ੍ਰਵਿਰਤੀ ਕਾਰਨ ਉਸਦੇ ਅੰਦਰ ਕੁਝ ਖੁਰ ਜਾਣ ਦੀ ਭਾਵਨਾ ਪਨਪਦੀ ਹੈ। ਜਿਸ ਕਾਰਨ ਉਹ ਮਾਨਸਿਕ ਪੀੜਾ ਭੋਗਦਾ ਹੈ। ਬਲੌਂਦੀ ਬਿਰਧ ਅਵਸਥਾ ਵਿਚ ਹੱਥੀਂ ਟੋਕਰੇ ਬਣਾ ਕੇ ਆਪਣੀ ਰੋਟੀ ਦਾ ਪ੍ਰਬੰਧ ਕਰਦਾ ਹੈ। ਆਪਣੀ ਹੀ ਜਾਤੀ ਦੀ ਨੰਤੀ ਦੇ ਘਰ ਉਹ ਟੋਕਰੇ ਬਣਾਉਂਦਾ ਹੈ ਪਰ ਇਵਜ਼ ਵਿਚ ਉਸਦਾ ਸ਼ੋਸ਼ਣ ਹੁੰਦਾ ਹੈ। ਇਥੋਂ ਤੱਕ ਕਿ ਨੰਤੀ ਦਾ ਗੁਆਂਢੀ ਮੁੰਡਾ ਮੋਖਾ ਉਸ ਦਾ ਟੋਕਾ ਆਪਣੇ ਕੰਮ ਲਈ ਲੈ ਜਾਂਦਾ ਹੈ, ਉਸ ਕੋਲੋਂ ਟੋਕਾ ਟੁੱਟ ਜਾਂਦਾ ਹੈ ਪਰ ਉਹ ਬਲੌਂਦੀ ਦਾ ਨੁਕਸਾਨ ਨਹੀਂ ਭਰਦਾ ਹੈ। ਇਥੇ ਰਸੂਲਪੁਰੀ ਆਪਣੀ ਜਾਤੀ ਵਲੋਂ ਕੀਤੀ ਗਈ ਵਧੀਕੀ ਨੂੰ ਪੇਸ਼ ਕਰਦਾ ਹੈ।

ਪਹਿਲੇ ਪੜ੍ਹਾਅ ਤੇ ਨਿਰੋਲ ਦਲਿਤ ਵਰਗ ਦੀਆਂ ਹੱਡ ਬੀਤੀਆਂ, ਜੱਗ ਬੀਤੀਆਂ ਨੂੰ ਬਿਰਤਾਂਤ ਦੀ ਵੱਥ ਬਣਾਉਣ ਵਾਲਾ ਰਸੂਲਪੁਰੀ ਇਸ ਵਰਗ ਦੀ ਫੋਕੀ ਹੈਂਕੜ ਦਾ ਪਰਦਾ ਫਾਸ਼ ਕਰਕੇ ਉਨ੍ਹਾਂ ਦੀ ਜਿਹਨੀ ਗਰੀਬੀ ਦਾ ਬਿੰਬ ਵੀ ਸਿਰਜਦਾ। 'ਆਪਣੇ ਲਹੂ ਦੀ ਚਿੰਤਾ' ਉਸਦੀ ਕਥਾ ਚੇਤਨਾ ਦੇ ਇਸੇ ਵਿਕਾਸ ਦੀ ਸੂਚਕ ਹੈ।

ਦਲਿਤ ਵਰਗ ਦੀ ਬੇਬਸੀ ਲਾਚਾਰੀ ਦਾ ਇਕ ਜੀਵੰਤ ਪਸਾਰ ਉਦੋਂ ਸਨਮੁਖ ਹੁੰਦਾ ਹੈ ਜਦੋਂ ਰਸੂਲਪੁਰੀ ਇਸ ਵਰਗ ਨਾਲ ਸੰਬੰਧਿਤ ਔਰਤ ਨਾਲ ਹੁੰਦੇ ਅਤਿਆਚਾਰ ਦੇ ਪ੍ਰਸੰਗ ਵਿਚ ਕਹਾਣੀ ਸਿਰਜਦਾ ਹੈ। ਇਕ ਜਮਾਤ ਵਿਚ ਵੀ ਤਕੜੇ ਮਾੜੇ ਦਾ ਪ੍ਰਸੰਗ ਔਰਤ ਨੂੰ ਪੈਰ ਦੀ ਜੁੱਤੀ ਹੀ ਸਮਝਦਾ ਹੈ। 'ਕੱਚੀ ਇੱਟ ਦਾ ਦਰਦ' ਕਹਾਣੀ ਦੀ ਨਾਇਕਾ ਸਰਵ ਗੁਣ ਸੰਪੰਨ ਹੋਣ ਦੇ ਬਾਵਜੂਦ ਘਰ ਦੀ ਮਾੜੀ ਆਰਥਿਕਤਾ, ਬਾਪ ਦੇ ਸਿਧਰੇ ਹੋਣ, ਭਰਾਵਾਂ ਦੇ ਤੁਰ ਜਾਣ ਉਪਰੰਤ ਘਰ ਨੂੰ



ਚਲਾਉਂਦੀ ਹੋਈ ਇਕ ਅਪਾਹਜ ਨਾਲ ਵਿਆਹੀ ਜਾਂਦੀ ਹੈ, ਪਰ ਉਹ ਬੰਦਾ ਉਸਦੀ ਮਾਨਸਿਕਤਾ ਨਾ ਸਮਝਦਾ ਹੋਇਆ ਉਸਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਦਾ ਹੈ,

"ਕੁੱਤੀਏ ਲਿਆ ਆਪਣੇ ਜਣਦਿਆਂ ਨੂੰ... ਜਿਨ੍ਹਾਂ ਵਿਆਹ ਕੀਤਾ... ਕੰਜਰਾਂ ਨੇ ਰਹਿੰਦ ਖੂੰਹਦ ਮੇਰੇ ਮੱਥੇ ਮਾਰੀ, ਦਫ਼ਾ ਹੋ ਜਾ ਮੇਰੇ ਘਰੋਂ... ਦਰੋਂ ਬਾਹਰ ਹੋ ਜਾ... ਸਾਰੇ ਭੱਠੇ ਦੀ ਜੂਠ ਧਰੀ ਸੀ ਮੇਰੇ ਲਈ...।"

ਅਜਿਹੀਆਂ ਸਥਿਤੀਆਂ ਵਿਚ ਔਰਤ ਪਾਤਰ ਦੀ ਗੈਰਤ, ਨਿਤਾਣੇਪਣ ਦੀ ਹੋਂਦ ਹੋ ਜਾਂਦੀ ਹੈ। ਆਪਣੇ ਆਕ੍ਰੋਸ਼ ਨੂੰ ਅੰਦਰੇ ਅੰਦਰ ਜਰਦੀ ਉਹ ਆਪਣੇ ਸ੍ਵੈ ਮਾਣ ਨੂੰ ਸੁਆਹ ਕਰੀ ਜਾਂਦੀ ਹੈ। ਕਿਉਂਕਿ ਲੋੜਾਂ ਥੁੜਾਂ, ਮੁਥਾਜੀਆਂ ਕਰਕੇ ਉਸਨੂੰ ਫਿਰ ਆਪਣੇ ਮਰਦ ਵੱਲ ਹੀ ਵੇਖਣਾ ਪੈਂਦਾ ਹੈ। ਪਰ ਅਜਿਹੀਆਂ ਪ੍ਰਸਥਿਤੀਆਂ ਵਿਚ 'ਇਸਤਰੀ ਸਭਾ' ਦੁਆਰਾ ਖੇਡਿਆ ਗਿਆ ਨਾਟਕ ਉਸ ਦੀ ਮਾਨਸਿਕਤਾ ਨੂੰ ਹਿਲਾ ਜਾਂਦਾ ਹੈ,

"ਉਹ ਵੀ ਅੱਜ ਅੱਕ ਚੱਬ ਕੇ ਬੈਠੀ ਸੀ, ਰੋਜ਼ ਦੀ ਕੁੱਤੇ ਖਾਣੀ ਜਿਵੇਂ ਅੱਜ ਮੁਕਾ ਹੀ ਦੇਣੀ ਹੋਵੇ... ਹੱਥੋ ਪਾਈ ਵਿਚ ਹੀ ਉਹ ਵਾਣ ਵੱਟਣ ਵਾਲੀ ਮਸ਼ੀਨ ਉਪਰ ਜਾ ਡਿੱਗਿਆ..."

ਇਥੇ ਰਸੂਲਪੁਰੀ ਸਥਿਤੀ ਦਾ ਨਵਾਂ ਵਿਵੇਕ ਪਕੜਦਾ ਨਜ਼ਰ ਆਉਂਦਾ ਹੈ। 'ਤਵੀਤ' ਕਹਾਣੀ ਵਿਚ ਉਹ ਇਸ ਵਰਗ ਨੂੰ ਅੰਧ ਵਿਸ਼ਵਾਸਾਂ ਦੀ ਚੁੰਗਲ ਚੋਂ ਕੱਢਦਾ ਨਜ਼ਰ ਆਉਂਦਾ ਹੈ।

ਅਜੋਕੀ ਪੂੰਜੀਵਾਦੀ ਆਰਥਿਕ ਬਣਤਰ ਦੀ ਤਬਦੀਲੀ ਨੂੰ ਇਸ ਵਰਗ ਨੇ ਵੀ ਅਪਣਾਇਆ ਹੈ। 'ਸੂਰਜ ਦੀ ਕਿਰਨ' ਕਹਾਣੀ ਦੀ ਪਾਤਰ ਚਰਨੋ ਦੀ ਧੀ ਕਿਰਨ ਕੱਪੜੇ ਸੀਂਅ ਕੇ ਆਪਣੇ ਪਰਿਵਾਰ ਦੀ ਆਰਥਿਕਤਾ 'ਚ ਹਿੱਸਾ ਪਾਉਂਦੀ ਹੋਈ ਪਰਿਵਾਰ ਨੂੰ ਗਰੀਬੀ ਦੀ ਦਲਦਲ 'ਚੋਂ ਕੱਢਦੀ ਹੈ।

'ਧੁੰਦ ਨੂੰ ਚੀਰਦਾ ਸੂਰਜ' , 'ਅਰਥੀ' ਕਹਾਣੀਆਂ ਦੇ ਪਾਤਰ ਸਮਾਜਿਕ-ਪਰਿਵਾਰਕ ਸਥਿਤੀਆਂ ਨਾਲ ਜੂਝਦੇ ਹੋਏ ਮਾਨਸਿਕ ਗੰਢਾਂ ਦਾ ਸ਼ਿਕਾਰ ਹੁੰਦੇ ਹਨ। ਆਰਥਿਕਤਾ ਉਹਨਾਂ ਦੇ ਸਾਰੇ ਜੀਵਨ ਨੂੰ ਡੰਗਦੀ ਹੈ। ਹਥਲੀਆਂ ਕਹਾਣੀਆਂ ਆਰਥਿਕ ਪੱਖੋਂ ਥੁੜ੍ਹੇ ਪਾਤਰਾਂ ਦੀ ਮਾਨਸਿਕਤਾ ਤੇ ਫੋਕਸ ਹਨ।

ਰਸੂਲਪੁਰੀ ਆਪਣੀਆਂ ਕਹਾਣੀਆਂ ਦਾ ਫੋਕਸ ਸ਼ੁੱਧ ਸ਼ਾਬਦਿਕ ਅਰਥਾਂ ਵਿਚ ਯਥਾਰਥ ਤੇ ਰੱਖਦਾ ਹੈ। ਉਸ ਦੀ ਕਹਾਣੀ ਦੀ ਬਿਰਤਾਂਤਕ ਟੇਕ ਘਟਨਾਵਾਂ, ਸਥਿਤੀਆਂ ਅਤੇ ਪਾਤਰਾਂ ਦੇ ਕਾਰਜ ਤੇ ਹੈ। ਉਸਦੀ ਕਹਾਣੀ ਪਾਤਰਾਂ ਦੇ ਜ਼ਿਹਨ ਵਿਚ ਵਾਪਰਨ ਦੇ ਨਾਲ ਘਟਨਾਵਾਂ ਦੇ ਸਿਰ ਤੇ ਉਸਰਦੀ ਹੈ। ਉਹ ਘਟਨਾਵਾਂ ਨੂੰ ਬੜੇ ਸਲੀਕੇ ਨਾਲ ਲਕੀਰੀ ਕ੍ਰਮ ਵਿਚ ਬੀੜਦਾ ਹੈ। ਉਸਦੀ ਕਹਾਣੀ ਇਕ ਨਿਸ਼ਚਿਤ ਬਿੰਦੂ ਤੋਂ ਸ਼ੁਰੂ ਹੋ ਕੇ ਇਕ ਤਾਰਕਿਕ ਪ੍ਰਬੰਧ ਰਾਹੀ ਇਕ ਨਿਸ਼ਚਿਤ ਸਫ਼ਰ ਨੂੰ ਤੈਅ ਕਰਦੀ ਹੈ। ਉਹ ਕਹਾਣੀ ਦੇ ਵਾਪਰਣ ਤੇ ਏਨਾ ਜ਼ੋਰ ਦਿੰਦਾ ਹੈ ਕਿ ਉਸ ਦੀ ਕਹਾਣੀ ਦੇ ਪੈਗ਼ਾਮ ਨਾਲ ਸੰਬੰਧਿਤ ਨਿੱਕੇ ਤੋਂ ਨਿੱਕਾ ਵੇਰਵਾ ਵੀ ਕਿਸੇ ਘਟਨਾ ਵਿਚੋਂ ਨਿਕਲ ਕੇ ਸਾਕਾਰ ਹੁੰਦਾ ਹੈ। ਉਹ ਆਪਣੇ ਅਨੁਭਵ ਦੀ ਗਹਿਨਤਾ ਨਾਲ ਆਪਣੇ ਫੋਕਸੀਕ੍ਰਿਤ ਪਾਸਾਰ ਦੀ ਬਹੁ-ਦਿਸ਼ਾਵੀ ਦਿੱਖ ਸਨਮੁੱਖ ਲਿਆਉਣ ਵਿਚ ਮੁਹਾਰਤ ਹਾਸਲ ਕਰਦਾ ਹੈ। ਬਿਰਤਾਂਤਕ ਪਹਿਲੂ ਤੋਂ ਉਸਦੀ ਕਹਾਣੀ ਨਿਸ਼ਚਿਤ ਭਾਵੀ ਖੁੱਲ੍ਹੇ ਅੰਤ ਵਾਲੀ ਹੈ। ਉਹ ਸੰਕਟ ਸਥਿਤੀ ਦਾ ਇਕ ਪ੍ਰਤਿ ਬਦਲ ਕਲਪਦਾ ਅਤੇ ਆਪਣੇ ਪਾਤਰ ਨੂੰ ਉਸਦੀ ਡੋਰ ਫੜਾਉਂਦਾ ਹੈ। ਇਸ ਪ੍ਰਸੰਗ ਵਿਚ ਰਸੂਲਪੁਰੀ ਦੀ ਪ੍ਰਾਪਤੀ ਇਹ ਹੈ ਕਿ ਉਹ ਯਥਾਰਥ ਦੇ ਮਹਿਜ਼ ਫਰਜ਼ੀ ਅੰਤ ਸਿਰਜਣ ਦੀ ਥਾਂ ਵਧੇਰੇ ਕਰਕੇ ਇੱਛਤ ਯਥਾਰਥ ਦਾ ਪੱਲਾ ਫੜਦਾ ਹੈ। ✪

## *ਜਨ ਬੋਧ*

# ਅਸਹਿਣਸ਼ੀਲਾ ਅਤੇ ਪੰਜਾਬੀ ਲੇਖਕ

(ਇਸ ਮੁੱਦੇ 'ਤੇ ਸ਼ਬਦ ਵਿਚਾਰ ਮੰਚ' ਵੱਲੋਂ ਜਲੰਧਰ ਵਿਚ ਇਕ ਚਰਚਾ ਕਰਵਾਈ ਗਈ ਸੀ। ਚਰਚਾ ਵਿਚ ਵਿਦਵਾਨਾ ਨੇ ਰਾਜਨੀਤਿਕ, ਇਤਿਹਾਸਕ, ਸਮਾਜਿਕ ਪਹਿਲੂਆਂ ਨੂੰ ਲੈ ਕੇ ਲੰਮੀ ਚੌੜੀ ਬਹਿਸ ਕੀਤੀ, ਅਸੀਂ ਇਥੇ ਇਸ ਚਰਚਾ ਦੇ ਚੋਣਵੇਂ ਅੰਸ਼ ਹੀ ਪ੍ਰਕਾਸ਼ਤ ਕਰ ਰਹੇ ਹਾਂ-ਸੰਪਾਦਕ)

**ਡਾ. ਸੁਰਜੀਤ**-ਦੋਸਤੋਂ ਅਸੀਂ ਸਾਰੇ ਇਸ ਮੁੱਦੇ ਬਾਰੇ ਜਾਣਦੇ ਹਾਂ ਤੇ ਸੁਚੇਤ ਹਾਂ। ਇਹ ਬਹਿਸ ਉਦੋਂ ਸ਼ੁਰੂ ਹੋਈ ਜਦੋਂ ਸਾਡੇ ਲੇਖਕਾਂ ਵਲੋਂ ਇਨਾਮ ਵਾਪਸੀ ਦਾ ਪ੍ਰੌਸੈਸ ਸ਼ੁਰੂ ਹੋਇਆ ਫਿਰ ਇਸ ਬਹਿਸ ਵਿਚੋਂ ਬਹੁਤ ਸਾਰੇ ਮੁੱਦੇ ਉਭਰ ਕੇ ਸਾਹਮਣੇ ਆਏ। ਇਕ ਦੂਜੇ ਦੇ ਵਿਰੋਧੀ ਗੱਲਾਂ ਵੀ ਸਾਹਮਣੇ ਆਈਆਂ। ਸਟੇਟ ਵਲੋਂ ਇਤਰਾਜ ਵੀ ਉੱਠੇ ਕਿ ਜੇਤਲੀ ਨੇ ਇਹਨੂੰ ਮੈਨੂੰਫੈਕਚਰ ਰਿਵੋਲਟ ਕਿਹਾ। ਪਰ ਨਾਲ ਹੀ ਬਹੁਤ ਗੰਭੀਰ ਕਿਸਮ ਦੇ ਸਵਾਲ ਵੀ ਉਭਰੇ ਕਿ ਇਨਾਮ ਵਾਪਸੀ ਚੰਗੀ ਚੀਜ ਵੀ ਹੈ ਜਿਸ ਵਿਚੋਂ ਕੋਈ ਨਵੀਂ ਦਿਸ਼ਾ ਨਿਕਲ ਸਕਦੀ ਹੈ। ਇਸ ਬਾਰੇ ਰਣਜੀਤ ਅਹਿਮੀ ਨੇ ਇਕ ਲੇਖ ਲਿਖਿਆ ਸੀ ਜਿਸ ਉਪਰ ਇਕ ਕੰਟੋਵਰਸੀ ਵੀ ਹੋਈ ਤੇ ਉਹ ਨਵਾਂ ਜ਼ਮਾਨਾ ਨੇ ਨਹੀਂ ਛਾਪਿਆ। ਇਸ ਮੁੱਦੇ ਬਾਰੇ ਸੋਚਣ ਲਈ ਅਸੀਂ ਇੱਥੇ ਇਕੱਠੇ ਹੋਏ ਹਾਂ ਤਾਂ ਅਸੀਂ ਇਕ ਮਤ ਨਹੀਂ ਹੋਵਾਗੇ। ਸਾਡੀਆਂ ਧਾਰਨਾਵਾਂ ਜਿਸ ਵੀ ਕਿਸਮ ਦੀਆਂ ਹਨ ਉਹਨਾਂ ਨੂੰ ਅਸੀਂ ਇਕ ਦੂਜੇ ਦੇ ਸਾਹਮਣੇ ਪੁੱਟ ਕਰਕੇ ਉਹਦੇ ਉਪਰ ਖੁੱਲ੍ਹੀ ਆਲੋਚਨਾ ਕਰਨ ਲਈ ਇਕੱਠੇ ਹੋਏ ਹਾਂ। ਜੋ ਫਾਸ਼ੀਵਾਦ ਦਾ ਮੁੱਦਾ ਹੈ... ਜੋ ਅਜੋਕਾ ਦੌਰ ਹੈ ਕਿ ਲੇਖਕਾਂ, ਬੁੱਧੀਜੀਵੀਆਂ ਤੇ ਕਲਾਕਾਰਾਂ ਦਾ ਕੀ ਰੋਲ ਬਣਦਾ ਹੈ ... ਇਸ ਨੂੰ ਲੈ ਕੇ ਅਸੀਂ ਗੱਲ ਕਰ ਰਹੇ ਹਾਂ...ਸਾਨੂੰ ਜ਼ਰੂਰ ਸੋਚਣਾ ਪਵੇਗਾ ਕਿ ਜਿਹੜੀ ਅਸਹਿਣਸ਼ੀਲਤਾ ਏ... ਜਾਂ ਜੋ ਫਾਸ਼ੀਵਾਦ ਰੁਝਾਨ ਨੇ ਇਹ ਕੋਈ ਇਕਦਮ ਪੈਦਾ ਨਹੀਂ ਹੋਏ। ਇਸ ਦੀ ਲੰਮੀ ਹਿਸਟਰੀ ਹੈ।

ਮੇਰੀ ਆਪਣੀ ਅੰਡਰਸਟੈਂਡਿੰਗ ਅਨੁਸਾਰ ਭਾਰਤ ਦੀ ਬੁਨਿਆਦ ਹੀ ਅਸਹਿਣਸ਼ੀਲਤਾ ਉੱਪਰ ਟਿੱਕੀ ਹੋਈ ਹੈ। ਉਸ ਬੁਨਿਆਦ ਉੱਪਰ ਸੰਪਰਦਾਇਕ ਅਸਹਿਣਸ਼ੀਲਤਾ ਵੀ ਹੈ। ਕਿਉਂਕਿ ਅਸੀਂ ਵੰਡ ਦੇ ਵਿਚੋਂ ਗੁਜਰ ਕੇ ਆਜ਼ਾਦ ਹੋਏ ਹਾਂ ਤੇ ਉਸ ਸਮੇਂ ਬਹੁਤ ਵੱਡੇ ਪੱਧਰ ਉੱਤੇ ਹਿੰਸਾ ਹੋਈ ... ਹਿੰਦੂਆਂ, ਸਿੱਖਾਂ, ਮੁਸਲਮਾਨਾਂ ਨੇ ਇਕ ਦੂਜੇ ਨੂੰ ਵੱਡੇ ਪੱਧਰ ਤੇ ਮਾਰਿਆ। ਇਸਦੇ ਨਾਲ ਹੀ ਜਦੋਂ ਅਸੀਂ ਹੋਰ ਸਮਾਜਿਕ ਬਣਤਰਾਂ ਵੇਖਦੇ ਹਾਂ ਤਾਂ ਆਪਣੇ ਤੋਂ ਵੱਖਰੀ ਸਮਾਜਿਕ ਪਛਾਣ ਵਾਲੇ ਬੰਦਿਆਂ ਨੂੰ ਵੱਖਰੀ ਭਾਸ਼ਾਈ ਪਛਾਣ ਵਾਲੇ ਬੰਦਿਆਂ ਨੂੰ ਵੱਖਰੀ ਜਾਤੀ ਪਛਾਣ ਵਾਲੇ ਬੰਦਿਆਂ ਨੂੰ ਤੇ ਆਪਣੇ ਤੋਂ ਵੱਖਰੀ ਲਿਗਕ ਪਛਾਣ ਵਾਲੇ ਬੰਦਿਆਂ ਨੂੰ, ਆਪਣੇ ਤੋਂ ਵੱਖਰੀਆਂ ਲਿੰਗਕ ਚੋਣਾਂ ਵਾਲੇ ਬੰਦਿਆਂ ਨੂੰ ਅਸੀਂ ਕਿੰਨਾ ਕੁ ਬਰਦਾਸ਼ਤ ਕਰਦੇ ਰਹੇ ਹਾਂ। ਆਧੁਨਿਕ ਭਾਰਤੀ ਸਮਾਜ ਸੰਰਚਨਾਤਮਕ ਤੌਰ ਤੇ ਇਕ ਅਸਹਿਣਸ਼ੀਲ ਤਰ੍ਹਾਂ ਦੀ ਬਣਤਰ ਉਪਰ ਉਸਰਿਆ ਹੋਇਆ ਸਮਾਜ ਹੈ ਤੇ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੋ ਸਾਡੇ ਕੋਲ ਅਸ਼ਹਿਣਸ਼ੀਲਤਾ ਦੀਆਂ ਮਿਸਾਲਾਂ ਮਿਲਣਗੀਆਂ ਉਹ ਜਾਤੀ ਬਣਤਰ ਵਿਚ ਮਿਲਣਗੀਆਂ। ਉਸ ਪੱਧਰ ਉਪਰ ਲੋਕਾਂ ਦਾ ਨਿਰੰਤਰ ਤਸੱਦਤ ਹੁੰਦਾ ਰਿਹਾ ਹੈ। ਕਿਸੇ ਨੇ ਇਹ ਵੀ ਕਿਹਾ ਕਿ ਮਸਲਾ ਏਨਾ ਇਨਟਾਲਰੈਂਸ ਦਾ ਨਹੀਂ ਹੈ ਜਿੰਨਾ ਟਾਲਰੈਂਸ ਦਾ ਹੈ। ਕਿਵੇਂ ਤੁਸੀਂ ਦਮਨ ਨੂੰ ਬਰਦਾਸਤ ਕਰਨਾ ਹੌਲੀ ਹੌਲੀ ਸਿੱਖਦੇ ਹੋ। ਸਾਨੂੰ ਇਹ ਯਾਦ ਰੱਖਦਾ ਚਾਹੀਦਾ ਹੈ ਕਿ ਭਾਰਤ ਦੇ ਵਿੱਚ ਵੱਖਰੀ ਪਛਾਣ ਵਾਲੇ ਬੰਦੇ ਨੂੰ ਸਵੀਕਾਰ ਨਾ ਕਰਨ ਦਾ ਆਪਣਾ ਇਕ ਲੰਬਾ ਇਤਿਹਾਸ ਹੈ।



ਮੈਨੂੰ ਲੱਗਦਾ ਹੈ ਕਿ ਸਾਨੂੰ ਪਾਰਟੀਆਂ ਦੀ ਬਜਾਏ ਰੂਲਿੰਗ ਕਲਾਸ ਦੀ ਗੱਲ ਕਰਨੀ ਚਾਹੀਦੀ ਹੈ, ਸਾਡੀ ਰੁਲਿੰਗ ਲੀਗ ਨੇ ਲਗਾਤਾਰ ਜਿਹੜੀਆਂ ਘੱਟ ਗਿਣਤੀਆਂ ਨੇ, ਜਿਹੜੇ ਸਮਾਜਿਕ ਤੌਰ ਤੇ ਦੱਬੇ ਹੋਏ ਲੋਕ ਨੇ... ਉਹਨਾਂ ਨੂੰ ਦਬਾਉਣਾ ਆਪਣਾ ਅਧਿਕਾਰ ਸਮਝਿਆ ਹੈ ਤੇ ਇਸ ਗੱਲ ਨੂੰ ਲਗਾਤਾਰ ਪ੍ਰਮੋਟ ਕੀਤਾ, ਜਾਂ ਇਸਨੂੰ ਏਸੇ ਹੀ ਤਰ੍ਹਾਂ ਬਰਦਾਸ਼ਤ ਕਰਦੇ ਰਹੇ, ਜਾਂ ਏਸ ਗੱਲ ਨੂੰ ਇਸ ਪ੍ਰਕਾਰ ਹੀ ਚੱਲਣ ਦਿੱਤਾ। ਅਰਬਨ ਡੈਮੋਕਰੇਸ਼ੀ ਦੀ ਸਪੇਟ ਜਿਨੀਂ ਅਜ਼ਾਦੀ ਤੋਂ ਬਾਅਦ ਬਣਨੀ ਚਾਹੀਦੀ ਸੀ, ਉਹ ਸਪੇਸ ਸਾਡੀਆਂ ਰੂਲਿੰਗ ਕਲਾਸਜ਼ ਨੇ ਪੈਦਾ ਕਰਨ ਵਿਚ ਰੋਲ ਅਦਾ ਕਰਨ ਦੀ ਬਜਾਏ ਰਿਵਰਸ ਰੋਲ ਅਦਾ ਕੀਤਾ। ਉਹਨਾਂ ਨੇ ਵਿਰੋਧਾਂ ਨੂੰ ਉਸੇ ਪ੍ਰਕਾਰ ਬਰਕਰਾਰ ਰੱਖਿਆ ਜਿਵੇਂ ਵਿਰੋਧ ਚੱਲ ਰਹੇ ਸੀ। ਪਰ ਫਰਕ ਇਥੇ ਆ ਕੇ ਪੈਂਦਾ ਹੈ ਕਿ ਉਹ ਰੂਲਿੰਗ ਹਿੱਸਾ ਇਸ ਗੱਲ ਨੂੰ ਸਹਿਜ ਸੁਭਾਵਿਕ ਮੰਨਦਾ ਕਿ ਉਹ ਜਾਤ ਪ੍ਰਸਤੀ ਨੂੰ ਸਹਿਜ ਸੁਭਾਵਿਕ ਮੰਨਦਾ ਹੈ... ਸੰਪਰਦਾਇਕਤਾ ਨੂੰ ਸਹਿਜ ਸੁਭਾਵਿਕ ਮੰਨਦਾ ਹੈ ਤਾਂ ਇਹ ਹਿੱਸਾ ਸਾਡੇ ਉਪਰ ਆਪਣੀ ਆਈਡਿਓਲਜ਼ੀ ਨੂੰ ਅਲੱਗ ਅਲੱਗ ਤਰੀਕਿਆਂ ਨਾਲ ਸਾਡੇ ਤੱਕ ਪਹੁੰਚਾਉਂਦਾ ਸੀ। ਉਸਦੇ ਵਿਚੋਂ ਆਪਣੀ ਵੋਟ ਬੈਂਕ ਪੋਲਿਟਿਕਸ ਵੀ ਲਾਜ਼ਮੀ ਤੌਰ ਤੇ ਹੁੰਦੀ ਸੀ ਪਰ ਉਹਦੇ ਅੰਦਰ ਇਕ ਗਿਲਟ ਆਤਮ ਗਿਲਾਨੀ ਸੀ ਕਿ ਉਹਨੂੰ ਪਬਲਿਕ ਸਪੇਟ ਉੱਪਰ ਇਹ ਗੱਲ ਕਹਿਣੀ ਪੈਂਦੀ ਸੀ ਕਿ ਮੈਂ ਵੱਖਰੇ ਵੱਖਰੇ ਧਰਮਾਂ ਦੇ ਸਮਾਜ ਨੂੰ ਮੰਨਦਾ ਹਾਂ, ਭਾਵੇਂ ਤੁਸੀਂ ਜਾਤ ਰਹਿਤ ਸਮਾਜ ਲਈ ਅੰਦਰੋਂ ਕਹੋ ਜਾਂ ਨਾ ਕਹੋ ਪਰ ਬਾਹਰੋ ਕਹਿਣਾ ਹੀ ਪੈਂਦਾ ਸੀ ਕਿ ਮੈਂ ਏਸ ਤਰ੍ਹਾਂ ਨਾਲ ਸਮਝਦਾ ਪਰ ਪਬਲਿਕ ਸਪੇਟ ਉੱਪਰ ਪਾਰਲੀਮੈਂਟਰੀ ਡੈਮੋਕਰੇਸ਼ੀ ਕਦਰਾਂ ਕੀਮਤਾਂ ਦਾ ਦਾਅਵਾ ਜ਼ਰੂਰ ਕਰਨਾ ਪੈਂਦਾ ਸੀ, ਕਿ ਮੈਂ ਇਨ੍ਹਾਂ ਚੀਜ਼ਾਂ ਵਿਚ ਵਿਸ਼ਵਾਸ ਕਰਦਾ ਹਾਂ। ਹੁਣ ਜੋ ਦੂਜੀ ਪੋਜੀਸ਼ਨ ਹੈ ਉਹ ਆਪਣੇ ਸੱਚੀ ਮੁੱਚੀ ਦੇ ਅੰਦਰੂਨੀ ਖਿਆਲ ਸੀ ਜੋ ਕਿ ਸੰਪਰਦਾਇਕਤਾ ਨੂੰ ਪ੍ਰਮੋਟ ਕਰਨ ਵਾਲੇ ਭਾਵ ਸੀ, ਉਹਨਾਂ ਨੂੰ ਪ੍ਰਗਟ ਕਰਨ ਨਾਲ ਜੋ ਡਿਸਕਸਨ ਦੀ ਗਿਲਟ ਪੈਦਾ ਹੁੰਦੀ ਸੀ ਉਹ ਗਿਲਟੀ ਖਤਮ ਹੋ ਗਈ... ਹੁਣ ਜੋਂ ਡਾਮੀਨੇਟ ਪੋਲਿਟੀਕਲ ਧਰਾਤਲ ਹੈ ਉਹ ਇਸ ਗੱਲ ਲੱਗ ਦੀ ਕਿਸੇ ਵੀ ਕਿਸਮ ਦੀ ਗਿਲਟ ਤੋਂ ਮੁਕਤ ਹੈ। ਉਹ ਹਿੰਦੂ ਵੱਖਵਾਦ ਨੂੰ ਠੀਕ ਮੰਨਣ ਲੱਗ ਪਏ ਹਨ... ਹੁਣ ਜਿਸ ਤਰ੍ਹਾਂ ਦਾ ਟਰੈਂਡ ਚੱਲ ਰਿਹਾ ਭਾਰਤ ਦੇ ਟੁੱਟਣ ਦੀਆਂ ਸੰਭਾਵਨਾਵਾਂ ਵੀ ਇਸ ਗੱਲ ਦੇ ਵਿਚੋਂ ਪੈਦਾ ਹੋਣਗੀਆਂ ਤੇ ਇਸ ਗੱਲ ਵਿਚ ਕੋਈ ਗਿਲਟੀ ਜਾਂ ਸੰਗ ਸ਼ਰਮ ਨਹੀਂ ਰਹੀ ਤੇ ਇਹ ਸਥਿਤੀ ਨਵੀਂ ਪੈਦਾ ਹੋਈ ਸਥਿਤੀ ਹੈ। ਜਿਵੇਂ ਜੇ ਅਸੀਂ ਕਹਿੰਦੇ ਹਾਂ ਕਿ ਕਲਾਸ ਇਕੋ ਹੀ ਸੀ ਪਰ ਉਸੇ ਕਲਾਸ ਕੋਲ ਹੁਣ ਵੀ ਰੂਲ ਹੈ ... ਪੋਲਿਟੀਕਲ ਪਾਰਟੀਆਂ ਵੱਖਰੀਆਂ ਹੋਈਆਂ ਨੇ ਪਰ ਦੋਵਾਂ ਪਾਰਟੀਆਂ ਦੀਆਂ ਇਕਨੌਮਿਕਸ ਪਾਲਸੀਆਂ ਵਿਚ ਕੋਈ ਫਰਕ ਨਹੀਂ ਹੈ ਤਾਂ ਬੇਸਿਕ ਵਿਚਾਰਧਾਰਕ ਵਖਰੇਵੇ ਕਿੱਥੇ ਰਹਿ ਜਾਂਦੇ ਹਨ। ਉਹ ਇਥੇ ਆ ਕੇ ਪਛਾਣੇ ਜਾਂਦੇ ਹਨ।

ਜੇਕਰ ਅਸੀਂ ਵਰਤਮਾਨ ਨੂੰ ਸਮਝਦੇ ਹਾਂ ਤਾਂ ਉਸ ਚੀਜ਼ ਦੇ ਪਿਛੋਕੜ ਨੂੰ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਪਿੱਛੇ ਜਿਹੇ ਪੰਜਾਬੀ ਭਵਨ ਵਿਖੇ 'ਮੁਜ਼ੱਫਰ ਨਗਰ' ਫਿਲਮ ਵਿਖਾਈ ਗਈ... ਜਦੋਂ ਮੁਜ਼ੱਫ਼ਰ ਨਗਰ ਨੂੰ ਲੈ ਕੇ ਵਾਰ ਵਾਰ ਜਦੋਂ ਲੈਫਟ ਉਰੀਐਂਟਡ ਬੰਦੇ ਬੋਲਦੇ ਹਨ ਤਾਂ ਉਹ ਹਿੰਦੂ ਫਾਸਸਿਜ਼ਮ ਨੂੰ ਬਹੁਤ ਜ਼ੋਰ ਲਗਾ ਕੇ ਕਹਿੰਦੇ ਹਨ ਕਿ ਹਿੰਦੂ ਫਾਸ਼ਇਜ਼ਮ ਦਾ ਉਭਾਰ ਹੋ ਰਿਹਾ ਹੈ, ਮੁਜੱਫਰਨਗਰ ਵਿਚ ਜਿਹੜਾ ਕੁਝ ਹੋਇਆ ਸੀ, ਜਿਹੜੀ ਉਥੇ ਮੁਸਲਮਾਨ ਵਿਰੋਧੀ ਹਿੰਸਾ ਹੋਈ ਉਸ ਸਾਰੇ ਮੁੱਦੇ ਨੂੰ ਤੇ ਵਰਤਮਾਨ ਪਾਰਟੀ ਵੋਟ ਬੈਂਕ ਵਿਚ ਕੈਸ਼ ਕਰਦੀ ਹੈ, ਕਿਵੇਂ ਵਰਤਮਾਨ ਵਿਚ ਆਮ ਕਿਸਮ ਦੇ ਸਧਾਰਨ ਲਿਬਰਲ ਕਿਸਮ ਦੇ ਬੰਦਿਆਂ ਨੂੰ ਵਰਤਮਾਨ ਪਾਰਟੀ ਖਿੱਚ ਕੇ ਲੈ ਜਾਂਦੀ ਹੈ ਤਾਂ ਕਿਵੇਂ ਉਥੇ ਗੰਨਾ ਉਤਪਾਦਕਾਂ ਦਾ ਅੰਦੋਲਨ ਫੇਲ੍ਹ ਹੋ ਜਾਂਦਾ ਹੈ, ਇਸ

ਗੱਲ ਉੱਪਰ ਉਹ ਫਿਲਮ ਫੋਕਸ ਕਰਦੀ ਸੀ।

ਇਥੇ ਸਾਰੀ ਗੱਲਬਾਤ ਵਿਚ ਜਿਹੜੀ ਗੱਲ ਗੈਰਹਜ਼ਾਰ ਰਹੀ, ਤੇ ਜੋ ਅਕਸਰ ਮੈਨੂੰ ਪੰਜਾਬ ਦੇ ਸੰਦਰਭ ਵਿਚ ਗੈਰਹਾਜ਼ਰ ਲੱਗਦੀ ਹੈ ਕਿ ਪੰਜਾਬ ਵਿਚ ਕੋਈ ਹਿੰਦੂ ਫਾਸੀਵਾਦੀ ਉਭਾਰ ਨਾਂ ਦੀ ਚੀਜ਼ ਹੈ? ਕੀ ਸਾਨੂੰ ਲੱਗਦਾ ਹੈ ਪੰਜਾਬ ਵਿਚ ਇਸ ਤਰ੍ਹਾਂ ਦੇ ਖਤਰੇ ਸ਼ੁਰੂ ਹੋਏ ਨੇ? ਜਾਂ ਫਿਰ ਪੰਜਾਬ ਦੇ ਵਿਚ ਆਪਣੇ ਕਿਸਮ ਦੇ ਹੋਰ ਖਤਰੇ ਨੇ ਜਿਹਨਾਂ ਨੂੰ ਅਸੀਂ ਐਡਰੈਸ ਨਹੀਂ ਕਰਨਾ ਚਾਹੁੰਦੇ, ਜਿਨ੍ਹਾਂ ਨੂੰ ਅਸੀਂ ਸਕਾਇਪ ਕਰ ਦਿੰਦੇ ਹਾਂ, ਆਪਣੀ ਗੱਲਬਾਤ ਵਿਚ ਨਹੀਂ ਲੈ ਕੇ ਆਉਂਦੇ...ਕੀ ਪੰਜਾਬ ਦੀ ਸਪੇਸ ਸੱਚੀ ਹੀ ਬਹੁਤ ਸੈਕੂਲਰ ਸਪੇਸ ਹੈ? ਕੀ ਪੰਜਾਬ ਦੇ ਵਿਚ ਉਸ ਕਿਸਮ ਦੇ ਫਾਸ਼ੀਵਾਦੀ ਪੌਲਿਟੀਕਸ ਜਾਂ ਫਾਸ਼ੀਵਾਦੀ ਅੰਦਰੂਨੀ ਰੁਝਾਨ ਹਨ?... ਮੈਨੂੰ ਲੱਗਦਾ ਹੈ ਅਸੀਂ ਉਸਨੂੰ ਸੰਬੋਧਿਤ ਹੋਣ ਤੋਂ ਵੀ ਟਲ ਰਹੇ ਹਾਂ, ਜਦੋਂ ਅਸੀਂ ਇਸ ਸਾਰੇ ਕੁਝ ਵਿਚੋਂ ਗੁਜਰ ਰਹੇ ਹਾਂ ਕਿ ਜਿਵੇਂ ਕਹਿੰਦੇ ਹਾਂ ਰੱਬ ਨੇੜੇ ਕਿ ਘਸੁੰਨ ਤਾਂ ਜਦੋਂ ਅਸੀਂ ਡੀਬੇਟ ਵਿਚ ਪਏ ਤਾਂ ਸਾਨੂੰ ਘਸੁੰਨ ਨੇੜੇ ਲਗਦਾ ਹੈ। ਅਸੀਂ ਮੁਜੱਫਰਨਗਰ ਦੇ ਵਰਤਾਰੇ ਬਾਰੇ ਗੱਲ ਖੁੱਲ੍ਹ ਕੇ ਕਰ ਸਕਦੇ ਹਾਂ ਪਰ ਪੰਜਾਬ ਦੇ ਅੰਦਰੂਨੀ ਫਾਸ਼ੀਵਾਦ ਰੁਝਾਨ ਜੋ ਕਿ ਪੰਜਾਬ ਦੀ ਪੌਲੀਟਿਕਸ ਵਿੱਚੋਂ ਰਿਫਲੈਕਟ ਹੁੰਦੇ ਨੇ ਉਹਨਾਂ ਨੂੰ ਅਸੀਂ ਸੰਬੋਧਿਤ ਨਹੀਂ ਹੁੰਦੇ। ਮੇਰਾ ਇਸ਼ਾਰਾ ਜਿਸ ਚੀਜ਼ ਵੱਲ ਹੈ ਤੁਸੀਂ ਸਾਰੇ ਸਮਝ ਗਏ ਹੋ।

ਪੰਜਾਬ ਦਾ ਜੋ ਬੁੱਧੀਜੀਵੀ ਹੈ ਉਹ ਬੋਲਣ ਲਈ ਆਜ਼ਾਦ ਹੈ? ਜੇ ਕੋਈ ਉਸਦੇ ਮਨ ਵਿਚ ਹੈ ਜਾਂ ਉਸਦੀ ਖੋਜ ਵਿਚ ਇਹੋ ਜਿਹੀਆਂ ਚੀਜ਼ਾਂ ਆਉਂਦੀਆਂ ਹਨ ਜਿਹਦੇ ਨਾਲ ਉਹਦੇ ਨੇੜੇ ਤੇੜੇ ਦੇ ਬਹੁਗਿਣਤੀ ਸਿੱਖ ਵਸੋਂ ਤੇ ਉਸਦੀਆਂ ਭਾਵਨਾਵਾਂ ਜੇ ਆਹਤ ਹੋਣਗੀਆਂ, ਕੀ ਮੈਂ ਕਹਿ ਸਕਦਾ? ਕੀ ਮੈਨੂੰ ਇਹ ਕਹਿਣ ਦਾ ਅਧਿਕਾਰ ਹੈ? ਕੀ ਮੈਂ ਬੋਲ ਸਕਦਾ? ਮੈਨੂੰ ਲੱਗਦਾ ਹੈ ਨਹੀਂ, ਬਿਲਕੁੱਲ ਨਹੀਂ। ਕਿਉਂਕਿ ਪਿਛਲੇ ਦਿਨੀਂ ਮੈਂ ਇਤਿਹਾਸ ਪੜ੍ਹ ਰਿਹਾ ਸਾਂ ਜਿਸਤੋਂ ਕਿ ਮੁਗਲ ਪੀਰਡ ਪੜ੍ਹਨਾ ਸ਼ੁਰੂ ਕੀਤਾ ... ਮੁਗਲ ਪੀਰੀਅਡ ਦੇ ਬਰਾਬਰ ਰੱਖ ਕੇ ਸਿੱਖ ਇਤਿਹਾਸ ਦੀਆਂ ਚੀਜ਼ਾਂ ਜਿਸ ਵਿੱਚ ਮੋੜ ਘੇੜ ਆਉਂਦੇ ਰਹੇ... ਉਹਨਾਂ ਨੂੰ ਪੜ੍ਹਨਾ ਸ਼ੁਰੂ ਕੀਤਾ, ਤੇ ਉਹਨਾਂ ਵਿਚੋਂ ਏਨੀਆਂ ਜ਼ਿਆਦਾ ਇਸ ਕਿਸਮ ਦੀਆਂ ਧਾਰਨਾਵਾਂ ਬਣੀਆਂ... ਜਿਹੜੀਆਂ ਮੈਂ ਬੋਲਣ ਲਈ ਆਜ਼ਾਦ ਨਹੀਂ ਹਾਂ... ਲਿਖਣ ਲਈ ਆਜ਼ਾਦ ਨਹੀਂ ਹਾਂ...ਸਿੱਖ ਗੁਰੂਆਂ ਦੇ ਮਾਮਲੇ ਵਿਚ... ਮੁਗਲ ਰਾਜ ਵਿਚ ਖੜੀਆਂ ਹੋਈਆਂ ਕੰਟਰਡਕਸਨ... ਗੁਰੂਆਂ ਦਾ ਮੁਗਲ ਰਾਜ ਵਿਚ ਰੋਲ ਕੀ ਸੀ... ਉਨ੍ਹਾਂ ਨਾਲ ਸਬੰਧ ਕਿਸ ਕਿਸਮ ਦੇ ਸਨ...ਕੀ ਪੰਜਾਬ ਵਿਚ ਸੱਚੀ ਹੀ ਇਸ ਪ੍ਰਕਾਰ ਦੀ ਸਪੇਸ ਹੈ ਕਿ ਅਸੀਂ ਆਪਣੀ ਖੋਜ ਨੂੰ ਖੁੱਲ੍ਹੇ ਰੂਪ ਵਿਚ ਕਰ ਸਕੀਏ ਤੇ ਲੋਕ ਉਸ ਨੂੰ ਬਰਦਾਸਤ ਕਰ ਲੈਣ... ਏਥੋਂ ਤੱਕ ਜੇਕਰ ਗੁਰੂ ਗ੍ਰੰਥ ਸਾਹਿਬ ਬਾਰੇ ਖੋਜ ਕਰਨੀ ਹੋਵੇ ਤਾਂ ਐਸ. ਜੀ. ਪੀ. ਸੀ. ਤੋਂ ਆਗਿਆ ਲਓ... ਬਈ ਤੁਸੀਂ ਇਸ ਕਿਸਮ ਦਾ ਅਨੈਲਸਿਸ ਨਹੀਂ ਕਰ ਸਕਦੇ... ਤੁਸੀਂ ਗਲੋਰੀਫਿਕੇਸ਼ਨ ਕਰ ਸਕਦੇ ਹੋ, ਤੁਸੀਂ ਉਸਦੇ ਅਲੰਕਾਰਾ, ਬਿੰਬਾਂ ਦੀ ਜਿੰਨੀ ਮਰਜ਼ੀ ਪ੍ਰਸ਼ੰਸ਼ਾ ਕਰੀ ਚੱਲੋ ਪਰ ਜੇ ਤੁਸੀਂ ਉਹਨੂੰ ਇਤਿਹਾਸ ਦੇ ਰੂਪ ਵਿਚ ਫੈਲਾਅ ਕੇ ਉਸਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ..... ਤੁਹਾਡੇ ਕੋਲ ਅਜਿਹੀਆਂ ਗੱਲਾਂ ਸਾਹਮਣੇ ਆਉਣਗੀਆਂ, ਜਿਹਨੂੰ ਤੁਸੀਂ ਲਿਖ ਹੀ ਨਹੀਂ ਸਕਦੇ।

ਮੇਰੇ ਕੋਲ ਇਕ ਵਿਦਿਆਰਥਣ ਲੜਕੀ ਪੀ ਐਚ ਡੀ ਕਰਨ ਆਈ ਗੁਰਬਾਣੀ ਉੱਤੇ... ਮੈਂ ਕਿਹਾ ਗੁਰਬਾਣੀ ਤੇ ਮੈਂ ਖੋਜ ਕਰਾ ਨੀਂ ਸਕਦਾ, ਕਿਉਂਕਿ ਜਿਸ ਤਰ੍ਹਾਂ ਦੀ ਖੋਜ ਮੈਂ ਕਰਾਉਣਾ ਚਾਹੁੰਦਾ ਉਸ ਕਿਸਮ ਦੀ ਖੋਜ ਦੀ ਆਗਿਆ ਨਹੀਂ ਹੈ, ਤੇ ਜਿਸ ਕਿਸਮ ਦੀ ਖੋਜ ਹੋਈ ਜਾਂਦੀ



ਹੈ ਉਹ ਮੈਂ ਕਰਾਉਣੀ ਨਹੀਂ ਚਾਹੁੰਦਾ... ਸਿੱਖ ਗੁਰੂਆਂ ਦਾ ਅਤੇ ਮੁਗਲਾਂ ਦਾ ਜੋ ਸਬੰਧ ਹੈ ਉਹ ਕਦੇ ਵਿਰੋਧ ਵਾਲਾ ਰਿਹਾ ਹੀ ਨਹੀਂ। ਗੁਰੂ ਨਾਨਕ ਤੋਂ ਲੈ ਕੇ ਅਖੀਰ ਤੱਕ ਵਿਰੋਧ ਵਾਲਾ ਸਬੰਧ ਨਹੀਂ ਰਿਹਾ ਪਰ ਇਹਨਾਂ ਮੁੱਦਿਆਂ ਨੂੰ ਪੰਜਾਬ ਦੇ ਵਿੱਚ ਕਦੀ ਵੀ ਛੇੜਨਾ... ਬੋਲਣਾ ਸਾਨੂੰ ਔਖਾ ਲੱਗਦਾ ਹੈ। ਹਿੰਦੂ ਫਾਸੀਇਜ਼ਮ ਬਾਰੇ ਅਸੀਂ ਬਹੁਤ ਉੱਚੀ ਆਵਾਜ਼ ਵਿਚ ਗੱਲ ਕਰ ਸਕਦੇ ਹਾਂ ਪਰ... ਇਹ ਵਰਤਾਰਾ ਸਾਨੂੰ ਪ੍ਰਭਾਵਿਤ ਕਰਦਾ ਹੈ... ਉਸ ਬਾਰੇ ਲੇਖਕ, ਬੁੱਧੀਜੀਵੀ, ਕਾਲਾਕਾਰ ਲਗਾਤਾਰ ਸਟਰੈੱਸ ਵਿਚ ਰਹਿੰਦੇ ਹਨ... ਪਰ ਇਸ ਸਟਰੈੱਸ ਨੂੰ ਅਸੀਂ ਕਦੀ ਅਡਰੈੱਸ ਨਹੀਂ ਕੀਤਾ।

ਹੁਣ ਮੈਂ ਜੋ ਗੱਲ ਇਨਾਮਾਂ ਦੇ ਮੁੱਦੇ ਉੱਤੇ ਕਰਨੀ ਹੈ... ਕਿ ਅਸੀਂ ਲੇਖਕਾਂ ਕੋਲੋਂ ਉਮੀਦ ਕਰ ਲਈ ਕਿ ਉਹ ਸਭ ਆਪ ਹੀ ਕਰਨ... ਇਨਾਮ ਵਾਪਸ ਕੀਤੇ... ਹੁਣ ਝੰਡਾ ਵੀ ਚੁੱਕਣ... ਝੰਡਾ ਚੁੱਕ ਕੇ ਜੱਥੇਬੰਦੀਆਂ ਬਣਾਉਣ... ਤੇ ਜੱਥੇਬੰਦੀਆਂ ਦੇ ਲੀਡਰ ਬਣਨ ਤੇ ਅਸੀਂ ਇਹਨਾਂ ਨੂੰ ਧਿਆਨ ਨਾਲ ਵੇਖਦੇ ਰਹੀਏ ਤੇ ਇਹਨਾਂ ਦਾ ਮੁਲਾਂਕਣ ਕਰਨ ਲਈ ਜੱਜ ਬਣ ਕੇ ਬੈਠੇ ਰਹੀਏ, ਇਹ ਠੀਕ ਹੈ ਕਿ ਲੇਖਕਾਂ ਦੇ ਇਮਾਨ ਵਾਪਸ ਕਰਨ ਤੋਂ ਬਾਅਦ ਉਹਨਾਂ ਦੀਆਂ ਜ਼ਿੰਮੇਵਾਰੀਆਂ ਸੱਚੀ ਇੰਨੀਆਂ ਵੱਧ ਜਾਂਦੀਆਂ ਹਨ ਕਿ ਜਿੰਨੀਆਂ ਉਦੋਂ ਨਹੀਂ ਹੁੰਦੀਆਂ ਜਦੋਂ ਇਨਾਮ ਮਿਲ ਜਾਂਦੇ ਹਨ। ਸਾਨੂੰ ਪਤਾ ਹੈ ਕਿ ਆਪਣੇ ਯਤਨਾ ਨਾਲ ਇਕ ਤਰ੍ਹਾਂ ਦੀ ਮੈਨੂੰਪੁਲੇਸ਼ਜ਼ ਵਿਚੋਂ ਦੀ ਹੀ ਇਨਾਮ ਮਿਲਦੇ ਹਨ ... ਇਸ ਗੱਲ ਤੋਂ ਕੋਈ ਮੁਕਰ ਨਹੀਂ ਸਕਦਾ। ਇਹ ਹੋ ਸਕਦਾ ਕੋਈ ਇਸ ਗੱਲ ਨੂੰ ਜਸਟੀਫਾਈ ਕਰੇ ਤੇ ਕੋਈ ਗਿਲਟੀ ਫੀਲ ਕਰੇ ਤੇ ਕੋਈ ਗਿਲਟੀ ਤੋਂ ਮੁਕਤ। ਪਰ ਜਿੰਨ੍ਹਾਂ ਲੇਖਕਾਂ ਨੇ ਇਹ ਇਨਾਮ ਵਾਪਸ ਕੀਤੇ ਉਨ੍ਹਾਂ ਦੀ ਜ਼ਿੰਮੇਵਾਰੀ ਸੱਚਮੁੱਚ ਹੋਰ ਵੱਧ ਗਈ ਹੈ। ਮੇਰਾ ਪ੍ਰਤੀਕਰਮ ਸੀ ਕਿ ਪੰਜਾਬੀ ਸਾਹਿਤ, ਪੰਜਾਬੀ ਕਵਿਤਾ ਇਨ ਜੈਨੂਅਲ ਉਸਨੇ ਇਨਾਮ ਵਾਪਸੀ ਤੋਂ ਬਾਅਦ ਉਵੇਂ ਨਹੀਂ ਰਹਿਣਾ ਜਿਸ ਪ੍ਰਕਾਰ ਦਾ ਇਹ ਪਹਿਲਾਂ ਸੀ। ਥੋੜ੍ਹਾ ਜਿਹਾ ਇਹ ਰਾਜਨੀਤਿਕ ਹੋਵੇਗਾ। ਜਿਸਨੂੰ ਕਿ ਤੁਸੀਂ ਭਵਿੱਖ ਸਵੀਕਾਰ ਕਰ ਲਵੋਗੇ ਕਿ ਇਹ ਜਿਸ ਤਰ੍ਹਾਂ ਦੇ ਜ਼ਿੰਦਗੀ ਦੇ ਠੋਸ ਮੁੱਦਿਆਂ ਤੋਂ ਪੰਜਾਬੀ ਕਹਾਣੀ, ਪੰਜਾਬੀ ਕਵਿਤਾ ਨੇ ਪਿਛਲੇ ਦਿਨਾਂ ਵਿਚ ਪਾਸਾ ਵੱਟਿਆ ਸੀ ਉਸਨੂੰ ਜਸਟੀਫਾਈ ਵੀ ਕੀਤਾ, ਐਗਜਿਸਮੈਂਟ ਦੇ ਨਾਮ ਤੇ ਵੀ ਜਸਟੀਫਾਈ ਕੀਤਾ, ਉਸ ਲਿਹਾਜ਼ ਨਾਲ ਪੰਜਾਬੀ ਕਵਿਤਾ ਨੂੰ ਜਿਆਦਾ ਸਮਾਜਿਕ ਮੁੱਦਿਆਂ ਵੱਲ ਨੂੰ ਆਉਣਾ ਪਵੇਗਾ। ਪੰਜਾਬੀ ਕਹਾਣੀ, ਪੰਜਾਬੀ ਨਾਵਲ ਨੂੰ ਜਿਹੜਾ ਵਰਤਮਾਨ ਪੰਜਾਬ ਹੈ, ਜਿਸਤੋਂ ਮੇਰੀ ਬਣਾਈ ਹੋਈ ਧਾਰਨਾ ਖਾਸ ਕਰਕੇ ਨਾਵਲ ਬਾਰੇ ਹੈ ਕਿ ਕਾਲ ਦੇ ਵਿਚ ਜਾਂ ਸਪੇਸ ਵਿਚ ਪੰਜਾਬ ਤੋਂ ਦੂਰ ਜਾਂਦਾ ਹੈ। ਸਮੇਂ ਤੋਂ ਦੂਰ ਨੂੰ ਜਾਣ ਬਾਰੇ ... ਜਾਂ ਨਾਵਲ ਬਹੁਤ ਅਤੀਤ ਵਿਚ ਚਲਿਆ ਜਾਵੇਗਾ... ਜਾਂ ਬਹੁਤ ਭਵਿੱਖ ਵਿਚ... ਜਾਂ ਪੰਜਾਬ ਤੋਂ ਬਹੁਤ ਦੂਰ ਚਲੇ ਜਾਵੇਗਾ... ਜਿਵੇਂ ਬਿਹਾਰ ਵਿਚ... ਇੰਦਰ ਸਿੰਘ ਖਾਮੋਸ਼ ਦਾ ਨਾਵਲ ਜਿਵੇਂ ਹੈ ਉਹ ਰੂਸ ਵੀ ਜਾ ਸਕਦਾ ਹੈ... ਉਹ ਇਸ ਪ੍ਰਕਾਰ ਦੇ ਪਾਤਰ ਲੱਭ ਕੇ ਲਿਆਵੇਗਾ। ਜਿਵੇਂ 'ਲਾਲ ਬੱਤੀ' ਦੇ ਰੂਪ ਵਿਚ ਬੰਗਾਲ ਵੀ ਜਾ ਸਕਦਾ ਹੈ, ਤੁਸ਼ਾਲੀ ਦੀ ਹੰਸ਼ੋ ਦੇ ਰੂਪ ਵਿਚ ਆਂਧਰਾ ਪ੍ਰਦੇਸ਼ ਵੀ ਜਾ ਸਕਦਾ ਹੈ। ਪੰਜਾਬ ਦੇ ਨਾਵਲਕਾਰ ਪੰਜਾਬ ਦੀ ਸਪੇਸ ਤੋਂ ਦੂਰ ਜਾ ਕੇ ਪੰਜਾਬ ਵਿਚ ਨਹੀਂ ਰਹਿੰਦਾ। ਮੇਰੀ ਇੱਛਾ ਹੈ ਕਿ ਪੰਜਾਬ ਦੇ ਵਰਤਮਾਨ ਵੱਲ ਤੇ ਪੰਜਾਬ ਦੀ ਏਸ ਸਥਿਤੀ ਉਸ ਵੱਲ ਉਹਨੂੰ ਵਰਤਣਾ ਪਵੇਗਾ, ਇਹ ਜਿੰਮੇਵਾਰੀ ਇਨਾਮ ਵਾਪਸ ਕਰਨ ਵਾਲੇ ਲੇਖਕਾਂ ਉਪਰ ਜਿਆਦਾ ਆ ਪਈ ਹੈ।

ਅਗਲੀ ਗੱਲ ਕਿ ਇਨਾਮ ਦੀ ਵੈਲਯੂ ਕੀ ਹੈ? ਮੈਂ ਇਹ ਸਮਝਦਾ ਕਿ ਇਹ ਡੈਮੋਕਰੇਟਿਕ ਲਿਬਰਲ ਸਟੇਟ ਹੈ। ਉਹਨੇ ਬਹੁਤ ਸਾਰੀਆਂ ਸੰਸਥਾਵਾਂ ਸਾਹਿਤਕਾਰਾਂ ਅਤੇ ਕਲਾਕਾਰਾਂ ਦੀਆਂ

ਬਣਾਈਆਂ ਹਨ। ਭਾਰਤੀ ਸਾਹਿਤ ਅਕਾਦਮੀ ਉਹਨਾਂ ਵਿਚੋਂ ਇਕ ਹੈ। ਹਰ ਸਟੇਟ ਦੀਆਂ ਆਪਣੀਆਂ ਕਲਾ ਅਕਾਦਮੀਆਂ ਹਨ। ਸਟੇਟ ਜੋ ਲਿਬਰਲ ਡੈਮੋਕਰੇਟਿਕ ਸਟੇਟ ਹੈ। ਇਸ ਦੇ ਦੋ ਕੰਮ ਹਨ... ਇਕ ਕੰਮ ਹੈ ਕਿ ਸਟੇਟ ਦੇ ਨਾਲ ਇਨਕਾਰਪੋਰੇਟ ਕਰਨਾ, ਜਿਹੜਾ ਡਾਈਸੈਂਟ ਹੈ ਕਿਉਂਕਿ ਲੇਖਕ, ਕਲਾਕਾਰ, ਬੁੱਧੀਜੀਵੀ ਬੁਨਿਆਦੀ ਤੌਰ ਤੇ ਅਸਹਿਮਤੀ ਜਤਾਉਣ ਵਾਲੇ ਜਾਂ ਅਲੋਚਨਾ ਕਰਨ ਵਾਲੇ ਹੁੰਦੇ ਹਨ। ਕਿਸੇ ਵੀ ਡੈਮੋਕਰੇਸੀ ਵਿਚ ਇਸਦੀ ਹੋਂਦ ਬਹੁਤ ਹੀ ਮਹੱਤਵਪੂਰਨ ਹੁੰਦੀ ਹੈ, ਜੇ ਉਸ ਲੋਕਤੰਤਰ ਨੇ ਅੱਗੇ ਵੱਲ ਨੂੰ ਯਾਤਰਾ ਕਰਨੀ ਹੈ ਤਾਂ ਇਨਕਾਰਪੋਰੇਟ ਕਰਨਾ ਆਈਡਿਊਲਜੀਕਲੀ ਕੰਮ ਹੈ ਪਰ ਅਸਹਿਯੋਗ ਦੇਣ ਨੂੰ ਜੇ ਅਸੀਂ ਉਸ ਡਾਈਸੈਂਟ ਨੂੰ ਸਿਮਬੋਲੀਕਲੀ ਲਈਏ ਤਾਂ ਡਾਈਸੈਂਟ ਕਰਨ ਵਾਲੇ ਲੇਖਕਾਂ ਨੂੰ ਇਨਾਮ ਮਿਲਦਾ ਹੈ ਜੇਕਰ ਅਸੀਂ ਲਿਖਤਾਂ ਲਈਏ ਤਾਂ ਉਸ ਵਿਚ ਡਾਈਸੈਂਟ ਦੀ ਸ਼ਿੱਦਤ ਵਿਚ ਤਾਂ ਕਮੀ ਹੋ ਸਕਦੀ ਹੈ ਪਰ ਜੇਕਰ ਮੋਟੇ ਤੌਰ ਤੇ ਤੇ ਲਈਏ ਸੱਤਾ ਦਾ ਵਿਰੁੱਧ ਹੁੰਦਾ ਹੈ। ਜੇ ਅਸੀਂ ਭਾਰਤੀ ਸਾਹਿਤ ਅਕਾਦਮੀ ਐਵਾਰਡ ਪ੍ਰਾਪਤ ਲਿਖਤਾਂ ਨੂੰ ਵੇਖੀਏ ਤਾਂ ਜਿਸ ਤਰ੍ਹਾਂ ਦਾ ਸਮਾਜ ਹੈ ਉਹ ਉਸੇ ਤਰ੍ਹਾਂ ਦਾ ਰਹੇ, ਜਿਸ ਕਿਸਮ ਦੀ ਬਣਤਰ ਹੈ ... ਨਹੀਂ ਹੈ। ਮੇਰੇ ਖਿਆਲ ਵਿਚ ਕੋਈ ਅਜਿਹਾ ਲੇਖਕ ਨਹੀਂ ਹੈ ਜਿਸਨੂੰ ਇਨਾਮ ਮਿਲਿਆ ਹੋਵੇ ਕਿ ਉਹ ਜਿਸ ਤਰ੍ਹਾਂ ਦੀ ਸਥਿਤੀ ਹੈ ਉਸੇ ਤਰ੍ਹਾਂ ਬਣੀ ਰਹੇ ਕਰਕੇ ਇਮਾਨ ਮਿਲਿਆ ਹੋਵੇ?

ਹੁਣ ਜਦੋਂ ਹਰਿੰਦਰ ਸਿੰਘ ਮਹਿਬੂਬ ਦੀ ਕਵਿਤਾ ਵੇਖੋ... ਉਹ ਭਾਰਤੀ ਸਟੇਟ ਦੀ ਵਿਚਾਰਧਾਰਾ ਮੁਤਾਬਿਕ ਨਹੀਂ ਹੈ... ਭਾਵੇਂ ਕਿ ਅਸੀਂ ਉਸ ਨਾਲ ਅਸਹਿਮਤ ਹਾਂ ਜਾਂ ਨਹੀਂ ਪਰ ਉਸ ਨੂੰ ਵੀ ਇਹ ਇਨਾਮ ਮਿਲਿਆ। ਸਟੇਟ ਉਨ੍ਹਾਂ ਨੂੰ ਇਹ ਇਨਾਮ ਕਿਉਂ ਦਿੰਦੀ ਹੈ? ਇਸ ਲਈ ਵੀ ਦਿੰਦੀ ਹੈ ਕਿ ਉਨ੍ਹਾਂ ਦਾ ਧੰਨਵਾਦ ਵੀ ਕਰਦੀ ਹੈ ਕਿ ਤੁਸੀਂ ਸਾਡਾ ਕਰਿਟਿਸਿਜਮ ਕਰਦੇ ਹੋ। ਤੇ ਸਾਨੂੰ ਦੱਸਦੇ ਹੋ ਕਿ ਸਾਡੀ ਸੁਸਾਇਟੀ ਵਿਚ ਕਿੱਥੇ ਕਿੱਥੇ ਫੇਲੀਅਰਸ ਹਨ। ਕੀ ਕੀ ਸਟੇਟ ਅਚੀਵ ਨਹੀਂ ਕਰ ਸਕੀ। ਇਕ ਤਰ੍ਹਾਂ ਨਾਲ ਡਾਇਸੈਂਟ ਤੇ ਕਰਿਟੀਸਿਜ਼ਮ ਨੂੰ ਸੈਲੀਬਰੇਟ ਕਰਨ ਦਾ ਤਰੀਕਾ ਵੀ ਹੈ... ਦੁਨੀਆਂ ਦੀਆਂ ਡੈਮੋਕਰੇਟਿਕ ਸਟੇਟ ਸਾਰੀਆਂ ਹੀ ਲੇਖਕ ਨੂੰ ਇਸ ਤਰੀਕੇ ਨਾਲ ਆਨਰ ਕਰਦੀਆਂ ਹਨ... ਅਸੀਂ ਕਹਿੰਦੇ ਹਾਂ ਲੇਖਕ ਸਮਾਜ ਦੀ ਜਗੀਰ ਹੁੰਦਾ ਏ। ਸਮਾਜ ਦੀ ਜਮੀਰ ਦੀ ਆਵਾਜ਼ ਲੇਖਕ ਲੈ ਕੇ ਜਾਂਦਾ ਜੋ ਕਿ ਸਟੇਟ ਕੋਲੋਂ ਪਹੁੰਚਦੀ ਹੈ, ਇਸਦੇ ਨਾਲ ਉਸ ਕੋਲ ਮੌਕਾ ਹੁੰਦਾ ਹੈ ਆਪਣੇ ਆਪ ਨੂੰ ਅਡਰੈੱਸ ਕਰਨ ਦਾ। ਜਿਹੜੀ ਹੁਣ ਦੀ ਸਥਿਤੀ ਜੋ ਹੈ ਉਹ ਸਾਨੂੰ ਇਹਦੇ ਵਿਚੋਂ ਹੀ ਸਮਝ ਆ ਜਾਂਦੀ ਹੈ ਕਿ ਸਾਡੀ ਸਟੇਟ ਇਸ ਸਮੇਂ ਸਮਾਜ ਦੀ ਜਗੀਰ ਦੀ ਆਵਾਜ਼ ਨੂੰ ਸੁਣਨਾ ਨਹੀਂ ਚਾਹੁੰਦੀ, ਉਹ ਕਰਿਟੀਸਿਜ਼ਮ ਨੂੰ ਬਰਦਾਸਤ ਨਹੀਂ ਕਰਨਾ ਚਾਹੁੰਦੀ। ਮੇਰੇ ਖਿਆਲ ਲੇਖਕਾਂ ਦੇ ਇਨਾਮ ਵਾਪਸੀ ਦਾ ਮੁੱਦਾ ਵੀ ਏਹੋ ਹੈ ਕਿ ਅਸੀਂ ਡਾਇਸੈਂਟ ਤੇ ਸਮਾਜ ਦੀਆਂ ਬਣਤਰਾਂ ਨੂੰ ਕਰਿਟੀਸਾਈਜ਼ ਕਰਦੇ ਹਾਂ ਤੇ ਕਰਿਟੀਸਾਈਜ਼ ਕਰਦਿਆਂ ਹੋਇਆ ਅਦਿਖ ਰੂਪ ਵਿਚ ਜਾਂ ਪ੍ਰਤੱਖ ਤੌਰ ਤੇ ਇਸ ਵਿਚ ਸੁਝਾਅ ਹੁੰਦਾ ਹੈ ਕਿ ਸਮਾਜ ਨੂੰ ਕਿਧੱਰ ਜਾਣਾ ਚਾਹੀਦਾ ਜੋ ਕਿ ਲੇਖਕਾਂ ਦਾ ਕੰਮ ਹੈ, ਉਹ ਲਗਾਤਾਰ ਹੀ ਇਹੀ ਕੰਮ ਕਰਦੇ ਰਹਿੰਦੇ ਹਨ, ਜਿਹੜੀ ਸਟੇਟ ਇਸ ਬਾਰੇ ਇੰਨੀ ਇਨਸੈਸੀਟਿਵ ਹੋ ਗਈ ਹੈ ਕਿ ਉਹ ਇਨੀ ਸੰਵੇਦਨਹੀਣ ਹੋ ਗਈ ਕਿ ਉਹ ਕਿਸੇ ਵੀ ਤਰ੍ਹਾਂ ਦੀ ਆਲੋਚਨਾ ਨੂੰ ਬਰਦਾਸਤ ਨਹੀਂ ਕਰਨਾ ਚਾਹੁੰਦੀ ਤਾਂ ਲੇਖਕਾਂ ਨੇ ਉਸਦੇ ਬਦਲੇ ਵਿਚ ਹੁੰਗਾਰਾ ਦਿੱਤਾ। ਫੇਰ ਇਨਾਮ ਵਾਪਸੀ ਦੀ ਇੰਨੀ ਵੱਡੀ ਕੌਂਟਰੋਵਰਸੀ ਬਣਾ ਦਿੱਤੀ ਜੋ ਕਿ ਉਹਨਾਂ ਨੇ ਡਿਫੈਂਸ ਨਹੀਂ ਕੀਤੀ ਬਲਕਿ ਇਫੈਂਸ ਕੀਤੀ, ਲੇਖਕਾਂ ਦੇ ਉਪਰ ਇਫੈਂਸ ਕੀਤਾ ਜਿਹੜੀ ਜਿਆਦਾ ਸੀਰੀਅਸ ਗੱਲ ਬਣ ਜਾਂਦੀ ਹੈ। ਲੇਖਕਾਂ ਦਾ ਇਨਾਮ ਮੋੜਨਾ ਆਪਣੇ ਆਪ



ਵਿਚ ਵਿਰੋਧ ਹੈ ਪਰ ਉਹ ਸਟੇਟ ਲੇਖਕਾਂ ਨੂੰ ਦੁਬਾਰਾ ਕੰਡੈਮ ਕਰਦੀ ਹੈ, ਉਹਨਾਂ ਦੇ ਕਾਰਜਾਂ ਨੂੰ ਕੰਡੈਮ ਕਰਦੀ ਹੈ ਉਸਦੇ ਲਈ ਸ਼ਬਦ ਵਰਤਦੀ ਹੈ-'ਮੈਨੂੰਫੈਕਚਰਲ ਰਿਵੋਲਟ!!

**ਹਰਵਿੰਦਰ ਭੰਡਾਲ**-ਏਥੇ ਜੋ ਫਾਸ਼ੀਵਾਦ ਬਾਰੇ ਗੱਲ ਹੋਈ ਹੈ... ਮੈਨੂੰ ਲੱਗਦਾ ਹੈ ਕਿ ਇਹ ਐਸਾ ਸੰਕਲਪ ਹੈ ਜਿਹੜਾ ਯੂਰਪ ਵਿਚ ਜਦੋਂ ਪੈਦਾ ਹੋਇਆ ਤਾਂ ਉਹ ਸਾਮਰਾਜਵਾਦ ਨਾਲ ਜੁੜੀ ਹੋਈ ਗੱਲ ਸੀ। ਜੇਕਰ ਅਸੀਂ ਇਕ ਇਤਿਹਾਸਕ ਪਰਿਪੇਖ ਨੂੰ ਨਾ ਉਸਾਰੀਏ ਤਾਂ ਉਹ ਪਰਿਪੇਖ ਹੈ ਜਿਹੜਾ ਬੇਸੀਕਲੀ ਯੂਰਪ ਨਾਲ ਜੁੜਦਾ ਹੈ ਜੇਕਰ ਅਸੀਂ ਉਸੇ ਹੀ ਪ੍ਰਕਾਰ ਦੇ ਪਰਿਪੇਖ ਇਨ-ਬਿਨ ਆਪਣੇ ਇਥੇ ਘੜਨ ਦੀ ਕੋਸ਼ਿਸ਼ ਕਰੀਏ ਤਾਂ ਮੈਨੂੰ ਲੱਗਦਾ ਹੈ ਕਿ ਅਸੀਂ ਠੀਕ ਨਿਰਣਿਆਂ ਤੇ ਨਹੀਂ ਪਹੁੰਚਾਗੇ। ਜਦੋਂ ਅਸੀਂ ਫਾਸ਼ੀਵਾਦ ਦੇ ਰੁਝਾਨਾਂ ਦੀ ਗੱਲ ਕਰਦੇ ਹਾਂ ਤਾਂ ਇਕ ਖਾਸ ਤਰ੍ਹਾਂ ਦੇ ਵਿਹਾਰ ਦੀ ਗੱਲ ਸਾਡੇ ਕੋਲ ਆ ਰਹੀ ਹੈ ਜੋ ਵਿਹਾਰ ਆਈਡੀਓਲਜ਼ੀ ਵਿਚੋਂ ਨਿਕਲਦਾ ਹੈ, ਜੋ ਵਿਹਾਰ ਦੇਸ਼ ਦੀਆਂ ਆਰਥਿਕ ਸਥਿਤੀਆਂ ਵਿਚੋਂ, ਦੁਨੀਆਂ ਦੀਆਂ ਆਰਥਿਕ ਸਥਿਤੀਆਂ ਵਿਚੋਂ ਨਿਕਲਦਾ ਹੈ ਇਹ ਵਿਹਾਰ ਇਕ ਪੱਧਰ ਤੇ ਵਿਅਕਤੀਗਤ ਵਿਹਾਰ ਵੀ ਹੈ...ਸਾਡਾ ਜੋ ਸਿਸਟਮ ਹੈ ਇਹ ਆਪਣੇ ਆਪ ਵਿਚ ਇਕ ਅਸਹਿਣਸ਼ੀਲਤਾ ਉੱਤੇ ਖੜ੍ਹਾ ਹੈ। ਸਾਡੇ ਕੋਲ ਜਿਸ ਤਰ੍ਹਾਂ ਦਾ ਸਮਾਜ ਹੈ... ਸਿਆਸੀ ਸਿਸਟਮ ਹੈ ... ਅਰਥਚਾਰਾ ਹੈ... ਇਸਦੇ ਅੰਦਰ ਇੰਨਟਾਲਰੈਂਸ ਇਨ ਇਕੁਐਲਿਟੀ ਪਈ ਹੈ। ਜਿਸਨੂੰ ਅਸੀਂ ਪਿਛਲੇ ਇਤਿਹਾਸ ਵਿਚੋਂ ਬ੍ਰਾਹਮਣਵਾਦ ਨਾਲ ਜੋੜ ਕੇ ਸਮਝ ਸਕਦੇ ਹਾਂ। ਜਦੋਂ ਅਸਹਿਣਸ਼ੀਲਤਾ ਬਹੁਤ ਥਾਵਾਂ ਤੇ ਆਤਮਸਾਤ ਹੋ ਜਾਂਦੀ ਹੈ ਤਾਂ ਉਹ ਬਹੁਤ ਸਾਰੀਆਂ ਥਾਵਾਂ ਉਪਰੋਂ ਸਾਨੂੰ ਦਿਸਣੋਂ ਵੀ ਹੱਟ ਜਾਂਦੀ ਹੈ। ਅਸੀਂ ਉਸ ਚੀਜ ਨੂੰ ਆਤਮਸਾਤ ਕਰ ਲੈਂਦੇ ਹਾਂ। ਪ੍ਰੰਤੂ ਰੌਲਾ ਉਦੋਂ ਪੈਦਾ ਹੈ ਜਦੋਂ ਅਸਹਿਣਸ਼ੀਲਤਾ ਉਨ੍ਹਾਂ ਲੋਕਾਂ ਤੱਕ ਪਹੁੰਚਦੀ ਹੈ ਜਿਨ੍ਹਾਂ ਕੋਲ ਇਕ ਆਵਾਜ਼ ਹੈ। ਆਮ ਲੋਕਾਂ ਕੋਲ ਇਸ ਨੂੰ ਪ੍ਰਗਟ ਕਰਨ ਦਾ ਕੋਈ ਮਾਧਿਅਮ ਨਹੀਂ ਹੈ ਜਿੱਥੋਂ ਉਹ ਗੱਲ ਕਰ ਸਕਣ। ... ਜਦੋਂ ਅਸੀਂ ਨੈਸ਼ਨਲ ਮੂਵਮੈਂਟ ਵੱਲ ਵੇਖਦੇ ਹਾਂ ਤਾਂ ਉਹ ਧਰਮ ਦੇ ਨਾਲ ਜੁੜ ਕੇ ਆਈਆਂ। ਜੇਕਰ ਮੁਸਲਮਾਨ ਵਿਰੋਧ ਕਰ ਰਹੇ ਹਨ ਤਾਂ 'ਖਿਲਾਫ਼ਤ ਅੰਦੋਲਨ ਆਉਂਦਾ ਹੈ। ਉਸ ਖਿਲਾਫ਼ਤ ਦੇ ਨਾਲ ਪੂਰੇ ਦਾ ਪੂਰਾ ਧਾਰਮਿਕ ਪੈਰਾਡਾਇਮ ਖੜ੍ਹਾ ਹੈ। ਜੇਕਰ ਅਕਾਲੀ ਸਿੱਖ ਆਉਂਦੇ ਹਨ ਵਿਰੋਧ ਵਿਚ ਉਹ ਵੀ ਪੂਰਾ ਦਾ ਪੂਰਾ ਧਾਰਮਿਕ ਪੈਰਾਡਾਇਮਸ ਸਾਡੇ ਸਾਹਮਣੇ ਖੜ੍ਹਾ ਹੈ। ਦੂਜੇ ਪਾਸੇ ਜਦੋਂ ਅਸੀਂ ਕਾਂਗਰਸ ਨੂੰ ਵੇਖਦੇ ਹਾਂ ਤਾਂ ਕਾਂਗਰਸ ਦਾ ਆਪਣਾ ਸਾਰਾ ਕਲਚਰ ਹਿੰਦੂ ਕਲਚਰ ਦੀਆਂ ਰਸਮਾਂ ਉੱਤੇ ਖੜ੍ਹਾ ਹੈ। ਜੋ ਅਸੀਂ ਨੈਸ਼ਨਲ ਸਿੰਬਲ ਉਸਾਰਦੇ ਹਾਂ ਉਹ ਵੀ ਹਿੰਦੂ ਧਰਮ ਦੇ ਨਾਲ ਜੁੜੇ ਹੋਏ ਹਨ... ਜਿਹਦੇ ਵਿਚੋਂ ਭਾਰਤ ਮਾਤਾ ਦਾ ਸਿੰਬਲ ਬਣਦਾ ਹੈ। ਜਾਂ ਬੰਦੇ ਮਾਤਰਮ ਦਾ... ਜਦੋਂ ਅਸੀਂ ਕਮਿਊਨਿਸਟਾਂ ਨੂੰ ਵੇਖਦੇ ਹਾਂ ਤਾਂ ਇਹ ਆਜ਼ਾਦ ਹਸਤੀ ਦੇ ਤੌਰ ਤੇ ਨਹੀਂ ਵਿਚਰ ਸਕੇ... ਇਹ ਇਕ ਬਹੁਤ ਵੱਡੀ ਟਰੈਜਿਡੀ ਹੈ ਕਿ ਭਾਰਤ ਦੇ ਕਮਿਊਨਿਸਟ ਨੇ ਇਸ ਨੈਸਨਲ ਮੂਵਮੈਂਟ ਪ੍ਰਤੀ ਵੀ ਵੱਖ ਵੱਖ ਸਮੇਂ ਵੱਖ ਵੱਖ ਸਟੈਂਡ ਲਏ, ਪੋਜੀਸ਼ਨਾ ਲਈਆਂ... ਉਹ ਆਪਣੇ ਇਥੋਂ ਦੀਆਂ ਪਰਿਸਥਿਤੀਆਂ ਨੂੰ ਵੇਖਕੇ ਫੈਸਲਾ ਨਹੀਂ ਕਰ ਸਕੇ। ਜਦੋਂ ਅਸੀਂ ਪੰਜਾਬ ਦੀ ਕਮਿਊਨਿਸਟ ਮੂਵਮੈਂਟ ਨੂੰ ਵੇਖਦੇ ਹਾਂ ਤਾਂ ਉਹ ਕਦੇ ਵੀ ਸਿੱਖ ਰਾਸ਼ਟਰਵਾਦ ਤੋਂ ਮੁਕਤ ਨਹੀਂ ਹੋ ਸਕੀ। ਪੁਰਾਣੀਆਂ ਇਤਿਹਾਸਕ ਲਿਖਤਾਂ ਨੂੰ ਵੇਖਦਿਆਂ ਉਹਦੇ ਵਿਚ ਉਸੇ ਤਰੀਕੇ ਨਾਲ ਸਾਰੀ ਦੀ ਸਾਰੀ ਟਰੈਡੀਸ਼ਨ ਨੂੰ ਉਹਨਾਂ ਨੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਟਰੈਡੀਸ਼ਨ ਵਜੋਂ ਲਿਆ। ਨਹਿਰੂ ਨੇ ਭਾਰਤ ਨੂੰ ਇਕ ਪਾਸੇ ਸੈਕੂਲਰ ਸਟੇਟ ਬਣਾਉਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਸ ਨੇ ਰਾਸ਼ਟਰ ਨੂੰ ਧਰਮ ਬਣਾ ਕੇ ਲੋਕਾਂ ਸਾਹਮਣੇ ਪੇਸ਼ ਕਰ ਦਿੱਤਾ, ਜੇਕਰ ਉਹਨਾਂ ਸੰਵਿਧਾਨਕ ਤੌਰ ਤੇ ਭਾਰਤ ਨੂੰ ਸੈਕੂਲਰ ਰਾਸ਼ਟਰ ਰੱਖਿਆ ਤਾਂ ਦੂਜੇ ਪਾਸੇ ਉਹਨਾਂ ਨੇ ਰਾਸ਼ਟਰ ਨੂੰ

ਧਰਮ ਦਾ ਦੌਰ ਬਣਾ ਦਿੱਤਾ। ਅਸੀਂ ਵੇਖ ਸਕਦੇ ਹਾਂ ਕਿ ਸੰਵਿਧਾਨ ਦੇ ਵਿਚ ਕਾਨੂੰਨ ਵਿਚ ਕਿਵੇਂ ਰਾਸ਼ਟਰੀ ਸਿੰਬਲ ਬਾਰੇ ਕਾਨੂੰਨ ਬਣੇ ਹਨ। ਜੇਕਰ ਅਸੀਂ ਤਰੰਗੇ ਦੀ ਬੇਅਦਬੀ ਕਰਦੇ ਹਾਂ ਤਾਂ ਸਾਡੇ ਖਿਲਾਫ਼ ਕੀ ਹੋ ਸਕਦਾ ਹੈ... ਜੇਕਰ ਅਸੀਂ ਰਾਸਟਰੀ ਗੀਤ ਦੀ ਬੇਅਦਬੀ ਕਰਦੇ ਹਾਂ ਤਾਂ ਸਾਡੇ ਨਾਲ ਕੀ ਹੋ ਸਕਦਾ ਹੈ, ਇਹ ਉਹੀ ਕੁਝ ਹੈ ਜੋ ਧਾਰਮਿਕ ਭਾਵਨਾਵਾਂ ਦੀ ਬੇਅਦਬੀ ਕਰਨ ਨਾਲ ਹੁੰਦਾ ਹੈ। ਪਰ ਕਾਂਗਰਸ ਨੇ ਆਪਣੇ ਲੰਮੇ ਸਮੇਂ ਦੇ ਰਾਜ ਵਿਚ ਰਾਸ਼ਟਰ ਨੂੰ ਇਕ ਧਰਮ ਵਜੋਂ ਲੋਕਾਂ ਸਾਹਮਣੇ ਪੇਸ਼ ਕਰੀ ਰੱਖਿਆ।

**ਤਸਕੀਨ**-ਜਦੋਂ ਬੇਜੀਪੀ ਸੱਤਾ ਵਿਚ ਆਉਂਦੀ ਹੈ... ਉਹ ਹਿੰਦੂਵਾਦੀ ਕਲਚਰ ਨੂੰ, ਹਿੰਦੂਵਾਦੀ ਵਿਚਾਰਧਾਰਾ ਦੀ ਕੱਟੜਤਾ ਨੂੰ ਡੌਮੀਨੇਟ ਕਰਨਾ ਚਾਹੁੰਦੀ ਹੈ ਸਾਨੂੰ ਇਹ ਫਾਸ਼ੀਵਾਦ ਲਗਦਾ ਹੈ... ਪੰਜਾਬ ਵਿਚ ਜੋ ਅਕਾਲੀਆਂ ਦੀ ਲੜਾਈ ... ਸਿੱਖ ਡੋਮੀਨੈਂਟ ਦੀ ਲੜਾਈ ਉਹਨਾਂ ਵਿਚਾਰਾ ਦੇ ਗਲਵੇ ਦੀ ਲੜਾਈ ਉਥੇ ਸਾਨੂੰ ਕਦੇ ਫਾਸ਼ੀਵਾਦ ਨਹੀਂ ਦਿਖਾਈ ਦਿੰਦਾ ਉਦਾਹਰਨ ਲਈ... ਗੁਰਬਚਨ ਕੌਰ ਦੀ ਕਿਤਾਬ ਪੰਜਾਬ ਸਰਕਾਰ ਦੇ ਵਿਭਾਗ ਭਾਸ਼ਾ ਵਿਭਾਗ ਨੇ ਸਾੜ ਦਿੱਤੀ.... ਡਾ. ਪਿਆਰ ... ਬਾਲੇ ਦੀ ਸਾਖੀ ਬਾਰੇ... ਉਹ ਸਾੜੀ ਗਈ... ਸਾਨੂੰ ਉਦੋਂ ਫਾਸ਼ੀਵਾਦ ਨਹੀਂ ਦਿਖਾਈ ਦਿੱਤਾ... ਮੈਨੂੰ ਲੱਗਦਾ ਫਾਸ਼ੀਵਾਦ ਉਦੋਂ ਦਿਖਾਈ ਨਹੀਂ ਦਿੰਦਾ ਜਦੋਂ ਸਾਡੇ ਸਭਿਆਚਾਰ ਵਿਚ ਆਤਮਸਾਤ ਹੋ ਜਾਂਦਾ ਹੈ ਤੁਸੀਂ ਆਪਣੇ ਘਰ ਵਿਚ ਰਹਿ ਰਹੇ ਹੋ ਇਉਂ ਲੱਗਦਾ ਪਰ ਬੰਦਾ ਕੋਈ ਹੋਰ ਆਉਂਦਾ ਤਾਂ ਉਸਨੂੰ ਲਗਦਾ ਕਿ ਨਹੀਂ ਇਹ ਠੀਕ ਨਹੀਂ... ਬਸਤੀਵਾਦੀ ਦੇ ਦੌਰ ਵਿਚ ਸਾਡੀ ਇਤਿਹਾਸਕਾਰੀ ਨੂੰ ... ਧਰਮ ਨੂੰ ਇਸ ਤਰ੍ਹਾਂ ਬਣਾ ਦਿੱਤਾ ਗਿਆ ਕਿ ਉਹ ਸਾਨੂੰ ਵਧੀਆ ਲੱਗਦਾ ਹੈ... ਪਰ ਦੂਸਰੇ ਨੂੰ ਅਸਹਿਣਸ਼ੀਲ ਲੱਗਦਾ ਹੈ...ਜਦੋਂ ਅਸੀਂ ਮੱਧ ਕਾਲ ਦਾ ਇਤਿਹਾਸ ਪੜ੍ਹਦੇ ਹਾਂ ਤਾਂ ...ਮੈਨੂੰ ਨਹੀਂ ਲੱਗਦਾ ਕਿ ਜਿਹੜੇ ਭਾਰਤ ਵਿਚ ਮੁਗਲ ਸਨ... ਤੁਰਕ ਸਨ... ਉਹ ਕੋਈ ਏਥੇ ਦੇ ਲੋਕਾਂ ਦੇ ਵਿਰੋਧੀ ਸਨ... ਦੇਸ਼ ਵਿਰੋਧੀ ਜਾਂ ਧਰਮ ਵਿਰੋਧੀ ਤਾਕਤਾਂ ਸਨ... ਉਹ ਡੌਮੀਨੇਟਿਵ ਫੋਰਸ ਸਨ। ਪਰ 20 ਵੀ ਸਦੀ ਦੀ ਇਤਿਹਾਸਕਾਰੀ ਨਾਲ ਇਕ ਖਾਸ ਕਿਸਮ ਦੀਆਂ ਧਾਰਮਿਕ ਹੱਦਾਂ ਖੜੀਆਂ ਕਰ ਦਿੱਤੀਆਂ ਗਈਆਂ... ਉਨ੍ਹਾਂ ਵਿਚ ਬਸਤੀਵਾਦੀ ਸਾਨੂੰ ਕਿਤੇ ਦਿਖਾਈ ਨਹੀਂ ਦਿੰਦੇ। ਜਦੋਂ ਅੰਗਰੇਜ਼ ਬਹਾਦਰ ਸ਼ਾਹ ਜਫ਼ਰ ਨਾਲ ਲੜ ਰਹੇ ਸਨ ਤਾਂ ਕਿਸੇ ਕਿਹਾ ਕਿ ਤੁਸੀਂ ਹਾਰਦੇ ਹਾਰਦੇ ਜਿੱਤ ਗਏ ਪਰ ਤੁਸੀਂ ਹੁਣ ਵੀ ਨਹੀਂ ਜਿੱਤ ਸਕਦੇ ਜੇਕਰ ਤੁਸੀਂ ਆਪਣੇ ਪ੍ਰਬੰਧ ਨੂੰ ਠੀਕ ਨਾ ਕੀਤਾ ਤਾਂ ਤੁਸੀਂ ਜਿੱਤ ਨਹੀਂ ਸਕਦੇ। ... ਇਹਦੇ ਪਿੱਛੇ ਕੀ ਕਾਰਨ ਹੈ... ਉਹ ਕਹਿੰਦਾ ਹੈ ਕਿ ਇਨ੍ਹਾਂ ਦੇ ਸਭਿਆਚਾਰ ਨੂੰ ਸਟੱਡੀ ਕਰੋ... ਇਹ ਦੇਖੋ ਕਿ ਇਨ੍ਹਾਂ ਦੇ ਵਿਚਾਰ ਕਿੱਥੋਂ ਆ ਰਹੇ ਹਨ... ਜੋ ਏਕਤਾ ਵਧਾਉਂਦੇ ਹਨ... ਇਕ ਅੰਗਰੇਜ਼ ਨੇ ਇਕ ਕਿਤਾਬ ਲਿਖੀ ਜਿਹਦੇ ਵਿਚ ਉਸ ਨੇ ਭਾਰਤੀ ਦੀ ਇਕੱਲੀ ਇਕੱਲੀ ਜਾਤ ਦਾ ਵਰਣਨ ਕੀਤਾ... ਕੌਣ ਕਿਸ ਕਿਸ ਨੂੰ ਮੰਨ ਰਿਹਾ ਹੈ... ਅਤੇ ਉਸ ਤੋਂ ਉਨ੍ਹਾਂ ਦੇ ਬਹੁਤ ਸਾਰਾ ਸੂਤਰ ਲੱਭੇ... ਕਿ ਇਹਨਾਂ ਅੰਦਰ ਡਵੀਜਨ ਕਿਵੇਂ ਖੜੀਆਂ ਕੀਤੀਆਂ ਜਾਣ। 1920-25 ਦੇ ਦਰਮਿਆਨ ਉਸ ਵੇਲੇ ਖੜੀਆਂ ਕੀਤੀਆਂ ਲਹਿਰਾਂ ਜਾਤੀਵਾਦ, ਧਰਮਵਾਦ ਤੇ ਅਧਾਰਤ ਹਨ। ਫਿਰਕਾ ਪ੍ਰਸਤਾ ਵੰਡ-ਕਮਿਊਨ ਵੰਡ ਜਿਹਦੇ 'ਚ ਇਕ ਦੂਜੇ ਨੂੰ ਬਰਦਾਸ਼ਤ ਨਾ ਕਰਨ ਦੀ ਗੱਲ ਉਭਰੀ...ਸਵਾਲ ਏਥੇ ਇਹ ਹੈ ਕਿ ਕਮਿਊਸਟ ਇਹ ਗੱਲ ਕਹਿੰਦਾ ਹੈ ਕਿ ਅਸੀਂ ਉਸ ਬਾਰੇ ਵਿਚਾਰ ਨਹੀਂ ਕਰਨੀ ਕਿ ਇਹ ਆਧੁਨਿਕਤਾ ਦਾ ਯੁੱਗ ਸੀ ਕਿ ਮਾਰਕਸ ਨੇ ਇਹਨੂੰ ਕਿਹਾ ਸੀ ਕਿ ਇਹ ਇਕ ਕਮਿਊਨ ਇਕੋਨਮੀ ਬਸਤੀਵਾਦੀ ਹੁੰਦੀ ਹੈ ਉਸ ਨੂੰ ਅਸੀਂ ਧਿਆਨ ਨਈ ਦਿੱਤਾ ਕਿ ਬਸਤੀਵਾਦ ਦੀ ਇਕੋਨਮੀ ਕੋਈ ਆਧੁਨਿਕ ਇਕੋਨਮੀ ਹੁੰਦੀ ਹੈ....ਜੋ ਸਾਰੇ ਵਿਦਵਾਨ ਇਤਿਹਾਸਕਾਰੀ ਨੂੰ ਵਾਰ



ਵਾਰ ਰਪੀਟ ਕਰ ਰਹੇ ਹਨ... ਸਵਾਲ ਨਹੀਂ ਕਰ ਰਹੇ... ਸੁਰਜੀਤ ਮੁਤਾਬਿਕ ਹਿੰਦੂ ਫਾਸ਼ੀਵਾਦ ਨਾਲ ਤਾਂ ਲੜ ਸਕਦੇ ਹਾਂ ਪਰ.... ਮੈਂ 'ਬਾਹੂ'' ਤੇ ਇਕ ਲੇਖ ਲਿਖਣਾ ਸੀ... ਮੈਨੂੰ ਲੱਗਦਾ ਸੀ ਕਿ ਮੈਂ ਸਾਇਦ ਨਹੀਂ ਲਿਖ ਸਕਾਂਗਾ... ਸਿੱਖੀ 'ਚ ਜੋ ਕਰਾਮਾਤਾ ਨੇ... ਸੂਫੀਆਂ ਦੀਆਂ ਕਰਾਮਾਤਾਂ ਬਾਰੇ ਤਾਂ ਬੜੇ ਅਰਾਮ ਨਾਲ ਲਿਖ ਸਕਦਾ ਹਾਂ ਪਰ .... ਤਾਂ ਮੈਨੂੰ ਵੱਡੀ ਸਮੱਸਿਆ ਆਏਗੀ...''ਸੋ ਕਿਉਂ ਮੰਦਾ ਆਖਿਐ ਜਿਤ ਜੰਮੈ ਰਾਜਾਨ'' ਸਾਡੇ ਕੋਲ ਇਕੋ ਇਕ ਸਤਰ ਹੈ ਇਸ ਨਾਲ ਹੀ ਅਸੀਂ ਸਾਰੀ ਜਾਂਦੇ ਹਾਂ ਕਿ ਸਿੱਖ ਧਰਮ ਵਿਚ ਔਰਤ ਦਾ ਮਹੱਤਵ ਏ... ਬਸਤੀਵਾਦੀ ਨੇ ਇਹ ਦਿੱਤਾ ਕਿ ਤੁਹਾਡਾ ਜਿਹੜਾ ਸੁਨਹਿਰੀ ਯੁੱਗ ਸੀ ਉਹ ਗੁਪਤਾ ਪੀਰੀਅਡ ਸੀ ਇਸ ਗੁਪਤਾ ਪੀਰੀਅਡ ਨੂੰ ਆ ਕੇ ਇਸਲਾਮ ਨੇ ਖੋਹਿਆ ਤੇ ਇਸਲਾਮ ਤੁਹਾਡਾ ਦੋਸ਼ੀ ਬਣਦਾ ਹੈ। 'ਸ਼ਬਦ' ਇਕ ਐਡੀ ਖਤਰਨਾਕ ਚੀਜ਼ ਹੈ ਸਟੇਟ ਲਈ... ਜਾਂ ਕਮਿਊਨਲ ਸ਼ਬਦ ਤੋਂ ਡਰਦੇ ਨੇ ਸ਼ਬਦ ਨੂੰ ਬਰਦਾਸਤ ਨਹੀਂ ਕਰਦੇ ਮੈਨੂੰ ਲਗਦਾ ਕਿ ਲੇਖਕ ਦਾ ਸਭ ਤੋਂ ਵੱਡਾ ਕੰਮ ਹੈ ਕਿ ਉਹਨੇ ਮਾਡਰਨ ਤਰੀਕੇ ਨਾਲ ਨੈਸ਼ਨਲ ਤਰੀਕੇ ਨਾਲ ਰੋਸ਼ਨ ਖਿਆਲਾ ਨਾਲ ਤਰਕ ਨਾਲ ਗੱਲ ਕਰਨੀ ਹੈ... ਅਸਹਿਣਸ਼ੀਲ ਫਾਸ਼ੀਵਾਦ ਨਾਲ ਲੜਾਈ ਲੜੀ ਜਾਣੀ ਭਾਰਤੀ ਫਾਸ਼ੀਵਾਦ ਜੋ ਕਿ ਇਕ ਖਾਸ ਵਿਚਾਰਧਾਰਕ ਮੁੱਦਾ ਹੈ... ਤੇ ਯੂਰਪੀਅਨ ਫਾਸ਼ੀਵਾਦ ਇਕ ਵਰਤਾਰੇ ਵਜੋਂ ਆਉਂਦਾ ਹੈ ਉਸ ਵਰਤਾਰੇ ਨੂੰ ਬਹੁਤ ਵਾਰੀ ਭਾਰਤ ਵਿਚ ਪੰਜਾਬ ਅੰਦਰ ਲੌਜੀਕਲੀ ਤਰੀਕੇ ਨਾਲ ਇਸ ਵਿਚਾਰਧਾਰਾ ਨੂੰ ਮੌਖਿਕ ਰੂਪ ਵਿਚ ਬਣਾਈ ਗਈ ਸਾਖੀਵਾਦ, ਮਿੱਥਕਵਾਦ ਤੇ ਕੋਈ ਐਸੀ ਲੋੜ ਨਹੀਂ... ਕਿ ਆਹ ਕਦੋਂ ਹੋਇਆ? ... ਕਿਵੇਂ ਹੋਇਆ? ਭਾਰਤੀ ਅੰਦਰ ਸਵਾਲ ਪੈਦਾ ਨਹੀਂ ਹੁੰਦੇ... ਮੈਨੂੰ ਲੱਗਦਾ ਲੇਖਕ ਨੂੰ ਪੂਰਾ ਦੇ ਪੂਰਾ ਸਭਿਆਚਾਰ ਬਿਲਡ ਕਰਨ ਦੀ ਲੋੜ ਹੈ... ਅਸੀਂ ਯੂਨੀਵਰਸਿਟੀਆਂ ਨੂੰ ਸਵਾਲ ਕਹੀਏ ਕਿ ਇਹ ਚੀਜਾਂ ਸਾਨੂੰ ਪੜ੍ਹਾਈਆਂ ਕਿਉਂ ਜਾਂਦੀਆਂ ਨੇ।

**ਦੇਸ ਰਾਜ ਕਾਲੀ**-ਸਨਮਾਨ ਵਾਪਸ ਕਰਨਾ ਲਿਟਰੇਰੀ ਐਕਟ ਨਹੀਂ ਹੈ ਇਹ ਪੁਲੀਟੀਕਲੀ ਐਕਟ ਹੈ। ਲਿਟਰੇਰੀ ਐਕਟ ਬਾਰੇ ਸੋਚਦਿਆਂ ਮੇਰੇ ਮਨ ਵਿਚ ਦੋ ਧਰਾਤਲ ਦੇ ਕਥਾਕਾਰਾਂ ਦੀਆਂ ਕਹਾਣੀਆਂ ਆਉਣ ਲੱਗ ਪਈਆਂ। ਬਈ ਅਸਹਿਣਸ਼ੀਲਤਾ ਕਿਥੇ ਪਈ ਹੈ... ਦੋ ਲੇਖਕ ਨੇ ਪ੍ਰੇਮ ਪ੍ਰਕਾਸ਼ ਤੇ ਵਰਿਆਮ ਸੰਧੂ... ਅੱਤਵਾਦ ਦੌਰ ਦੇ ਦੋਵੇਂ ਸੰਵੇਦਨਸ਼ੀਲ ਕਥਾਕਾਰ ਨੇ... ਪ੍ਰੇਮ ਦੀ ਚਾਹੇ 'ਕੁੰਡਲੀ' ਕਹਾਣੀ ਹੋਵੇ ਚਾਹੇ 'ਕਾਨੀ' ਵਰਿਆਮ ਦੀ ਚਾਹੇ 'ਹੁਣ ਮੈਂ ਠੀਕ ਠਾਕ ਹਾਂ' ਹੋਵੇ ਜਾਂ 'ਛੁੱਟੀ' ਹੋਵੇ। ਪ੍ਰੇਮ ਪ੍ਰਕਾਸ਼ ਦੇ ਪਾਤਰ ਜੇ ਦੇਖੋਗੇ ਤਾਂ ਉਸ ਦੇ ਸਾਰੇ ਸਾਹਿਤ ਵਿਚ ਹਿੰਦੂ ਪਾਤਰ ਸਿੱਖ ਪਾਤਰਾਂ ਨਾਲ ਆਇਸੋਲੇਟ ਵਿਚ ਰਹਿੰਦਾ ਹੈ ਚਾਹੇ ਉਹ ਵਖਰੇਵਾਂ ਸਮਾਜ ਵਿਚੋਂ ਝਲਕਦਾ ਹੈ... ਵਰਿਆਮ ਸੰਧੂ ਦਾ ਹਿੰਦੂ ਪਾਤਰ ਸਿੱਖ ਪਾਤਰਾਂ ਨਾਲੋਂ ਟੁੱਟਿਆ ਹੋਇਆ ਦੇਖੋਗੇ। ਉਹਦੀ ਫੀਲਗ ਅੱਤਵਾਦ ਨੂੰ ਸੰਬੋਧਨ ਹੈ ਅੱਤਵਾਦ ਦੇ ਵਿਰੋਧ ਵਿਚ ਹੈ ਪਰ ਉਹਦੀ ਜਿਹੜੀ ਫੀਲਿੰਗ ਹੈ ਸਿੱਖ ਜੱਟ ਪ੍ਰਤੀ ਹੈਉਹਦੇ ਮਨ ਦੀ ਬਣਤਰ ਸਟੇਟ ਨੇ ਸਭਿਆਚਾਰ ਨੇ ਸਿੱਖੀ ਨੇ ਕਰ ਦਿੱਤੀ ਹੈ ਜੇ ਤੁਸੀਂ ਸਟੱਡੀ ਕਰੋ ਕਿ ਉਹ ਮਨੋਚੇਤਨਾ ਦੇ ਪੱਧਰ ਤੇ ਕਿੱਥੇ ਖੜੇ ਹਨ। ਤੁਸੀਂ ਪ੍ਰੇਮ ਪ੍ਰਕਾਸ ਦੀ 'ਕੁੰਡਲੀ', 'ਕਾਨੀ' ਪੜ੍ਹ ਲਓ ਤੁਹਾਨੂੰ ਇਕ ਖਾਸ ਕਿਸਮ ਦੀ ਨਫਰਤ ਲੱਭੇਗੀ। ਪਾਤਰ ਦਾ ਵਰਤਾਓ ਹਿੰਦੂਵਾਦੀ ਹੋਵੇਗਾ। ਮਨੋਚੇਤਨਾ ਉਹਦਾ ਆਪਣਾ ਰੀਐਕਟ ਹੈ... ਜਿਹੜਾ ਅੱਤਵਾਦ ਪ੍ਰਤੀ ਇਕ ਕੱਟੜ ਹਿੰਦੂ ਦਾ ਹੋਵੇਗਾ। ਇਕ ਪਾਸੇ ਧਰਮ ਹੈ... ਦੂਜੇ ਪਾਸੇ ਕਾਮਰੇਡ ਤੇ ਦਲਿਤ ਹਨ... ਇਨ੍ਹਾਂ ਦੋਹਾਂ ਲੇਖਕਾਂ ਦਾ ਦਲਿਤ ਪ੍ਰਤੀ ਐਕਟ ਦੇਖੋ... ਪ੍ਰੇਮ ਪ੍ਰਕਾਸ ਦੀ ਕਹਾਣੀ ਹੈ 'ਅਨੁਸ਼ਠਾਨ' ਉਹਦੇ ਵਿਚ ਇਕ ਬ੍ਰਾਹਮਣ ਔਰਤ ਪਾਤਰ ਹੈ... ਔਰਤ ਗੁਰੂ ਬਣ ਕੇ ਟੱਕਰਨ ਵਾਲੇ ਮਰਦ ਦਾ ਗਰਭ ਧਾਰਨ ਕਰਦੀ ਹੈ ਪਰ ਜਦੋਂ ਉਹਨੂੰ ਪਤਾ ਲੱਗਦਾ ਹੈ ਕਿ ਇਹ ਉਹੀ ਜੈਬੂ ਮਜ਼ਬੀ

ਹੈ ਜਿਹੜਾ ਸਾਡਾ ਸੀਰੀ ਹੁੰਦਾ ਸੀ ਤਾਂ ਉਹ ਔਰਤ ਅਬਾਰਸ਼ਨ ਕਰਵਾ ਕੇ ਭਰੂਣ ਨੂੰ ਮਰਤਬਾਨ ਵਿਚ ਪਾ ਕੇ ਰੱਖਦੀ ਹੈ... ਐਨੀ ਨਫ਼ਰਤ ਹੈ ਦਲਿਤ ਪ੍ਰਤੀ ...ਉਹ ਸਾਰੇ ਦਾ ਸਾਰਾ ਉਹਦਾ ਐਕਸ਼ਨ ਹੈ ਪ੍ਰੇਮ ਪ੍ਰਕਾਸ਼ ਦਾ ਜਿਹੜਾ ਲਿਟਰੇਰੀ ਐਕਟ ਹੈ, ਜੋ ਸੰਵੇਦਨਾ ਹੈ ਉਹ ਇਕ ਬ੍ਰਾਹਮਣ ਦੀ ਚੇਤਨਾ ਹੈ... ਦੂਜੇ ਪਾਸੇ ਵਰਿਆਮ ਸੰਧੂ ਦੀ ਕਹਾਣੀ 'ਨੌ ਬਾਰਾਂ ਦੱਸ' ਹੈ ਜਦੋਂ ਪੜ੍ਹਦੇ ਹਾਂ ਤਾਂ ਸਾਨੂੰ ਇਕ ਜੱਟ ਕਿਸਾਨ ਦੀ ਦਲਿਤ ਪ੍ਰਤੀ ਜੋ ਜੋ ਸੰਵੇਦਨਾ ਹੈ ਪਤਾ ਲੱਗਦਾ ਹੈ ਕਿ ਉਹ ਦਲਿਤ ਪਾਤਰ ਨੂੰ ਕਿਵੇਂ ਮਾਰਦਾ ਹੈ... ਉਹਦਾ ਮਜ਼ਾਕ ਉਡਾਉਂਦਾ ਹੈ... ਨਫਰਤ ਬਿਲਕੁੱਲ ਨਹੀਂ ਲੱਗੇਗੀ... ਪਰ ਪਾਤਰ ਨੂੰ ਇਕ ਜੌਕਰ ਵਾਂਗ ਹਾਸੋਹੀਣਾ ਬਣਾ ਕੇ ਪੇਸ਼ ਕਰੇਗਾ। ਉਸ ਦਾ ਜਿਹੜਾ ਲਿਟਰੇਰੀ ਐਕਟ ਹੈ ਉਹ ਸਾਰੇ ਦਾ ਸਾਰਾ ਸਾਹਮਣੇ ਆ ਜਾਵੇਗਾ। ਪਰ ਜੇਕਰ ਮੈਂ ਉਹਦੇ ਬਰਾਬਰ ਅਤਰਜੀਤ ਦੀ ਕਹਾਣੀ ਵੇਖਦਾ ਹਾਂ ਤਾਂ ਉਹਦਾ ਕਾਮਰੇਡਾ ਵਾਂਗ 'ਨੂੰਹਾਂ' ਡੰਗ ਮਾਰਦਾ ਹੈ...ਪਰ ਮੈਂ ਏਥੇ ਲਾਲਾ ਸਿੰਘ ਦਿੱਲ ਨੂੰ ਰੱਖਣਾ ਚਾਹਾਗਾ...ਉਹਦੀ ਕਵਿਤਾ ਹੈ 'ਸ਼ਾਮ ਦਾ ਰੰਗ' ਛੱਜਾ ਵਾਲੇ ਦਾ ਜ਼ਿਕਰ ਹੈ... ਜਿਹਦੇ ਵਿਚ ਉਹ ਇਤਿਹਾਸ ਨੂੰ ਸੰਬੋਧਤ ਹੁੰਦਾ ਹੈ... ਕਹਿੰਦਾ ਹੈ ਕਿ ਇਹ ਸਾਡੀ ਜ਼ਮੀਨ ਤੇ ਕੌਣ ਆ ਰਹੇ ਨੇ...ਕਾਮਰੇਡ ਨੂੰ ਲੈ ਕੇ ਜੰਗਲ ਵਿਚ ਜਾਂਦਾ ਹੈ...ਬੋਧੀ ਜੰਗਲਾਤੀਆਂ ਦੇ ਨਾਂ ਇਕ ਯਾਤਰਾ ਹੈ ...ਉਸ ਦੀ ਮਨੋਚੇਤਨਾ ਅਸੀਂ ਵੇਖਦੇ ਹਾਂ। ਉਹ ਵੱਖਰੀ ਤਰ੍ਹਾਂ ਦਾ ਐਕਟ ਹੈ। ਸਾਨੂੰ ਲੇਖਕਾਂ ਦੇ ਸਾਹਿਤਕ ਐਕਟ ਬਾਰੇ ਵੀ ਜ਼ਰੂਰ ਸੋਚਣਾ ਚਾਹੀਦਾ ਹੈ।

**ਜਗਵਿੰਦਰ ਜੋਧਾ**-ਇਹ ਜੋ ਪੰਜਾਬੀ ਦੀ ਇਤਿਹਾਸਕਾਰੀ ਹੈ... ਮੋਹਨ ਸਿੰਘ ਦੀਵਾਨਾ ਪੰਜਾਬੀ ਦਾ ਪ੍ਰਮਾਣਿਤ ਇਤਿਹਾਸਕਾਰ ਹੈ... ਉਹ ਇਤਿਹਾਸ ਬਾਰੇ ਕਿਸ ਤਰ੍ਹਾਂ ਸੋਚਦਾ ਹੈ... ਉਹ ਲਿਖਦਾ ਹੈ ਕਿ ਸੈਂਟਰ'ਚ ਨਾਨਕ ਕਾਲ ਹੈ... ਉਸ ਤੋਂ ਪਹਿਲਾਂ ਵਾਲੇ ਨੂੰ ਪੂਰਵ ਨਾਨਕ ਕਾਲ ਤੇ ਬਾਅਦ ਵਾਲੇ ਨੂੰ ਉੱਤਰ ਨਾਨਕ ਕਾਲ ਕਹਿੰਦਾ ਹੈ। ਕਿਤੇ ਨਾ ਕਿਤੇ ਇਤਿਹਾਸਕਾਰੀ ਦੀ ਇਹ ਬਣਤਰ ਅੱਜ ਤੱਕ ਤੋੜਨ ਦੀ ਕਿਸੇ ਮਾਂ ਦੇ ਪੁੱਤ ਨੇ ਪੰਜਾਬੀ ਵਿਚ ਕੋਸ਼ਿਸ਼ ਨਹੀਂ ਕੀਤੀ। ਇਹ ਗੱਲ ਖਾਰਜ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਗੁਰੂ ਨਾਨਕ ਤੋਂ ਪਹਿਲਾਂ ਸਾਡੀ ਕੋਈ ਸਾਹਿਤਕ ਪ੍ਰੰਪਰਾ ਵੀ ਸੀ, ਮਤਲਬ ਫਰੀਦ ਪੰਜਾਬੀ ਸਾਹਿਤ ਦਾ ਇਕ ਵੱਡਾ ਆਈਕਨ ਸੀ। ਪਹਿਲਾਂ ਲਾਜਵੰਤੀ ਰਾਮਾ ਨੇ ਇਹ ਕਹਿ ਦਿੱਤਾ ਕਿ ਫਰੀਦ ਨਾਂ ਦਾ ਕੋਈ ਲੇਖਕ ਨਹੀਂ ਸੀ ਇਸ ਦੇ ਅਧਾਰ ਤੇ ਬਿਨਾ ਵਿਸ਼ਲੇਸ਼ਣ ਕੀਤਿਆ ਇਹਦੇ ਉੱਤੇ ਤਾਈਦ ਕੀਤੀ... ਸੰਤ ਸਿੰਘ ਸੇਖੋਂ ਨੇ ਉਹਨਾਂ ਦੀਆਂ ਧਾਰਨਾਵਾਂ ਵਿਚ ਇਸਲਾਮ ਬਾਰੇ ਅਸਹਿਨਸ਼ੀਲਤਾ, ਸੂਫੀਵਾਦ ਬਾਰੇ ਜਿਸ ਕਿਸਮ ਦੀ ਅਸਹਿਨਸ਼ੀਲਤਾ ਹੈ ਉਹ ਸਾਰੀ ਮਹਿਸੂਸ ਕਰ ਸਕਦੇ ਹਾਂ। ਹੁਣ ਲੇਖਕ ਦਾ ਫਰਜ ਬਣਦਾ ਹੈ ਕਿ ਉਹ ਇਕ ਨਵੀਂ ਤਰ੍ਹਾਂ ਦਾ ਇਤਿਹਾਸ ਤੇ ਸਾਹਿਤਕ ਚੇਤਨਾ ਪੈਦਾ ਕਰਨ। ਅਸੀਂ ਕਿਸੇ ਦੇ ਖਿਲਾਫ਼ ਗੱਲ ਬਰਦਾਸਤ ਨਹੀਂ ਕਰ ਸਕਦੇ... ਜਦੋਂ ਤਸਕੀਨ ਨੇ 'ਲੈਨਿਨ ਦੇ ਖਿਲਾਫ਼' ਲੇਖ ਲਿਖਿਆ ਤਾਂ ਤਾਂ ਕਿਸੇ ਨੇ ਕਿਹਾ ਕਿ ਇਸ ਦੇ ਪੁਤਲੇ ਫੂਕੀਏ। ਪੁਤਲੇ ਫੂਕਨਾ ਆਪਣੇ ਆਪ ਵਿਚ ਅਸਹਿਨਸ਼ੀਲਤਾ ਦਾ ਬਾਹਰੀ ਰੂਪ ਹੈ। ਜਿਹੜਾ ਅੱਗੇ ਜਾ ਕੇ ਸੰਪ੍ਰਦਾਇਕ ਨਾਲ ਜੁੜਦਾ ਹੈ...ਸੰਪ੍ਰਦਾਇਕ ਭਾਵੇ ਵਿਚਾਰਧਾਰਕ ਹੋਵੇ ਭਾਵੇ ਧਾਰਮਿਕ ਹੋਵੇ। ਸਾਡੇ ਖੱਬੇ ਪੱਖੀਆਂ ਵਿਚ ਜਿਨੀ ਕਿ ਅਸਹਿਨਸ਼ੀਲਤਾ ਇਤਿਹਾਸ ਦੇ ਵਰਤਾਰਿਆਂ ਨੂੰ ਲੈ ਕੇ ਹੈ, ਇਤਿਹਾਸ ਦੇ ਤੱਥਾਂ ਨੂੰ ਲੈ ਕੇ ਹੈ ਉਹਦੀ ਗੱਲ ਕਰਨੀ ਜ਼ਰੂਰੀ ਹੈ...

**ਸਕ੍ਰਿਪਟ- ਮਨਦੀਪ ਸਨੇਹੀ ਤੇ ਦੀਪ ਨਿਰਮੋਹੀ**



## ਪੁਸਤਕ ਰੀਵਿਊ

### ਇਹ ਜੰਗ ਕੌਣ ਲੜੇਗਾ ( ਭੋਲਾ ਸਿੰਘ ਸੰਘੇੜਾ)




ਭੋਲਾ ਸਿੰਘ ਸੰਘੇੜਾ ਇੱਕ ਅਨੁਭਵੀ ਅਤੇ ਪ੍ਰੋੜ ਰਚਨਾ ਦਾ ਗਲਪਕਾਰ ਹੈ। "**ਇਹ ਜੰਗ ਕੌਣ ਲੜੇਗਾ**" ਕਹਾਣੀ-ਸੰਗ੍ਰਹਿ ਲਿਖਣ ਤੋਂ ਪਹਿਲਾਂ ਉਸ ਨੇ ਤਿੰਨ ਹੋਰ ਕਹਾਣੀ-ਸੰਗ੍ਰਹਿ, ਅਨੁਵਾਦਿਤ ਰਚਨਾਵਾਂ, ਦੋ ਸੰਪਾਦਤ ਪੁਸਤਕਾਂ ਅਤੇ ਦੋ ਆਲੋਚਨਾਤਮਕ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਹਨ। ਹੱਥਲੇ ਕਹਾਣੀ-ਸੰਗ੍ਰਹਿ ਇਹ ਜੰਗ ਕੌਣ ਲੜੇਗਾ ਵਿੱਚ ਉਹ ਇਕ ਵੱਖਰੀ ਸ਼ੈਲੀ ਦਾ ਅਹਿਸਾਸ ਕਰਵਾਉਂਦਾ ਹੈ ਤੇ ਇੱਕ ਵੱਖਰੀ ਭਾਂਤ ਦੀ ਗਲਪੀ ਰਚਨਾ ਦੀ ਸਿਰਜਣਾ ਕਰਦਾ ਹੈ, ਜਿਸ ਵਿੱਚ ਕੁੱਲ ਦਸ ਕਹਾਣੀਆਂ ਹਨ ਜਿੰਨ੍ਹਾਂ ਦੇ ਜ਼ਰੀਏ ਲੇਖਕ ਤੇ ਪਾਠਕ ਦੀ ਰਚਨਾ ਨਾਲ ਵੀ ਸੰਵਾਦ ਰਚਾਇਆ ਹੈ ਅਤੇ ਉਸ ਦੀਆਂ ਕਹਾਣੀਆਂ ਦੀ ਮੁੱਖ ਸੁਰ ਰਿਸ਼ਤਿਆਂ ਦੇ ਘੋਰ ਯਥਾਰਥ ਦਾ ਵਰਣਨ ਕਰਦੀ ਹੈ। ਉਸ ਦੀਆਂ ਕਹਾਣੀਆਂ ਦਾ ਗਲਪੀ ਸੱਚ ਇਹ ਹੈ ਕਿ ਪਾਤਰ ਰਿਸ਼ਤਿਆਂ ਨਾਲ ਇਨ੍ਹਾਂ ਨੇੜੇ ਦਾ ਮੋਹ ਪਾਲਦੇ ਹਨ ਪਰ ਜਦੋਂ ਇੱਕਦਮ ਕੁੜੱਤਣ ਆ ਜਾਂਦੀ ਹੈ ਤਾਂ ਰਿਸ਼ਤਿਆਂ ਵਿੱਚ ਅਜਿਹਾ ਕੁਝ ਵੀ ਵਾਪਰ ਜਾਂਦਾ ਹੈ, ਜਿਸ ਦਾ ਉੱਕਾ ਵੀ ਚੇਤਾ ਨਹੀਂ ਹੁੰਦਾ, ਸੰਘੇੜਾ ਨੇ ਕਹਾਣੀ "**ਅਲਵਿਦਾ ਦੋਸਤ**" ਵਿੱਚ ਵਿਸਵਾਸ਼ ਅਤੇ ਰਿਸ਼ਤਿਆ ਦੀ ਸਾਂਝ ਇਨੀ ਡੂੰਘੀ ਦਰਸਾਈ ਹੈ ਪਰ ਫਿਰ ਵੀ ਮਜਬੂਰੀ ਵੱਸ ਕਈ ਰਿਸ਼ਤੇ ਨਹੀਂ ਨਿਭਦੇ।

ਅਗਲੀ ਕਹਾਣੀ "**ਬਾਪੂ**" ਹੈ, ਜਿਸ ਵਿੱਚ ਇੱਕ ਸ਼ਕਲ ਸੂਰਤ ਮਿਲਣ ਕਰਕੇ ਹੀ ਬਾਪੂ ਪ੍ਰਤੀ ਏਨੀ ਤਾਂਘ ਤੇ ਅਪਣੱਤ ਸੀ ਕਿ ਕਿਸੇ ਦੇ ਪੁੱਤਰ ਵਿਚ ਪਿਆਰ ਤੰਦਾਂ ਇੰਨੀਆਂ ਡੂੰਘੀਆਂ ਜੁੜ ਚੁਕੀਆਂ ਸਨ ਕਿ ਜਦੋਂ ਉਹ ਬੰਦਾ ਗੁਜ਼ਰ ਜਾਂਦਾ ਹੈ ਤਾਂ ਮੁੱਖ ਪਾਤਰ ਨੂੰ ਆਪਣਾ ਬਾਪੂ ਹੀ ਦੁਬਾਰਾ ਗੁਜ਼ਰ ਗਿਆ ਪ੍ਰਤੀਤ ਹੁੰਦਾ ਹੈ। ਭੋਲਾ ਸਿੰਘ ਸੰਘੇੜਾ ਦੀ ਮੁੱਖ ਗਲਪੀ ਸੁਰ ਇਹ ਉਭਰਦੀ ਹੈ ਕਿ ਉਹ ਪਿੱਛਲ ਝਾਤ ਵਿਧੀ , ਸਧਾਰਨ ਸ਼ੈਲੀ, ਵਿਵੇਕ ਤੇ ਬੀਤ ਚੁੱਕੇ ਸਮੇਂ ਦੀ ਗੱਲ ਨੂੰ ਗਲਪੀ -ਸੰਸਾਰ ਨਾਲ ਜੋੜਦਾ ਹੈ ਅਤੇ ਅਤੀਤ ਨਾਲ ਜੁੜੀਆਂ ਬਾਤਾਂ ਵੀ ਪਾਉਂਦਾ ਹੈ।

ਮਾੜੇ,ਤਕੜੇ ਦੇ ਰਿਸ਼ਤੇ ਜੋੜਨ ਦੀ ਗੱਲ ਕਰਦਾ ਹੈ ਕਿ ਕਿਵੇਂ ਇੱਕ ਐਸ਼-ਪ੍ਰਸਤੀ ਕਰਨ ਵਾਲਾ ਬੰਦਾ ਨੰਗ ਹੋਇਆ ਫਿਰਦਾ ਹੈ ਤੇ ਸਬਰ ਨਾਲ ਜਿਉਣ ਵਾਲਾ ਆਪਣੇ ਜੀਵਨ ਦੀ ਸਹੀ ਲੀਹ ਤੇ ਚਲਦਾ ਹੈ।


"**ਕਬਰਾਂ ਉਡੀਕਦੀਆਂ**" ਕਹਾਣੀ ਵਿੱਚ ਡਰਾਉਣਿਆ ਸੁਪਨਿਆਂ, ਜ਼ਮੀਨ ਦਾ ਮੋਹ, ਇਲਮ ਦੀ ਘਾਟ ਦੀ ਗੱਲ ਕਰਕੇ ਸੱਚ ਦੀ ਪੇਸ਼ਕਾਰੀ ਕਰਦਾ ਹੈ। "**ਮਤਰੇਈ ਮਿੱਟੀ**" ਕਹਾਣੀ ਵਿੱਚ ਔਰਤ ਦੀ ਤਰਾਸਦੀ, ਮਾਂ ਧੀ ਦਾ ਦੁੱਖ ਤੇ ਧੀ ਪ੍ਰਤੀ ਪਿਓ ਦੇ ਕਸਾਈ ਪੁਣੇ ਤੇ ਉਤਰ ਆਉਣ ਦਾ ਯਥਾਰਥ ਪੇਸ਼ ਕਰਕੇ ਗਲਪੀ ਬਿੰਬ ਉਸਾਰਿਆ ਗਿਆ ਹੈ। ਇੱਥੇ ਕਥਾਕਾਰ ਆਪਣੇ ਅਨੁਭਵ ਨੂੰ ਮਾਨਸਿਕਤਾ ਨਾਲ ਜੋੜਦਾ ਹੈ। "**ਇਹ ਜੰਗ ਕੌਣ ਲੜੇਗਾ**" ਕਹਾਣੀ ਵਿੱਚ ਸੱਥਾਂ ਵਿੱਚ ਬੈਠ ਕੇ ਦੁੱਖ-ਸੁੱਖ ਸਾਂਝੇ ਕਰਨ ਤੇ

ਅਖਬਾਰਾ ਦੀਆਂ ਸੁਰਖੀਆਂ ਪੜ੍ਹਦੇ ਤੇ ਜੱਸਾ ਸਿੰਘ ਦੀ ਮੌਤ ਤੋਂ ਬਾਅਦ ਸੱਥਰ ਖਾਲੀ ਦਿਸਦਾ ਹੈ ਤੇ ਗੱਲ ਕਰਨ ਵਾਲਾ ਕੋਈ ਨਹੀਂ ਦਿਸਦਾ । ਇਸ ਬਾਰੇ ਦੱਸ ਕੇ ਵੱਡੀ ਜੰਗ ਲੜ੍ਹਨ ਲਈ ਪ੍ਰਸ਼ਨ-ਚਿੰਨ੍ਹ ਲਗਾਇਆ ਗਿਆ ਹੈ। ਜਿਸ ਵਿੱਚ ਕਥਾਕਾਰ ਤਜ਼ਰਬੇ ਦੀ ਪੇਸ਼ਕਾਰੀ ਕਰਦਾ ਹੋਇਆ ਉਦੇਸ਼ਪੂਰਨ ਕਥਾ ਦਾ ਬਿਆਨ ਕਰਦਾ ਹੈ। "**ਆਪਣੀ ਸਗੁੰਧ**" ਕਹਾਣੀ ਵਿੱਚ ਪੂਰਵਲਿਆਂ ਨੂੰ ਚੇਤੇ ਕਰਕੇ ਆਪਣੇ ਜ਼ਿਹਨ ਵਿੱਚ ਰੱਖ ਕੇ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਪਿਰਤ ਪਾਈ ਹੈ ਅਤੇ "**ਨਾਚ ਰੇ ਨਾਚ**" ਕਹਾਣੀ ਵਿੱਚ ਰੋਜ਼ੀ ਰੋਟੀ ਦੀ ਖਾਤਰ ਨੱਚ ਕੇ ਗੁਜ਼ਾਰਾ ਕਰਨ ਵਾਲੇ, ਲੋਕਾਂ ਨੂੰ ਅਜ਼ੀਬ ਕਰਤਬ ਦਿਖਾ ਕੇ ਮਨੋਰੰਜਨ ਕਰਨ ਵਾਲੇ ਲੋਕਾਂ ਦੇ ਕਰੂਰ ਯਥਾਰਥ ਦੀ ਪੇਸ਼ਕਾਰੀ ਕੀਤੀ ਹੈ। ਅਖੀਰਲੀ ਕਹਾਣੀ "**ਇੱਕ ਕਰੂਰ ਸੱਚ ਦਾ ਅਹਿਸਾਸ**" ਕਹਾਣੀ ਵਿੱਚ ਜਿਉਣਾ ਝੂਠ ਤੇ ਮਰਨਾ ਸੱਚ ਦੀ ਉਲਟੀ ਗੱਲ ਦਿਖਾ ਕੇ ਕਹਾਣੀਕਾਰ ਨੇ ਮਾਨਸਿਕਤਾ ਨੂੰ ਝਿੰਜੋੜਣ ਵਾਲੇ ਸੱਚ ਦੇ ਗਲਪੀ ਪਾਠ ਨੂੰ ਸਿਰਜ ਕੇ ਆਪਣੇ ਜਿਉਣ ਦੇ ਉਤਸ਼ਾਹ ਨੂੰ ਵਧਾਇਆ ਹੈ। ਇਸ ਤਰ੍ਹਾਂ ਭੋਲਾ ਸਿੰਘ ਸੰਘੇੜਾ ਚੁਗਿਰਦੇ ਦੀਆਂ ਕਹਾਣੀਆਂ ਲਿਖ ਕੇ ਆਪਣੇ ਪ੍ਰਤੀਕਰਮ ਬੜੀ ਸੂਖਮ ਬਿਰਤੀ ਨਾਲ ਦਿੰਦਾ ਹੈ ਅਤੇ ਕਥਾਕਾਰੀ ਦੀ ਪਰਪੱਕਤਾ ਨਾਲ ਪੇਸ਼ਕਾਰੀ ਕਰਦਾ ਹੈ । ਉਸਦੀਆਂ ਕਹਾਣੀਆਂ ਵਿੱਚ ਡੂੰਘੀ ਰਮਜ਼ ਹੈ ਜਿਸ ਤੇ ਪਾਠਕ ਅਤੇ ਆਲੋਚਕ ਨੇ ਹੀ ਗੌਰ ਕਰਨੀ ਹੁੰਦੀ ਹੈ।

**- ਗੁਰਬਿੰਦਰ ਕੌਰ ਬਰਾੜ**

## ਧੁੱਪ ਛਾਂ ਤੇ ਰੁੱਖ (ਦੀਪ ਦਵਿੰਦਰ ਸਿੰਘ)

ਇਸ ਕਹਾਣੀ-ਸੰਗ੍ਰਹਿ ਵਿਚ ਕੁਲ ਦੱਸ ਕਹਾਣੀਆਂ ਹਨ, ਜੋ ਕਲਾ ਪੱਖੋਂ ਇਕ ਤੋਂ ਇੱਕ ਵੱਧ ਕੇ ਹਨ। ਦੀਪ ਦਵਿੰਦਰ ਦੀ ਕਥਾਕਾਰੀ ਦਾ ਬਿਰਤਾਂਤ ਉਸ ਦੀ ਨਵੇਕਲੀ ਬਿਰਤਾਂਤਕਾਰੀ ਦੀ ਪਛਾਣ ਕਰਵਾਉਂਦਾ ਹੈ। ਉਸ ਦਾ ਅਨੁਭਵ ਪੇਂਡੂ ਅਤੇ ਯਥਾਰਥੀ ਕਿਸਮ ਦਾ ਹੈ, ਸੱਚ ਤਾਂ ਇਹ ਹੈ ਕਿ ਉਸ ਦੀਆਂ ਕਹਾਣੀਆਂ ਪੜ੍ਹ ਕੇ ਅੱਖਾਂ ਅੱਗੇ ਤਸਵੀਰ ਆ ਜਾਂਦੀ ਜਿਵੇਂ ਵੇਲਾ-ਕੁਵੇਲਾ ਦੀ ਕਥਾਕਾਰੀ ਵਿੱਚ ਪੇਸ਼ਕਾਰੀ ਹੋਈ ਹੈ।




ਕਥਾਕਾਰ ਨੂੰ ਗਲਪੀ-ਕਥਾ ਸਿਰਜਣ ਵਿੱਚ ਏਨੀ ਮੁਹਾਰਤ ਹਾਸਲ ਹੈ ਕਿ ਉਹ ਸੱਚੀ ਗੱਲ ਕਹਿਣ ਤੋਂ ਨਹੀਂ ਝਿਜਕਦਾ, ਉਸਦੇ ਗਲਪੀ ਪਾਠ ਇਕ ਅਜਿਹੀ ਜ਼ਿੰਦਗੀ ਦੇ ਅਹਿਸਾਸ ਕਰਵਾਉਂਦੇ ਹਨ ਕਿ ਜਿਵੇਂ ਸੱਚੀ ਵਾਪਰੀਆਂ ਘਟਨਾਵਾਂ ਸਾਡੀਆਂ ਅੱਖਾਂ ਮੂਹਰੇ ਹੋਣ। ਗਲਪੀ-ਟੈਕਸਟ ਨੂੰ ਪੜ੍ਹ ਕੇ ਸਭ ਤੋਂ ਪਹਿਲਾਂ ਉਸ ਦੀ ਪਹਿਲੀ ਕਹਾਣੀ:"ਸ਼ੱਕਰ ਹੋਈ ਵਿੱਸ" ਵਿੱਚ ਜੋ ਨਾਂਅ ਤੋਂ ਹੀ ਸ਼ਪੱਸ਼ਟ ਹੈ ਕਿ ਸ਼ੱਕਰ ਵਿੱਚ ਜਿਵੇਂ ਜਹਿਰ ਘੁੱਲ ਗਿਆ ਹੈ ਸੋ ਕਥਾ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਇੱਕ ਪਿਆਰ ਨੂੰ ਖੋਹ ਕੇ ਬੇਕਦਰੇ ਬੰਦੇ ਦੇ ਲੜ ਧੀ ਲਾ ਦਿੱਤੀ ਜਾਂਦੀ ਹੈ ਤੇ ਉਹ ਤਾਂ ਬਾਹਰ ਜਾ ਕੇ ਜੇਲ੍ਹ ਵਿੱਚ ਫਸ ਜਾਂਦਾ ਹੈ ਤੇ ਪਿੱਛੋਂ ਸੁਹਰਾ ਉਸ ਨਾਲ ਜੋ ਕੁਕਰਮ ਕਰਦਾ ਹੈ ਉਸ ਦੀਆਂਕਰੂਰਤਾਂ ਦਾ ਜੋ ਰਿਸ਼ਤਾ ਪੇਸ਼ ਕੀਤਾ ਗਿਆ ਹੈ ਕਿ ਵਿਚਾਰੀ ਭਿੰਦਰ ਮਾਪਿਆ ਦਾ ਖਿਆਲ ਰੱਖਦੀ ਸੱਭ ਕੁਝ ਘੁੱਟ-ਘੁੱਟ ਕੇ ਸਹਿੰਦੀ ਹੈ॥

ਦੂਜੀ ਕਹਾਣੀ "**ਪਰਵਾਜ਼**" ਹੈ ਜਿਸ ਦੀ ਗਲਪੀ ਕਥਾ ਵਿਚ ਘਰ ਵਸਾਉਣ ਤੇ ਵਸਦੇ ਰਸਦੇ ਘਰ



ਉਜੜਣ ਦੀ ਕਥਾ ਹੈ। "**ਘਰ**" ਕਹਾਣੀ ਵਿਚ ਮੁੱਖ ਪਾਤਰ ਨੂੰ ਬੱਚੇ ਟੀਰਾ ਕਹਿ ਕੇ ਛੇੜਦੇ ਹਨ ਤੇ ਇਕ ਬੇਢੰਗੇ ਮਰਦ ਨਾਲ ਔਰਤ ਦਾ ਵਿਆਹ ਬੰਧਨ ਮੱਲੋ-ਮੱਲੀ ਬੱਝ ਜਾਣਾ ਵੀ ਇਕ ਜਿਲ੍ਹਣ ਹੀ ਹੁੰਦਾ ਹੈ ਤੇ ਉਹ ਨਜਾਇਜ਼ ਸਬੰਧ ਅਪਣਾਉਦੀ ਤੇ ਫਿਰ ਨਵੇਂ ਸਿਰਉ ਆਪਣਾ ਘਰ ਬਣਾਉਣ ਦੀ ਤਾਂਘ ਵਿੱਚ ਰਹਿੰਦੀ ਹੈ।

ਕਥਾਕਾਰ ਦੀ ਮੂਲ-ਸੁਰ ਦਲਿਤਾਂ ਦੀਆਂ ਕਹਾਣੀਆਂ ਦੀ ਪੇਸ਼ਕਾਰੀ ਹੈ। ਕਥਾਕਾਰ ਕਿਸੇ ਦੀਆਂ ਦਿਲੀ-ਖਹਿਸ਼ਾਂ ਅਧੂਰੀਆਂ ਰਹਿ ਜਾਣ ਦੀ ਕਥਾ ਸਿਰਜਦਾ ਹੈ ਜਿਵੇ "**ਉਮਰੋਂ ਲੰਮੇ ਪੰਧ**" ਕਹਾਣੀ ਵਿੱਚ ਰਾਜ ਦੇ ਮੰਗੇਤਰ ਦੇ ਫੌਜ ਵਿਚ ਹੋਣ ਕਰਕੇ ਚਾਅ ਅਧੂਰੇ ਰਹਿ ਜਾਦੇ ਹਨ ਤੇ ਉਸ ਦੀਆਂ ਖੁਸ਼ੀਆਂ ਦਾ ਅੰਤ ਹੋ ਜਾਂਦਾਂ ਹੈ। "**ਜਾਇ ਸੁਤੇ ਜਰਾਣ**" ਕਥਾ ਵਿੱਚ ਭਰੂਣ ਹੱਤਿਆ ਦੀ ਗੱਲ ਕੀਤੀ ਹੈ ਕਿ ਪੜ੍ਹੇ ਲਿਖੇ ਲੋਕ ਧੀਆਂ ਨੂੰ ਆਪਣੇ ਤੇ ਬੋਝ ਸਮਝਦੇ ਹਨ ਤੇ ਕੁੜੀਆਂ ਤੋਂ ਨਜਾਤ ਪਵਾਉਣ ਦੀ ਕੋਸ਼ਿਸ਼ ਕਰਦੇ ਹਨ।

"**ਚਲ ਛੱਡ ਪਰੇ**" ਕਹਾਣੀ ਵਿੱਚ ਜੋ ਅਜੋਕੇ ਸਮੇਂ ਦਾ ਦੌਰ ਚਲ ਰਿਹਾ ਹੈ ਕਿ ਪਤੀ ਆਪਣੀ ਪਤਨੀ ਪ੍ਰਤੀ ਵਫਾਦਾਰੀ ਨਹੀਂ ਨਿਭਾਉਂਦਾ ਪਰ ਪਤਨੀ ਉਸੇ ਤਰ੍ਹਾਂ ਪਤੀਵਰਤਾ ਬੰਧਨ ਵਿੱਚ ਬੱਝੀ ਹੋਈ ਮਹਿਸੂਸ ਕਰਦੀ ਹੈ। "**ਧੁੱਪ ਛਾਂ ਤੇ ਰੁੱਖ**" ਕਹਾਣੀ ਵਿੱਚ ਗੁਰਦੁਆਰਿਆਂ, ਡੇਰਿਆ ਦੇ ਗ੍ਰੰਥੀ ਤੇ ਸਾਧ ਜੋ ਦਲਿਤਾਂ ਦੀਆਂ ਤੀਵੀਆਂ ਉਧਾਲ ਲੈਂਦੇ ਹਨ ਤੇ ਅੱਗੋਂ ਤੇਜੂ ਵਰਗੇ ਪੁੱਤ ਨੂੰ ਵੀ ਆਪਣੇ ਵਿਆਹ ਦੀ ਸਮੱਸਿਆ ਤੇ ਤੀਵੀਂ ਦੇ ਸਾਥ ਦੀ ਤਾਂਘ ਸਤਾਉਂਦੀ ਹੈ। ਲੇਖਕ ਤੇ ਪਾਠਕ ਦਾ ਰਿਸ਼ਤਾ ਬੜਾ ਪਵਿੱਤਰ ਅਤੇ ਪਾਕ ਹੁੰਦਾ ਹੈ। ਪਾਠਕ ਦਾ ਲੇਖਕ ਨਾਲ ਕਰੀਬੀ ਰਿਸ਼ਤਾ ਉਸ ਦੀ ਰਚਨਾ ਕਰਕੇ ਹੀ ਬਣਦਾ ਹੈ ਕਿ ਜਿਹੜੀ ਲੇਖਕ ਦੀ ਰਚਨਾ ਪਾਠਕ ਦੇ ਦਿਲ ਨੂੰ ਟੁੰਬਦੀ ਹੈ, ਪਾਠਕ ਉਸਦੀ ਤਹਿ ਤੱਕ ਜਾਂਦਾ ਹੈ ਅਤੇ ਆਲੋਚਕ ਉਸ ਬਾਰੇ ਚਿੰਤਨ ਕਰਦਾ ਹੈ। ਇੱਥੇ ਦੀਪ ਦਵਿੰਦਰ ਕਥਾਕਾਰ ਨੇ ਵੀ ਆਪਣੀ ਕਥਾਕਾਰੀ ਰਾਹੀਂ ਸਾਨੂੰ ਅਣਦਿਸਦੀਆਂ ਗੱਲਾਂ ਨੂੰ ਬਾਹਰ ਕੱਢ ਕੇ ਦਿਖਾਇਆ ਹੈ ਤੇ ਪਾਤਰਾਂ ਦੇ ਜੋ ਗੱਲ ਅਵਚੇਤਨ ਵਿੱਚ ਹੈ ਉਸ ਪ੍ਰਤੀ ਚੇਤਨਾ ਪੈਦਾ ਕਰਕੇ ਇੱਕ ਵੱਖਰੀ ਕਲਾ ਅਤੇ ਸ਼ੈਲੀ ਨੂੰ ਉਭਾਰਿਆ ਹੈ।

"**ਬਦਲਵਾਈ**" ਕਹਾਣੀ ਵਿੱਚ ਅੰਧਵਿਸ਼ਵਾਸ਼ੀ ਦੀ ਗੱਲ ਕੀਤੀ ਗਈ ਹੈ ਕਿ ਪ੍ਰੇਮੀ ਜੋੜਿਆਂ ਦੇ ਮਰਨ ਦਾ ਉਨ੍ਹਾਂ ਦੀ ਧੀ ਤੇ ਵੀ ਸ਼ਾਇਆ ਪੈ ਜਾਂਦਾ ਹੈ ਅਤੇ ਧੀ ਦਾ ਵਿਆਹ ਸ਼ਾਨੋ ਸ਼ੌਕਤ ਨਾਲ ਧਰ ਕੇ ਘਰੋਂ ਭੱਜਦੀ ਨੂੰ ਫੜ੍ਹ ਕੇ ਉਸ ਤੇ ਕਸਾਈਆਂ ਤੇ ਵਹਿਸ਼ੀਆਂ ਵਰਗਾ ਵਿਵਹਾਰ ਕਰਨਾ ਜੱਟ ਜ਼ਿੰਮੀਦਾਰਾਂ ਦਾ ਆਮ ਵਰਤਾਰਾ ਹੈ। "**ਗੰਢਾਂ**" ਕਹਾਣੀ ਵਿੱਚ ਜਾਤੀਗਤ ਕਥਾ ਹੈ ਕਿ ਬਾਪੂ ਨੇ ਦੱਸਿਆ ਸੀ ਕਿ ਫੌਜ ਵਿੱਚ ਵੀ ਦਲਿਤਾਂ ਦੀਆਂ ਪਲਟਨਾਂ ਅਲੱਗ ਸਨ ਤੇ ਸਭ ਤੋਂ ਵੱਧ ਦੁੱਖ ਫੌਜੀ ਨੂੰ ਉਦੋਂ ਹੁੰਦਾ ਹੇ ਜਦੋਂ ਲੰਗਰ ਵੀ ਉਸਦੇ ਹੱਥੋਂ ਪਿੰਡ ਦੇ ਮੋਹਤਬਰ ਬੰਦੇ ਨਹੀਂ ਛੱਕਦੇ ਤੇ ਇਸ ਜ਼ਿੱਲਤ ਵਿੱਚ ਹੀ ਉਸਦਾ ਵੱਡਾ ਪੁੱਤ ਫਸਿਆ ਹੋਇਆ ਹੈ ਜਿਸ ਦਾ ਅਹਿਸਾਸ ਉਸ ਨੂੰ ਹਮੇਸ਼ਾ ਸਤਾਉਂਦਾ ਰਹਿੰਦਾ ਹੈ।

ਜਾਤ-ਪਾਤ ਵਿਰੋਧੀ ਕਥਾਕਾਰੀ ਹੈ ਕਿ ਪਿਓ ਨੇ ਵੱਡੇ ਪੁੱਤ ਨੂੰ ਕਿਹਾ ਸੀ ਕਿ ਉਸਦਾ ਸੰਸਕਾਰ ਵੀ ਸ਼ਹਿਰ ਵਿੱਚ ਹੀ ਕਰੇ । ਅੰਤਲੀ ਕਹਾਣੀ ***"ਵੇਲਾ ਕੁਵੇਲਾ"*** ਵਿੱਚ ਦੱਸਿਆ ਗਿਆ ਹੈ ਕਿ ਬੰਦੇ ਦੇ ਮਾੜੇ ਕੰਮ ਦਾ ਨਤੀਜਾ ਹਮੇਸ਼ਾਂ ਮਾੜਾ ਹੀ ਹੁੰਦਾ ਹੈ ਜਿਵੇਂ ਪੁੱਤ ਪਿਤਾ ਦੀ ਚਿਤਾ ਕੋਲ ਬੈਠਾ ਵੀ ਪਿਓ ਦੇ ਕੀਤੇ ਜ਼ੁਲਮਾਂ ਬਾਰੇ ਸੋਚਦਾ ਹੈ। ਇਸ ਪ੍ਰਕਾਰ ਦੀਪ ਦਵਿੰਦਰ ਸਿੰਘ ਦੀ ਕਥਾਕਾਰੀ ਦੀ ਮੂਲ ਸੁਰ ਪੇਂਡੂ ਅਤੇ ਨਿਮਨਸ਼੍ਰੇਣੀ ਦੇ ਅਵਚੇਤਨ ਨੂੰ ਉਭਾਰਨ ਦੀ ਹੈ ਅਤੇ ਉਸ ਦੀ ਮੁੱਖ ਕਥਾਕਾਰੀ ਅਗਾਂਹ ਵਰਧਕ ਅਤੇ ਉਦੇਸ਼ ਪੂਰਨ ਗਲਪਕਾਰੀ ਦੀ ਰਚਨਾ ਕਰਨਾ ਹੈ।

**- ਗੁਰਬਿੰਦਰ ਕੋਰ ਬਰਾੜ, ਮੋ:9855395161**


**ਂਜਾਬੀ ਗਲਪ ਸੰਵਾਦ ਅਤੇ ਸਮੀਖਿਆ ਡਾ. ਗੁਰਮੇਲ ਸਿੰਘ,**
**ਮੁੱਲ 175 ਰੁਪਏ, ਪੰਨੇ 96**
**ਪ੍ਰਕਾਸ਼ਕ ਦੀਪਕ ਪਬਲਿਸ਼ਰਜ਼, ਜਲੰਧਰ**




ਗੁਰਮੇਲ ਸਿੰਘ ਦਾ ਪੰਜਾਬੀ ਗਲਪ ਆਲੋਚਨਾ ਵਿਚ ਚਰਚਿਤ ਨਾਂ ਹੈ। ਉਹ ਲੰਮੇ ਸਮੇਂ ਤੋਂ ਸਹਿਜਤਾ ਨਾਲ ਆਪਣਾ ਆਲੋਚਨਾ ਕਾਰਜ ਕਰਦਾ ਆ ਰਿਹਾ ਹੈ। ਇਸ ਆਲੋਚਨਾ ਪੁਸਤਕ ਵਿਚ ਉਸ ਨੇ ਕਹਾਣੀ, ਨਾਵਲ ਅਤੇ ਸਵੈ ਜੀਵਨੀ ਦਾ ਵਿਸ਼ਲੇਸ਼ਣ ਕੀਤਾ ਹੈ। ਉਹ ਟੈਕਸਟ ਦੀਆਂ ਅੰਤਰੀਵੀ ਧੁਨੀਆਂ ਨੂੰ ਮਾਰਕਸਵਾਦੀ ਦ੍ਰਿਸ਼ਟੀ ਨਾਲ ਫੜ੍ਹਦਾ ਹੋਇਆ ਉਨ੍ਹਾਂ ਦਾ ਵਿਸ਼ਲੇਸ਼ਣ ਕਰਦਾ ਹੈ। ਉਹ ਉਸ ਗਲਪ ਨੂੰ ਵਿਸਲੇਸ਼ਣ ਲਈ ਚੁਣਦਾ ਹੈ ਜਿਹਦਾ ਕੋਈ ਸਾਹਿਤਕ ਮੁੱਲ ਹੁੰਦਾ ਹੈ। ਜਾਂ ਜੋ ਕਿਤਾਬ ਸਾਹਿਤ ਵਿਚ ਕਿਸੇ ਤਰ੍ਹਾਂ ਦਾ ਮੋੜ ਕੱਟਦਾ ਲੱਗਦੀ ਹੈ। ਰਚਨਾ ਦੀ ਟੈਕਸਟ ਵਿਚੋਂ ਉਹ ਆਪਣੀਆਂ ਮੁੱਲਵਾਨ ਧਾਰਨਾਵਾਂ ਸਥਾਪਤ ਕਰਦਾ ਹੈ। ਜਿਹਦੇ ਪਿੱਛੇ ਇਕ ਦ੍ਰਿਸ਼ਟੀ ਹੁੰਦੀ ਹੈ, ਇਕ ਦ੍ਰਿਸ਼ਟੀਕੋਣ ਹੁੰਦਾ ਹੈ। ਉਸ ਦੀ ਆਲੋਚਨਾ ਵਿਆਖਿਆ ਮੂਲਕ ਆਲੋਚਨਾ ਨਹੀਂ ਹੁੰਦੀ। ਉਹ ਟੈਕਸਟ ਦੀਆਂ ਬਰੀਕ ਤੋਂ ਬਰੀਕ ਖਾਮੋਸ਼ ਧੁਨੀਆਂ ਨੂੰ ਫੜਨ ਦਾ ਮਾਹਰ ਹੈ। ਉਸ ਦੀ ਆਲੋਚਨਾ ਸੰਕਲਪਾਂ ਦੀ ਥਾਂ ਵਿਕੱਲਪ ਵਿਚੋਂ ਨਿਕਲਦੀ ਹੈ।

ਪੁਸਤਕ ਵਿਚ ਉਸ ਨੇ ਬਲਦੇਵ ਸਿੰਘ ਦੇ ਨਾਵਲ 'ਅੰਨ ਦਾਤਾ', ਦੇਸ ਰਾਜ ਕਾਲੀ ਦੇ ਨਾਵਲ 'ਪਰਨੇਸ਼ਵਰੀ', ਸੰਤੋਖ ਧਾਲੀਵਾਲ ਦੇ ਨਾਵਲ 'ਉੱਖੜੀਆਂ ਪੈੜਾਂ' ਅਤੇ ਸਿਆਲਵੀ ਦੇ ਕਹਾਣੀ ਸੰਗ੍ਰਹਿ 'ਨ੍ਹੇਰੇ ਦੇ ਵਾਸੀ', 'ਰਸੂਲਪੁਰੀ ਦੇ 'ਮਰਨ ਰੁੱਤ', 'ਹਾਂਸ ਦੇ 'ਈਸ਼ਵਰ ਦਾ ਜਨਮ' ਤੋਂ ਇਲਾਵਾ 'ਗੁਰਦਖਣਾ', 'ਜ਼ਲਾਲਤ' ਤੇ 'ਮੇਰਾ ਬਚਪਨ ਮੇਰੇ ਮੋਢੇ' ਆਦਿ ਗਲਪ ਪੁਸਤਕਾਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ।

**ਪੰਜਾਬੀ ਨਾਵਲ ਦਾ ਰਾਜਨੀਤਕ ਸ਼ਾਸਤਰ ਡਾ. ਗੁਰਮੇਲ ਸਿੰਘ,**
**ਮੁੱਲ 325 ਰੁਪਏ, ਪੰਨੇ 224**
**ਪ੍ਰਕਾਸ਼ਕ ਦੀਪਕ ਪਬਲਿਸ਼ਰਜ਼, ਜਲੰਧਰ**




ਇਸ ਪੁਸਤਕ ਵਿਚ ਗੁਰਮੇਲ ਨੇ ਪੰਜਾਬੀ ਨਾਵਲ ਤੇ ਨਿੱਠ ਕੇ ਕਾਰਜ ਕੀਤਾ ਹੈ। ਉਸ ਨੇ ਰਾਜਨੀਤਕ ਸ਼ਾਸਤਰ ਦੇ ਸੂਤਰ ਪੰਜਾਬੀ ਨਾਵਲ ਵਿਚ ਲੱਭਣ ਦੇ ਯਤਨ ਕੀਤੇ ਹਨ। ਸਾਹਿਤ ਅਤੇ ਰਾਜਨੀਤਿਕ ਸੰਬੰਧਾਂ ਦਾ ਸਿਧਾਂਤਕ ਮਾਡਲ ਉਸਾਰਦਿਆਂ ਗਲਪ ਵਿਚ ਇਹ ਸੂਤਰ ਕਿਵੇਂ ਨਾਵਲਕਾਰ ਪੇਸ਼ ਕਰਦਾ ਹੈ। ਉਨ੍ਹਾਂ ਸੂਤਰਾਂ ਨੂੰ ਪੰਜਾਬੀ ਨਾਵਲਾਂ ਦੇ ਹਵਾਲਿਆਂ ਨਾਲ ਫੜਨ ਦਾ ਸਫਲ ਯਤਨ ਕੀਤਾ ਹੈ। ਉਸ ਨੇ ਇਹ ਧਾਰਨਾ ਸਥਾਪਤ ਕੀਤੀ ਹੈ ਕਿ ਸਾਹਿਤ ਵਿਚੋਂ ਰਾਜਨੀਤੀ ਕਿਸੇ ਵੀ ਕੀਮਤ ਵਿਚ ਖਾਰਜ਼ ਨਹੀਂ ਕੀਤੀ ਜਾ ਸਕਦੀ। ਇਹਦੇ ਨਾਲ ਨਾਲ ਉਹ ਮਨੁੱਖੀ ਆਪਸੀ ਤੰਦਾਂ, ਸਭਿਆਚਾਰਕ ਵਿਖਰੇਵੇਂ, ਪਾੜੇ ਅਤੇ ਸਮਾਜਿਕ ਉਥਲ-ਪੁੱਥਲ ਨੂੰ ਨਾਵਲੀ ਟੈਕਸਟ ਵਿਚੋਂ ਫੜਦਾ ਹੈ। ਗੁਰਮੇਲ ਸਾਹਿਤ ਦੇ ਰਾਜਨੀਤਕ ਸ਼ਾਸਤਰ ਦਾ ਸਿਧਾਂਤਕ ਪਰਿਪੇਖ ਉਸਾਰਦਾ ਹੈ। ਸਮਾਜਿਕ ਚੇਤਨਾ ਦੇ ਕਈ ਪੱਖ ਜਿਵੇਂ ਰਾਜਨੀਤਿਕ, ਕਾਨੂੰਨੀ, ਨੈਤਿਕ, ਧਾਰਮਿਕ, ਵਿਗਿਆਨ,



ਦਰਸ਼ਨ ਆਦਿ ਰਾਹੀਂ ਸਮਝਿਆ ਗਿਆ ਹੈ।

ਨਾਵਲਾਂ ਦਾ ਵਿਸ਼ਲੇਸ਼ਣ ਕਰਦਿਆਂ ਉਹ ਧਾਰਨਾ ਦਿੰਦਾ ਹੈ ਕਿ ਬਰਤਾਨਵੀ ਬਸਤੀਵਾਦੀ ਪੰਜਾਬੀ ਨਾਵਲ ਦੇ ਆਰੰਭਕ ਦੌਰ ਨਾਲ ਸੰਬੰਧਿਤ ਨਾਵਲਾਂ ਵਿੱਚ ਧਾਰਮਿਕ ਪੁਨਰ ਉਥਾਨ ਦੀ ਸੁਰ ਪ੍ਰਧਾਨ ਹੈ। ਇਸ ਲਈ ਉਹ 'ਇਕ ਮਿਆਨ ਦੋ ਤਲਵਾਰਾਂ', 'ਈਚੋਗਿਲ ਨਹਿਰ ਤੱਕ', 'ਜੰਗੀ ਕੈਦੀ' ਦਾ ਪਾਠਗਤ ਅਧਿਐਨ ਕਰਦਾ ਹੈ। ਦੂਜੀ ਦ੍ਰਿਸ਼ਟੀ ਪ੍ਰਗਤੀਵਾਦੀ ਲਹਿਰ ਰਾਹੀ ਹੋਂਦ ਵਿਚ ਆਉਂਦੀ ਹੈ। ਇਸ ਦ੍ਰਿਸ਼ਟੀ ਨੇ ਪੰਜਾਬੀ ਨਾਵਲ ਨੂੰ ਨਵੀਂ ਦਿਸ਼ਾ ਦਿੱਤੀ। ਇਸ ਵਿਚ 'ਰਾਤ ਬਾਕੀ ਹੈ', 'ਲੋਕ ਦੁਸ਼ਮਣ', 'ਦਸਤਾਵੇਜ਼', 'ਅਣਜਿੱਤੀ ਲੰਕਾ ਦੇ ਰਾਮ' ਦਾ ਵਿਸ਼ਲੇਸ਼ਣ ਕਰਦਾ ਹੈ। ਉਹ ਅੱਗੇ 'ਚੰਗੇ ਦਿਨਾਂ ਦੀ ਉਡੀਕ', 'ਗੁਆਚੇ ਅਰਥ', 'ਪੰਜਾਬ 85' ਨਾਵਲਾਂ ਦਾ ਵਿਸ਼ਲੇਸ਼ਣ ਕਰਦਾ ਹੈ ਜੋ ਪੰਜਾਬ ਸੰਕਟ ਦੀ ਗੁੰਝਲਦਾਰ ਸਥਿਤੀ ਤੇ ਵਿਵੇਕ ਨੂੰ ਫੜਦੇ ਹਨ। ਰਾਜਨੀਤਿਕ ਚੇਤਨਾ ਤਹਿਤ ਦਲਿਤ ਜੀਵਨ ਦਾ ਯਥਾਰਥ ਵੀ ਨਾਵਲਾਂ ਵਿਚ ਆਉਣ ਲੱਗਦਾ ਹੈ। ਗੁਰਮੇਲ ਆਪਣੇ ਅਧਿਐਨ ਹੇਠ ਉਹ ਨਾਵਲ ਵੀ ਲੈ ਕੇ ਆਉਂਦਾ ਹੈ ਜੋ ਦਲਿਤ ਰਾਜਨੀਤਕ ਚੇਤਨਾ ਨੂੰ ਸਮਝਣ ਲਈ ਸਹਾਈ ਹੁੰਦਾ ਹਨ- 'ਮੜ੍ਹੀ ਦਾ ਦੀਵਾ', 'ਮਸ਼ਾਲਚੀ' ਤੇ 'ਦਾਸਤਾਂ ਦਲਿਤਾਂ ਦੀ' ਆਦਿ ਰਾਹੀਂ ਦਲਿਤ ਜੀਵਨ ਯਥਾਰਥ ਰਾਜਨੀਤਕ ਚੇਤਨਾ ਰਾਹੀਂ ਸਮਝਣ ਦਾ ਯਤਨ ਕੀਤਾ ਗਿਆ ਹੈ। ਪੰਜਾਬੀ ਨਾਵਲ ਦੀਆਂ ਅਨੇਕਾਂ ਖਾਮੋਸ਼ ਧੁਨੀਆਂ ਨੂੰ ਪੁਸਤਕ ਫੜਦੀ ਹੈ। **-ਸਰੋਜ**

## ਹੁੰਗਾਰਾ

ਅਕਤੂਬਰ-ਦਸੰਬਰ, 2015 'ਕਹਾਣੀ ਧਾਰਾ-39' ਅੰਕ ਪੜ੍ਹਿਆ। ਸਨਮਾਨ ਵਾਪਸੀ ਉਪਰੰਤ ਲੇਖਕਾਂ ਦੀ ਭੂਮਿਕਾ 'ਚ ਤੁਸਾਂ ਬੁੱਧੀਜੀਵੀਆਂ ਦੀ ਆਵਾਜ਼ ਬੰਦ ਕਰਨ ਅਤੇ ਹੋਏ ਕਤਲਾਂ ਦਾ ਵੇਰਵਾ ਅਤੇ ਪੁਰਸਕਾਰਾਂ ਸਨਮਾਨਾਂ ਦੀ ਵਾਪਿਸੀ ਬਾਰੇ ਚੰਗੀ ਤਰ੍ਹਾਂ ਖੁੱਭ ਕੇ ਵਰਨਣ ਕੀਤਾ। ਤੁਸੀਂ ਤਾਂ ਬੜੇ ਹੌਸਲੇ ਅਤੇ ਦਲੇਰੀ ਨਾਲ ਉਨ੍ਹਾਂ ਦੀ ਗੱਲ ਨੂੰ ਸਮਾਜ ਪਾਠਕਾਂ ਸਾਹਮਣੇ ਲਿਆਂਦਾ। ਧੰਨਵਾਦ।

ਅਤਰਜੀਤ ਦੀ ਕਹਾਣੀ 'ਕਿੱਧਰ ਜਾਈਏ' ਬੜੀ ਚੰਗੀ ਕਹਾਣੀ ਹੈ। ਸਮਾਜ ਦੇ ਮੂੰਹ ਤੇ ਕਰਾਰੀ ਚਪੇੜ। ਚੰਗੇ ਬਾਪ ਦੀ ਅਚੌਤੀ ਦੁਰਘਟਨਾ 'ਚ ਹੋਈ ਬੇਹੋਸ਼ੀ ਤੇ ਉਸ ਦੀਆਂ ਕੁੜੀਆਂ ਹੀ ਸੇਵਾ ਕਰਦੀਆਂ ਅਤੇ ਘਰਾਂ ਦੇ ਕੰਮ ਛਡ ਕੇ ਵੀ ਬਾਪ ਦੇ ਹੋਸ਼ ਆਉਣ ਤੱਕ ਤਨਦੇਹੀ ਨਾਲ ਉਸ ਦੇ ਹੋਸ਼ ਲਿਆਉਣ ਤੱਕ ਸਹਾਈ ਹੋਈਆਂ ਪਰੰਤੂ ਪੁੱਤਰ ਬਸ ਝਾਤੀ ਮਾਰ ਕੇ ਔਹ ਗਏ ਔਹ ਗਏ। ਅਤਰਜੀਤ ਕੋਰ ਏਹੋ ਜਿਹੀਆਂ ਕਹਾਣੀਆਂ ਦੀ ਹਮੇਸ਼ਾ ਆਸ ਹੁੰਦੀ ਹੈ।

ਸਰੂਪ ਸਿਆਲਵੀ ਦੀ ਕਹਾਣੀ 'ਚਾਰ ਤੱਕ ਦਾ ਪੁਤਲਾ' ਵਹਿਮਾਂ ਭਰਮਾਂ ਜਾਦੂ ਟੂਣਿਆਂ ਅਤੇ ਅਖੌਤੀ ਬਾਬਿਆਂ ਦੇ ਖਿਲਾਫ਼ ਵਿਅੰਗਆਤਮਕ ਸਫ਼ਲ ਕਹਾਣੀ ਹੈ।

ਡਾਕਟਰ ਜਗਤਾਰ ਦੀ ਲਿੰਪੀਅੰਤਰ ਕੀਤੇ ਨਾਵਲ ਨੂੰ ਆਪਣੇ ਨਾਂ ਹੇਠਾਂ ਛਪਵਾਉਣਾ ਬੜੀ ਕੋਝੀ ਹਰਕਤ ਹੈ। ਏਨੇ ਵੱਡੇ ਸਾਹਿਤਕਾਰ ਨੂੰ ਇੰਝ ਨਹੀਂ ਸੀ ਕਰਨਾ ਚਾਹੀਦਾ, ਸਗੋਂ ਅੱਗੇ ਤੋਂ ਤੌਬਾ ਕਰਨੀ ਚਾਹੀਦੀ ਹੈ। ਰਸੂਲਪੁਰੀ ਜੀ ਤੁਸੀਂ ਬਿਨਾਂ ਕਿਸੇ ਡਰ ਜਾ ਲਿਹਾਜ਼ ਤੋਂ ਇਹ ਗਲ ਛਾਪ ਦਿੱਤੀ ਹੈ। ਤੁਹਾਨੂੰ ਇਮਾਨਦਾਰ ਪੱਤਰਕਾਰ ਦੀ ਸੂਚੀ ਵਿਚ ਉਪਲਿਆਂ ਹਸਤਾਖ਼ਰਾਂ 'ਚ ਸਾਮਿਲ ਕਰਦੀ ਹੈ। ਗੁਲਜ਼ਾਰ ਸੰਧੂ ਨੂੰ ਅਜਿਹਾ ਕਾਰਾ ਸੋਭਾ ਨਹੀਂ ਦਿੰਦਾ।

ਦਵਿੰਦਰ ਮੰਡ ਹੁਰਾਂ ਦੀ ਕਹਾਣੀ 'ਕੋਠੀ ਦਾ ਸੌਦਾ' ਦਿਲ ਨੂੰ ਵਲੂੰਧਰ ਗਈ। ਮਨ ਨੂੰ ਠੇਸ ਲੱਗੀ ਕਿ ਇਨਸਾਨ ਬਦਲਿਆਂ ਹੀ ਨਹੀਂ। ਅਛੂਤਾਂ ਤੇ ਦਲਿਤਾਂ ਨੂੰ ਏਨੀ ਮਾੜੀ ਨਿਜ਼ਰ ਨਾਲ ਤ੍ਰਿਸਕਾਰ ਭਰੀ ਭਾਵਨਾ ਨਾਲ ਤੋਲਿਆ ਜਾਂਦਾ ਹੈ। ਇਹ ਤਾਂ ਛੂਤ-ਛਾਤ ਤੋਂ ਵੀ ਬੁਰੀ ਗੱਲ ਹੋਈ। ਕੋਠੀ ਤਾਂ ਨਹੀਂ ਵਿਕਦੀ ਕਿਉਂਕਿ ਉਹ ਅਛੂਤਾਂ ਦੀ ਹੈ। ਜਿਹੜੇ ਅਛੂਤਾਂ ਨੇ ਸਿਰੇ ਦੀ ਪੜਾਈ ਕੀਤੀ। ਚੰਗੇ ਅਹੁਦਿਆਂ ਤੇ ਬਿਰਾਜਮਾਨ ਰਹੇ। ਕਈਆਂ ਨੂੰ ਲਿਖਣ ਲਈ ਪ੍ਰੇਰਿਆ ਪਰ ਚੰਗੀ ਉਮਰ ਹੰਢਾਉਣ ਤੋਂ ਪਹਿਲਾਂ ਹੀ ਇਕ ਲਾਚਾਰ ਪੁੱਤਰ ਨੂੰ ਛਡਕੇ ਦੋਵੇਂ ਤੁਰ ਗਏ ਇਸ ਜਹਾਨ ਨੂੰ ਅਲਵਿਦਾ ਕਹਿ ਕੇ।

ਹੁਣ ਉਹਨਾਂ ਦਾ ਪੁੱਤਰ ਅਮਰੀਕਾ 'ਚ ਰਹਿੰਦੇ ਚਾਚੇ ਨੂੰ ਹੀ ਆਸਾਰ ਸਮਝਦਾ ਹੈ। ਉਸ ਲੜਕੇ ਦੇ ਨਾਨਕੇ ਵੀ ਪੱਲਾ ਝਾੜ ਗਏ। ਅਛੂਤ ਤਾਂ ਉਨ੍ਹਾਂ ਲੋਕਾਂ ਦੀ ਗੰਦੀ ਸੋਚ ਹੈ ਕਿ ਉਹ ਅਜੇ ਵੀ ਹਨੇਰੀਆਂ ਨੂੰ ਸਿਜਦੇ ਕਰਦੇ ਹਨ ਤੇ ਚਾਨਣ ਵੰਡਣ ਵਾਲਿਆਂ ਨੂੰ ਨਫਰਤਾ ਦਵਿੰਦਰ ਮੰਡ ਨੇ ਅਜਿਹੀ ਰਚਨਾ ਲਿਖ ਕੇ ਮਹਾਨ ਕਾਰਾ ਕੀਤਾ ਹੈ। ਇਸ ਕਹਾਣੀ ਤੇ ਮੈਂ ਉਨ੍ਹਾਂ ਦੀ ਲੇਖਣੀ ਨੂੰ ਸਲਾਮ ਕਹਿੰਦਾ ਹਾਂ।

'ਅੰਨੇ ਸੁਜਾਖੇ' ਅਜਮੇਰ ਸਿੱਧੂ ਦੀ ਵਿਗਿਆਨਕ ਸੂਝ ਬੂਝ ਦੇ ਮਨੋਵਿਗਿਆਨੀਆਂ ਵਾਲੀ ਰਚਨਾ ਹੈ। ਇਸ ਕਹਾਣੀ ਨੂੰ ਕੰਟਰੀ ਆਫ ਦੀ ਬਲਾਈਂਡ' ਦਾ ਸਹਾਰਾ ਤੇ ਹਵਾਲਾ ਦੇ ਕੇ ਦੱਸਿਆ ਹੈ ਕਿ ਲੋਕ ਤਾਂ ਅਜੇ ਵੀ ਹਨੇਰਾ ਮਾਨਣਾਂ ਚਾਹੁੰਦੇ ਹਨ। ਨੂਨੇਜ਼ ਤਾਂ ਸੁਜਾਖਾ ਰਹਿਣਾ ਚਾਹੁੰਦਾ ਸੀ ਜੋ ਅੰਨਿਆਂ (ਹਨੇਰਿਆਂ) ਤੋਂ ਬਚ ਕੇ ਭਜ ਆਇਆ।

'ਦਿਲ ਤੋਂ ਬੱਚਾ ਹੈ' ਅਜਾਇਬ ਸਿੰਘ ਚੱਠਾ ਦੀ ਦਿਲ ਨੂੰ ਟੁੰਬਦੀ ਕਹਾਣੀ ਹੈ। ਪਿਆਰ ਨੂੰ ਮਨ ਕੇ ਸਾਂਭ ਰੱਖੀ ਬੈਠੇ ਰਵਿੰਦਰ ਤੇ ਜਰਨੈਲ ਏਨੇ ਸਾਲਾਂ ਬਾਦ ਵੀ ਇਕ ਦੂਜੇ ਤੋਂ ਦੂਰ ਨਹੀਂ ਹੋ ਸਕੇ। ਗੁਰਬਿੰਦਰ ਕੌਰ ਬਰਾੜ ਦੀ ਰਾਜਿੰਦਰ ਸਿੰਘ ਦੇ ਨਾਵਲ 'ਕੋਈ ਗਲ ਤਾਂ ਜ਼ਰੂਰ ਹੈ' ਉੱਤੇ ਚੰਗੀ ਸਮੀਖਿਆ ਰਹੀ। ਗੱਲ ਬੜੇ ਨਾਟਕੀ ਢੰਗ ਨਾਲ ਬਿਆਨ ਹੋਈ ਹੈ। ਅਛੂਤ ਭਲਾਈ ਦਾ ਸੱਚ' ਲੇਖ ਵਿਚ ਅਛੂਤਾਂ ਦੇ ਸਾਰੇ ਪਿਛੋਕੜ ਤੇ ਪੱਖਾਂ ਤੇ ਚੰਗੀ ਗੱਲ ਹੋਈ ਹੈ। 'ਕਹਾਣੀ ਧਾਰਾ' ਇਕ ਚੰਗੀ ਪੁਸਤਕ ਦੇ ਮੈਟਰ ਨਾਲੋਂ ਵੱਧ ਅਨੰਦ ਦੇ ਗਿਆ ਹੈ।

-**ਪ੍ਰੋ. ਬਲਦੇਵ ਸਿੰਘ ਵਾਲੀਆ**, ਪਿੰਡ ਤੇ ਡਾਕ. ਔਡਾ ਨਡਾਲਾ, ਜ਼ਿਲ੍ਹਾ ਕਪੂਰਥਲਾ

'ਕਹਾਣੀ ਧਾਰਾ'-39 ਪੜ੍ਹਿਆ। ਮਨ ਚਿੱਤ ਖੁਸ਼ ਹੋ ਗਿਆ। ਕਹਾਣੀਕਾਰ ਮੱਖਣ ਮਾਨ ਨੇ ਗੁਲਜ਼ਾਰ ਸਿੰਘ ਸੰਧੂ ਹੁਰਾਂ ਵਾਲੀ ਗੱਲ ਦੱਸਕੇ ਤਾਂ ਹੈਰਾਨ ਤੇ ਪਰੇਸ਼ਾਨ ਹੀ ਕਰ ਦਿੱਤਾ। ਲੱਗਦਾ ਨਹੀਂ ਸੰਧੂ ਸਾਹਿਬ ਤੋਂ ਇਹੋ ਜਿਹੀ ਗ਼ਲਤੀ ਹੋਈ ਹੋਵੇ। ਇਹ ਤਾਂ ਲੱਗਦੇ 'ਲੋਕ ਗੀਤ' ਵਾਲਿਆਂ ਉਨ੍ਹਾਂ ਨੂੰ ਖੁਸ਼ ਕਰਨ ਲਈ ਹੀ ਕੀਤਾ ਹੋਵੇ। ਪਰ ਇਹ ਬਹੁਤ ਬੁਰੀ ਗੱਲ ਹੈ ਕਿ ਚੁੱਪ ਚੁਪੀਤੇ ਕਿਸੇ ਦੀ ਮਿਹਨਤ ਦਾ ਫ਼ਲ ਕੋਈ ਹੋਰ ਖਾਈ ਜਾਵੇ। ਪਰ ਸਭ ਕੁਝ ਪ੍ਰਤੱਖ ਹੈ।

ਘਰੇਲੂ ਕਲਾ ਕਲੇਸ਼ ਬਾਪ ਨਾਲ ਹੋਏ ਹਾਦਸੇ 'ਚ ਪੁੱਤਰ ਨਾਲੋਂ ਧੀਆਂ ਵੱਲੋਂ ਕੀਤੀ ਵੱਧ ਸੇਵਾ ਅਤੇ ਮਿਹਨਤ। ਫੇਰ ਅੰਤ 'ਚ ਪੁਲਿਸ ਦੀ ਘਟੀਆਂ ਤੇ ਨਿਕੰਮੀ ਕਾਰਜ਼ੁਗਾਰੀ ਦੀ ਤਸਵੀਰ ਪੇਸ਼ ਕਰਦੀ ਕਹਾਣੀ 'ਕਿਧਰ ਜਾਈਏ' ਸਾਡੇ ਵੱਡੇ ਕਹਾਣੀਕਾਰ ਅਤਰਜੀਤ ਹੁਰਾਂ ਦੀ ਖ਼ੂਬਸੂਰਤ ਕਹਾਣੀ ਹੈ।

ਦਵਿੰਦਰ ਮੰਡ ਦੀ ਕਹਾਣੀ ਨੇ ਝੰਜੋੜ ਕੇ ਹੀ ਰੱਖ ਦਿੱਤਾ। ਭਤੀਜੇ ਦੀ ਕੋਠੀ ਦੇਖਣ ਆਇਆ, ਹਰੇਕ ਗਾਹਕ ਗੁਰੂ ਰਵਿਦਾਸ ਤੇ ਡਾ. ਅੰਬੇਡਕਰ ਦੀਆਂ ਤਸਵੀਰਾਂ ਲੱਗੀਆਂ ਵੇਖਕੇ ਨਾਂਹ ਕਰ ਦੇਂਦੇ ਰਹੇ ਕਿ ਇਹ ਕੋਠੀ ਦਲਿਤਾਂ ਦੀ ਹੈ। ਇੱਕ ਪਾਸੇ ਇਨ੍ਹਾਂ ਮਹਾਂਪੁਰਸ਼ਾ ਨੂੰ ਅਸੀਂ ਫਰਿਸ਼ਤੇ ਕਹਿੰਦੇ ਆ ਤੇ ਦੂਜੇ ਪਾਸੇ ਸਾਡਾ ਮਾਨਸਿਕ ਪੱਧਰ ਦੇਖੋ? ਜਿਵੇਂ ਸਾਡੇ ਲੋਕਾਂ ਦਾ ਦਵਾਲਾ ਹੀ ਨਿਕਲ ਗਿਆ ਹੋਵੇ। ਦੱਸੋ ਜੇ ਕਿਸੇ ਦਲਿਤ ਦਾ ਮਕਾਨ ਹੈ ਤਾਂ ਉਸ ਦੀ ਲੱਗੀਆਂ ਇੱਟਾਂ ਤੇ ਸੀਮੈਂਟ ਵੀ ਘਟੀਆ ਹੋ ਗਿਆ। ਬੇਹੱਦ ਵਧੀਆ ਕਹਾਣੀ ਦੇਣ ਤੇ ਕਹਾਣੀ ਧਾਰਾ ਦਾ ਧੰਨਵਾਦ।

ਪੁਰਾਣੀ ਤੇ ਤੰਗ ਸੋਚ ਦੇ ਧਾਰਨੀ ਆਪਣੇ ਲੋਕਾਂ ਤੋਂ ਮਾਯੂਸ ਹੋਏ ਡਾ. ਏ. ਐਸ. ਬਾਠ ਸਕਾਟਲੈਂਡ ਵਾਪਸ ਚਲੇ ਜਾਣ ਲਈ ਤਿਆਰ ਹੋ ਜਾਂਦੇ ਹਨ। ਉਸਨੇ ਆਪਣੇ ਵਿਗਿਆਨਕ ਤਰੀਕੇ ਨਾਲ ਆਪਣੇ ਪਿੰਡ ਦੇ ਲੋਕਾਂ ਨੂੰ ਜਾਗਰੂਕ ਕਰਨ ਦੀ ਬੇਹੱਦ ਕੋਸ਼ਿਸ਼ ਕੀਤੀ। ਪਰ ਉਸ ਦੇਖਿਆ ਇਹ ਲੋਕ ਤਾਂ ਲਕੀਰ ਦੇ ਫ਼ਕੀਰ ਹੀ ਹਨ। ਉੱਚਾ ਉੱਠਣ ਨੂੰ ਤਿਆਰ ਹੀ ਨਹੀਂ। ਉਹ ਮਾਯੂਸ ਹੋ ਜਾਂਦਾ ਹੈ। ਅਜਮੇਰ ਸਿੱਧੂ ਦੀ ਇਹ ਕਹਾਣੀ 'ਅੰਨੇ ਸੁਜਾਖੇ' ਚੰਗੀ ਜਾਪੀ।

ਐਤਕੀਂ ਸਰੂਪ ਸਿਆਲਵੀ ਦੀ ਕਹਾਣੀ 'ਚਾਰ ਤੱਤ ਦਾ ਪੂਤਲਾ' ਕੁਝ ਜ਼ਿਆਦਾ ਹੀ ਲਮਕਾਈ ਹੋਈ ਲੱਗੀ। ਪੂਰਾ ਪ੍ਰਭਾਵ ਨਹੀਂ ਪਾ ਸਕੀ। ਅਜੇ ਉਸ ਕਹਾਣੀ ਤੇ ਇੱਕ ਦੋ ਗੋਡੀਆਂ ਕਰਨ ਦੀ ਲੋੜ ਹੈ। 'ਦਿਲ ਤੋਂ ਬੱਚਾ ਹੈ' ਅਜਾਇਬ ਸਿੰਘ 'ਚੱਠਾ' ਦੀ ਕਹਾਣੀ ਵੀ ਪਿਆਰੀ ਸੀ। ਦਿਲ ਨੂੰ ਛੂਹਦੀ ਸੀ। ਜਦੋਂ ਪਿਆਰ ਦੇ ਦੋ ਦਿਲ 'ਕੱਠੇ ਹੁੰਦੇ ਹਨ ਤਾਂ ਉਨ੍ਹਾਂ 'ਚ ਬਚਪਨ ਵਾਲੀਆਂ ਅਠਖੇਲੀਆਂ ਆਪ ਮੁਹਾਰੀਆਂ ਹੀ ਛੜੱਪੇ ਮਾਰਨ ਲੱਗ ਪੈਂਦੀਆਂ ਹਨ। ਉਦੋਂ ਭਾਵੇਂ ਬੰਦਾ ਉਮਰ ਦੇ ਕਿਸੇ ਵੀ ਦੌਰ 'ਚ ਕਿਉਂ ਨਾ ਹੋਵੇ। ਗੁਰਬਿੰਦਰ ਕੌਰ ਬਰਾੜ ਨੇ ਬੜੀ ਮਿਹਨਤ ਨਾਲ ਨਾਵਲ ਦਾ ਵਿਸ਼ਲੇਸ਼ਣ ਕੀਤਾ ਹੈ।

- **ਡਾ. ਕਰਮਜੀਤ ਸਿੰਘ ਨਡਾਲਾ**, ਵਾਲੀਆ ਹਸਪਤਾਲ, ਨਡਾਲਾ,



# ਪਾਠਕਾਂ ਦੇ ਧਿਆਨ ਹਿੱਤ

ਆਪ ਜੀ ਦੇ 'ਕਹਾਣੀ ਧਾਰਾ'-40 (ਜਨਵਰੀ-ਮਾਰਚ, 2016) ਵਿਚ ਸ੍ਰੀ ਬਲਦੇਵ ਸਿੰਘ ਬੱਦਨ ਵੱਲੋਂ ਡਾ. ਮਹਿੰਦਰ ਕੌਰ ਗਿੱਲ ਨੂੰ ਭੇਜੇ ਇਕ ਖ਼ਤ ਵਿਚ ਮੇਰੇ ਸਬੰਧੀ ਪੰਜਾਬੀ ਸਾਹਿਤ ਸਭਾ ਦਿੱਲੀ ਤੋਂ ਆਪਣੇ ਅਭਿਨੰਦਰ ਗ੍ਰੰਥ ਲਈ ਡੇਢ ਲੱਖ ਰੁਪਿਆ ਪ੍ਰਾਪਤ ਕਰਨ ਦੀ ਨਿਰਮੂਲ ਟਿੱਪਣੀ ਛਪੀ ਹੈ। ਇਸ ਤੋਂ ਪਹਿਲੇ ਕਿਸੇ ਅੰਕ ਵਿਚ ਵੀ ਇਕ ਲੱਖ ਰੁਪਏ ਮੇਰੇ ਅਭਿਨੰਦਨ ਗ੍ਰੰਥ ਲਈ ਮੇਰੇ ਵੱਲੋਂ ਪ੍ਰਾਪਤ ਕਰਨ ਦਾ ਬਲਦੇਵ ਸਿੰਘ ਬੱਦਨ ਨੇ ਜ਼ਿਕਰ ਕੀਤਾ ਸੀ। ਸਮਝ ਨਹੀਂ ਆਉਂਦੀ ਕਿ ਇਹ ਦੋਵੇਂ ਟਿੱਪਣੀਆਂ ਵਿਚ ਅੰਕੜੇ ਵੱਖਰੇ ਹਨ ਜਦਕਿ ਮੈਂ ਪੰਜਾਬੀ ਸਾਹਿਤ ਸਭਾ ਦਿੱਲੀ ਤੋਂ ਆਪਣੇ ਅਭਿਨੰਦਨ ਗ੍ਰੰਥ ਲਈ ਕਦੇ ਵੀ ਕੋਈ ਰਕਮ ਨਾ ਮੰਗੀ ਹੈ ਤੇ ਨਾ ਵਸੂਲ ਕੀਤੀ ਹੈ। ਪਰ ਬੱਦਨ ਸਾਹਿਬ ਵੱਲੋਂ ਤੁਹਾਡੇ 'ਕਹਾਣੀ ਧਾਰਾ' ਵਿਚ ਦੋ ਵਾਰ ਰਕਮ ਅਭਿਨੰਦਨ ਗ੍ਰੰਥ ਲਈ ਰਕਮ ਵਸੂਲ ਕਰਨ ਸਬੰਧੀ ਟਿੱਪਣੀ ਨੇ ਜਿੱਥੇ ਮੈਨੂੰ ਮਾਨਸਿਕ ਕਸ਼ਟ ਪਹੁੰਚਾਇਆ ਹੈ, ਉਥੇ ਮੇਰੇ ਲੇਖਕ ਦੋਸਤਾਂ, ਰਿਸ਼ਤੇਦਾਰਾਂ ਤੇ ਹੋਰ ਨਿਕਟ ਵਰਤੀਆਂ ਵਿਚ ਮੇਰੀ ਖਾਹਮਖਾਹ ਬਦਨਾਮੀ ਹੋਈ ਹੈ।

ਹਾਂ, ਪੰਜਾਬੀ ਸਾਹਿਤ ਸਭਾ ਦਿੱਲੀ ਦੇ ਕਹਿਣ ਤੇ ਸੁਖਬੀਰ ਜੀ ਦੇ ਸਮ੍ਰਿਤੀ ਗ੍ਰੰਥ ਕੰਪੋਜ਼ ਕਰਨ ਤੇ ਛਾਪਣ ਲਈ ਇਕ ਵਾਰ ਪੰਜਾਬੀ ਸਾਹਿਤ ਸਭਾ ਦਿੱਲੀ ਨੇ ਮੈਨੂੰ ਇੱਕ ਲੱਖ ਰੁਪਏ ਦਾ ਚੈੱਕ ਭੇਜਿਆ ਸੀ ਜੋ ਮੈਂ ਆਪਣੀ ਸਿਹਤ ਠੀਕ ਨਾ ਹੋਣ ਕਾਰਨ ਸੁਖਬੀਰ ਸਮ੍ਰਿਤੀ ਗ੍ਰੰਥ ਨਾ ਛਾਪਣ ਕਾਰਨ ਮੇਰੇ ਕੋਲ ਇਕੱਤਰ ਗ੍ਰੰਥ ਸਬੰਧੀ ਸਾਰੀ ਸਮੱਗਰੀ ਮੈਂ ਪੰਜਾਬੀ ਸਾਹਿਤ ਸਭਾ ਦਿੱਲੀ ਨੂੰ ਰਜਿਸਟਰਡ ਪਾਰਸਲ ਕਰਕੇ ਭੇਜ ਦਿੱਤੀ ਸੀ ਅਤੇ ਇਕ ਲੱਖ ਰੁਪਏ ਦੀ ਰਾਸ਼ੀ ਬੈਂਕ ਡਰਾਫਟ ਰਾਹੀਂ ਪੰਜਾਬੀ ਸਾਹਿਤ ਸਭਾ ਦਿੱਲੀ ਨੂੰ ਵਾਪਸ ਕਰ ਦਿੱਤੀ ਸੀ। ਇਸ ਲਈ ਸ੍ਰੀ ਬਲਦੇਵ ਸਿੰਘ ਬੱਦਨ ਅਤੇ ਤੁਹਾਨੂੰ ਇਹ ਗ਼ਲਤ ਬਿਆਨੀ ਵਾਪਸ ਲੈਣੀ ਚਾਹੀਦੀ ਹੈ ਅਤੇ ਜਨਤਕ ਤੌਰ ਤੇ ਆਪਣੀ ਇਸ ਭੁੱਲ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਇਹ ਸੂਚਨਾ ਆਪ ਨੂੰ ਆਪਣੇ ਪਰਚੇ 'ਕਹਾਣੀ ਧਾਰਾ' ਵਿਚ ਛਾਪ ਕੇ ਕੀਤੀ ਗ਼ਲਤੀ ਨੂੰ ਦਰੁਸਤ ਕਰਨਾ ਚਾਹੀਦਾ ਹੈ।

**- ਐੱਸ ਤਰਸੇਮ, ਮਿਤੀ 8-2-2016**

*(ਮਿਤੀ 22-8-2012 ਹਵਾਲਾ PSS/ 2012 ਨੂੰ ਕਰਨਜੀਤ ਸਿੰਘ ਵੱਲੋਂ ਐੱਸ ਤਰਸੇਮ ਨੂੰ ਲਿਖੀ ਚਿੱਠੀ ਜਿਸ ਵਿਚ ਇਕ ਲੱਖ ਰੁਪਏ ਦੀ ਰਾਸ਼ੀ ਦੇਣ ਬਾਰੇ ਜਿਕਰ ਹੈ। ਅਤੇ ਫਿਰ 17-4-13 ਨੂੰ ਡਾ. ਐੱਸ ਤਰਸੇਮ ਵੱਲੋਂ ਰੇਣੂਕਾ ਸਿੰਘ ਨੂੰ ਲਿਖੀ ਚਿੱਠੀ ਜਿਸ ਵਿਚ ਸੁਖਬੀਰ ਸਿਮ੍ਰਤੀ ਗ੍ਰੰਥ ਲਈ ਪਹਿਲੀ ਕਿਸ਼ਤ ਵਜੋਂ 50 ਹਜ਼ਾਰ ਦੀ ਮੰਗ ਕੀਤੀ ਗਈ ਸੀ ਅਤੇ ਉਪਰੰਤ 30-4-2013 ਹਵਾਲਾ ਨੰ PSS/2013 ਨੂੰ ਕੈਨਰਾ ਬੈਂਕ ਦਾ 50 ਹਜ਼ਾਰ ਦਾ ਚੈਕ ਨੰ. 094498/ 29.4.13 ਕਰਨਜੀਤ ਸਿੰਘ ਵੱਲੋਂ ਭੇਜਣ ਦੀ ਚਿੱਠੀ ਆਦਿ ਨੂੰ ਅਧਾਰ ਬਣਾ ਕੇ ਲਿਖਿਆ ਗਿਆ ਸੀ। ਉਸ ਤੋਂ ਬਾਅਦ ਵਿਚ ਸਭਾ ਤੇ ਸ੍ਰੀ ਐੱਸ ਤਰਸੇਮ ਵਿਚਕਾਰ ਜੋ ਚਿੱਠੀ ਪੱਤਰ ਹੋਇਆ ਉਹਦਾ ਰਿਕਾਰਡ ਸਾਡੇ ਕੋਲ ਨਹੀਂ ਹੈ, ਹਾਂ ਸਭਾ ਕੋਲ ਜ਼ਰੂਰ ਹੋਵੇਗਾ। ਐੱਸ ਤਰਸੇਮ ਜੀ ਦੀ ਉਪਰੋਕਤ ਚਿੱਠੀ ਦੇ ਅਧਾਰ ਤੇ ਅਸੀਂ ਮੰਨ ਲੈਂਦੇ ਹਾਂ ਕਿ ਉਨ੍ਹਾਂ ਨੇ ਸਾਰੀ ਰਕਮ ਵਾਪਸ ਕਰ ਦਿੱਤੀ ਸੀ। ਹੁਣ ਸੁਖਬੀਰ ਸਿਮ੍ਰਤੀ ਗ੍ਰੰਥ ਕਿਸੇ ਹੋਰ ਵਿਦਵਾਨ ਦੇ ਨਾਂ ਹੇਠ ਵੀ ਛਪ ਗਿਆ ਹੈ। ਸ੍ਰੀ ਐੱਸ ਤਰਸੇਮ ਜੀ ਦੀਆਂ ਭਾਵਨਾਵਾਂ ਦਾ ਖਿਆਲ ਰੱਖਦਿਆਂ ਹੋਇਆ ਅਦਾਰਾ 'ਕਹਾਣੀ ਧਾਰਾ' ਅਤੇ ਸ੍ਰੀ ਬਲਦੇਵ ਸਿੰਘ 'ਬੱਧਨ' ਇਸ ਗਲਤੀ ਨੂੰ ਦਰੁਸਤ ਕਰਦਾ ਹੈ। ਅਸੀਂ ਇਸ ਪ੍ਰਸੰਗ ਨੂੰ ਵਾਪਸ ਲੈਂਦੇ ਹਾਂ । 'ਕਹਾਣੀ ਧਾਰਾ' ਦੇ ਪਾਠਕ ਧਿਆਨ ਦੇਣ। -**ਸੰਪਾਦਕ 'ਕਹਾਣੀ ਧਾਰਾ'**)*